# ਸਾਕਾ ਕੋਮਾਗਾਟਾ ਮਾਰੂ



ਪ੍ਰੋ. ਮਲਵਿੰਦਰ ਜੀਤ ਸਿੰਘ ਵੜੈਚ

ਜੰਮ ਪਲ:
ਪਿੰਡ ਲੱਧੇਵਾਲਾ ਵੜੈਚ, ਜ਼ਿਲ੍ਹਾਂ ਗੁਜਰਾਂਵਾਲਾ
ਹੁਣ: ਪਿੰਡ ਸਕੇਤੜੀ, ਨੇੜੇ ਸੁਖਨਾ ਝੀਲ, ਪੰਚਕੂਲਾ -134109
ਫੋਨ: 0172-2556314, 6576116
ਈਮੇਲ: mjswaraich29@gmail.com

ਮਲਵਿੰਦਰ ਜੀਤ ਸਿੰਘ ਵੜੈਚ ਨੇ ਅੰਗ੍ਰੇਜ਼ੀ, ਇਤਿਹਾਸ, ਰਾਜਨੀਤੀ ਵਿਗਿਆਨ, ਅਰਥ ਸ਼ਾਸਤਰ ਅਤੇ ਸਮਾਜ ਸ਼ਾਸਤਰ 'ਚ ਐਮ.ਏ. ਦੀਆਂ ਡਿਗਰੀਆਂ ਪ੍ਰਾਪਤ ਕੀਤੀਆਂ ਹੋਈਆਂ ਹਨ।

30 ਸਾਲ ਗੁਰੂ ਨਾਨਕ ਇੰਜਨੀਅਰਿੰਗ ਕਾਲਜ, ਲੁਧਿਆਣਾ 'ਚ ਪੜ੍ਹਾਉਣ ਪਿੱਛੋਂ, ਨਵੰਬਰ 1989 'ਚ ਰਿਟਾਇਰ ਹੋਏ। ਫਿਰ ਇਨ੍ਹਾਂ ਐੱਲ.ਐੱਲ.ਬੀ. ਕਰਕੇ 1992 'ਚ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ 'ਚ ਵਕਾਲਤ ਸ਼ੁਰੂ ਕੀਤੀ ਅਤੇ ਉਥੇ ਜਨਹਿੱਤ ਪਟੀਸ਼ਨਾਂ (PILs) ਰਾਹੀਂ ਕੂਕਾ ਵਿਦਰੋਹ, ਗ਼ਦਰ ਲਹਿਰ, ਕੋਮਾਗਾਟਾ ਮਾਰੂ ਅਤੇ ਜਲਿਆਂਵਾਲਾ ਬਾਗ਼ ਦੇ ਸ਼ਹੀਦਾਂ ਨੂੰ ਕਾਨੂੰਨੀ ਤੌਰ ਤੇ 'ਸ਼ਹੀਦਾਂ' ਦਾ ਦਰਜਾ ਦਿਵਾਇਆ ਅਤੇ ਸਵਤੰਤਰਤਾ ਸੰਗ੍ਰਾਮੀਆਂ ਦੀਆਂ, ਅੰਗ੍ਰੇਜ਼ ਸਰਕਾਰ ਵੱਲੋਂ ਜ਼ਬਤ ਕੀਤੀਆਂ ਗਈਆਂ ਜ਼ਮੀਨਾਂ ਨੂੰ ਉਨ੍ਹਾਂ ਦੇ ਵਾਰਸਾਂ ਨੂੰ ਵਾਪਿਸ ਦੁਆਈਆਂ।

ਇਹ ਪਹਿਲੀ ਵਾਰ, 6 ਜੂਨ 1966 ਨੂੰ ਬਾਬਾ ਸੋਹਨ ਸਿੰਘ ਭਕਨਾ ਦੇ ਸੰਪਰਕ 'ਚ ਆਏ ਸਨ। ਉਸ ਮਗਰੋਂ ਤਾਂ ਇਹ 'ਗ਼ਦਰੀ ਬਾਬਿਆਂ ਦੇ ਮੁਨਸ਼ੀ' ਹੀ ਬਣ ਗਏ।

ਇਨ੍ਹਾਂ ਪਹਿਲੀ ਕਿਤਾਬ, "ਜੀਵਨ ਸੰਗ੍ਰਾਮ: ਆਤਮਕਥਾ ਬਾਬਾ ਸੋਹਨ ਸਿੰਘ ਭਕਨਾ" ਉਰਦੂ ਤੋਂ ਪੰਜਾਬੀ ਵਿੱਚ ਅਨੁਵਾਦ ਕਰਕੇ 1967 ਵਿੱਚ ਛਪਵਾਈ ਸੀ। ਉਸ ਮਗਰੋਂ ਕ੍ਰਾਂਤੀਕਾਰੀਆਂ ਬਾਰੇ ਲਗਭਗ 40 ਕਿਤਾਬਾਂ, ਅੰਗ੍ਰੇਜ਼ੀ, ਪੰਜਾਬੀ ਅਤੇ ਹਿੰਦੀ 'ਚ ਛਪਵਾ ਚੁਕੇ ਹਨ ਅਤੇ ਇਹ ਸਿਲਸਿਲਾ ਅੱਜ ਵੀ ਜਾਰੀ ਹੈ।

ਇਸ ਤੋਂ ਇਲਾਵਾ ਇਹਨਾਂ ਨੇ ਕ੍ਰਾਂਤੀਕਾਰੀ ਸੰਗ੍ਰਾਮਾਂ ਦੀ ਇੱਕ ਫ਼ੋਟੋ ਗੈਲਰੀ, "ਨੈਸ਼ਨਲ ਗੈਲਰੀ ਆਫ ਪੋਰਟ੍ਰੇਟਸ" (1857-1947) ਵੀ ਬਨਾਈ ਹੈ, ਜੋ ਸੈਂਟ੍ਰਲ ਸਟੇਟ ਲਾਈਬ੍ਰੇਰੀ, ਸੈਕਟਰ 17, ਚੰਡੀਗੜ੍ਹ 'ਚ ਸੁਸ਼ੋਬਤ ਹੈ।

# ਸਾਕਾ ਕੋਮਾਗਾਟਾ ਮਾਰੂ

**ਮਲਵਿੰਦਰ ਜੀਤ ਸਿੰਘ ਵੜੈਚ**
ਪਿੰਡ ਤੇ ਡਾਕਖਾਨਾ ਸਕੇਤੜੀ,
ਨੇੜੇ ਸੁਖਨਾ ਝੀਲ, ਪੰਚਕੂਲਾ 134109
ਫੋਨ: 0172-2556314, 6576116
ਈਮੇਲ: mjswaraich29@gmail.com

**ਲੇਖਕ ਵੱਲੋਂ ਵਿਸ਼ੇਸ਼ ਧੰਨਵਾਦ**

ਅਜ਼ੀਜ਼ ਸੀਤਾ ਰਾਮ ਬਾਂਸਲ ਦਾ ਤਸਵੀਰਾਂ ਲਈ ਅਤੇ ਅਜ਼ੀਜ਼ ਰਮੇਸ਼ ਕੁਮਾਰ, ਸਹਾਇਕ ਦਾ ਕਿਤਾਬ ਦੀ ਦਿਖ ਸਵਾਰਨ ਲਈ।

Typesetting & Layout:
RAMESH KUMAR, 1285-B, PHASE 10, MOHALI
PH: (0172) 2233331, 09464952065

# ਕੀ? ਕਦੋਂ?

| | | |
|---|---|---|
| 1 | ਪਰਵਾਸ ਦੀ ਸ਼ੁਰੂਆਤ | 1896-97 |
| 2 | ਦਾਖਲੇ ਤੇ ਪਾਬੰਦੀ | 1907-08 |
| 3 | ਜਵਾਬੀ ਕਾਰਵਾਈ | 1913-14 |
| 4 | ਜਹਾਜ਼ ਦੀ ਕੈਨੇਡਾ ਨੂੰ ਰਵਾਨਗੀ | 2 ਮਈ 1914 |
| 5 | ਕੈਨੇਡਾ ਪਹੁੰਚਿਆ | 22 ਮਈ 1914 |
| 6 | ਜਹਾਜ਼ 'ਤੇ ਪੁਲਿਸ ਦਾ ਧਾਵਾ | 19 ਜੁਲਾਈ 1914 |
| 7 | ਜੰਗੀ ਜਹਾਜ਼ 'ਰੇਨਬੋ' ਦਾ ਡਰਾਵਾ | 21 ਜੁਲਾਈ 1914 |
| 8 | ਵਾਪਸੀ ਬਾਰੇ ਸਮਝੌਤਾ — ਖੁਰਾਕ, ਕੋਲੇ ਦੀ ਲਦਾਈ | 22 ਜੁਲਾਈ 1914 |
| 9 | ਵਾਪਸੀ | 23 ਜੁਲਾਈ 1914 |
| 10 | ਗ਼ਦਰ ਪਾਰਟੀ ਵੱਲੋਂ ਐਲਾਨੇ ਜੰਗ | 4 ਅਗਸਤ 1914 |
| 11 | ਬਾਬਾ ਭਕਨਾ ਨਾਲ ਯੋਕੋਹਾਮਾ ਵਿਖੇ ਮਿਲਾਪ | 16 ਅਗਸਤ 1914 |
| 12 | ਕੋਬੇ | 21 ਅਗਸਤ 1914 |
| 13 | ਸਿੰਗਾਪੁਰ | 16-19 ਸਤੰਬਰ 1914 |
| 14 | ਕਲਕੱਤੇ - ਹੁਗਲੀ ਦਰਿਆ ਵਿੱਚ ਜਹਾਜ਼ ਦਾ ਰੋਕੇ ਜਾਣਾ | 26 ਸਤੰਬਰ 1914 |
| 15 | ਜਹਾਜ ਦੀ ਤਲਾਸ਼ੀ | 27-28 ਸਤੰਬਰ 1914 |
| 16 | ਬਜ ਬਜ ਦਾ ਘਲੂਘਾਰਾ | 29 ਸਤੰਬਰ 1914 |
| 17 | (211) ਮੁਸਾਫਰਾਂ ਦੀ ਗ੍ਰਿਫਤਾਰੀ ਮੁਕੰਮਲ ਹੋਈ | 10 ਅਕਤੂਬਰ 1914 |
| 18 | ਲੇਖਕ ਵੱਲੋਂ ਕੋਮਾਗਾਟਾ ਮਾਰੂ ਦੇ ਜਹਾਜ਼ੀਆਂ ਨੂੰ ਆਜ਼ਾਦੀ ਸੰਗ੍ਰਾਮੀਆਂ ਵਜੋਂ ਮਾਨਤਾ ਦੁਆਣ ਲਈ ਜਨਹਿਤ ਪਟੀਸ਼ਨ (P.I.L.) ਦਾਇਰ | 23 ਜੁਲਾਈ 2003 |
| 19 | ਬੀ.ਜੇ.ਪੀ. ਸਰਕਾਰ ਵੱਲੋਂ ਸਾਫ਼ ਇਨਕਾਰ | 14 ਫਰਵਰੀ 2004 |
| 20 | ਲੇਖਕ ਵੱਲੋਂ ਮੋੜਵਾ ਜਵਾਬ | 23 ਮਾਰਚ 2004 |
| 21 | ਪਟੀਸ਼ਨ ਕਾਮਯਾਬ | 15 ਦਸੰਬਰ 2011 |

(Writ No. C.W.P. 8377 of 2003; Filed on 23 July 2003 at Hon'ble Punjab & Haryana High Court, Chandigarh; Decided on 15.12.2011)

# ਤਤਕਰਾ


1 ਚਲੋ ਚਲੀਏ ਕੈਨੇਡਾ! ......................................................9

2 ਏਸ਼ੀਆਈ ਮਾੜੇ, ਹਿੰਦੀ ਘੱਟੀਆ ........................................15

3 ਨਿੱਜੀ ਮਸਲਾ ਬਣਿਆ ਕੌਮੀ ..............................................29

4 ਵੈਨਕੂਵਰ — ਜ਼ੋਰ ਅਜ਼ਮਾਈ ............................................41

5 ਪੁਠੇ ਪੈਰੀਂ ਵਾਪਸ: ਸਰਕਾਰ ਹੋਈ ਪੱਬਾਂ ਭਾਰ ..............................64

6 ਮੁਸਾਫਰਾਂ ਦੇ ਵੇਰਵੇ .......................................................85

ਅੰਤਿਕਾ-1: ਬਾਬਾ ਗੁਰਦਿੱਤ ਸਿੰਘ .......................................112

1

## ਚਲੋ ਚਲੀਏ ਕੈਨੇਡਾ !

ਅਠਾਰ੍ਹਵੀਂ ਸਦੀ ਦੇ ਸ਼ੁਰੂ ਵਿੱਚ ਅੰਗ੍ਰੇਜ਼ਾਂ ਨੇ ਆਪਣੀ ਵੱਧਦੀ ਆਬਾਦੀ ਦੀਆਂ ਵੱਧਦੀਆਂ ਲੋੜਾਂ ਦੀ ਪੂਰਤੀ ਲਈ ਅਮਰੀਕਨ ਮਹਾਂਦੀਪ ਵਾਲੀ ਲਗਭਗ ਗ਼ੈਰ ਆਬਾਦ ਧਰਤੀ ਤੇ ਪੈਰ ਜਾ ਪਸਾਰੇ; ਉਥੋਂ ਦੇ ਟਾਵੇਂ-ਟਾਵੇਂ ਮੂਲਵਾਸੀ ਅਜੇ ਜੰਗਲੀ ਅਵਸਥਾ ਵਿੱਚ ਹੀ ਵਿਚਰ ਰਹੇ ਸਨ, ਜਿਨ੍ਹਾਂ ਤੇ ਇਹ ਚੁਸਤ-ਚਾਲਾਕ ਧੱਕੜ ਗੋਰੇ ਸਹਿਜੇ ਹੀ ਭਾਰੂ ਹੋ ਗਏ। ਅਗੋਂ ਲੰਡਨ ਸਰਕਾਰ ਵੀ ਐਨੀ ਜਾਬਰ ਸੀ ਕਿ ਇਹਨਾਂ ਪਰਵਾਸੀ ਗੋਰਿਆਂ ਨਾਲ ਮਤਰੇਈ ਮਾਂ ਵਾਲਾ ਸਲੂਕ ਕਰਨ ਲੱਗੀ ਤੇ ਖਾਸ ਕਰਕੇ ਆਪਸੀ ਵਿਉਪਾਰ ਦੇ ਮਾਮਲੇ 'ਚ ਬੇ ਰੋਕ ਟੋਕ ਇੱਕ ਪਾਸੜ ਨੀਤੀ 'ਤੇ ਚਲਣ ਲੱਗੀ। ਹੁਣ ਚੂੰਕਿ ਪਰਵਾਸੀ ਗੋਰੇ ਵੀ ਇੱਕ ਆਜ਼ਾਦ ਦੇਸ਼ ਦੇ ਹੀ ਜੰਮਪਲ ਸਨ, ਉਹ ਇਸ ਧੱਕੇਸ਼ਾਹੀ ਨੂੰ ਭਲਾ ਕਿਵੇਂ ਬਰਦਾਸ਼ਤ ਕਰਦੇ? ਸਿੱਟੇ ਵੱਜੋਂ ਅਮਰੀਕਾ ਦੀਆਂ 13 ਅੰਗ੍ਰੇਜ਼ੀ ਬਸਤੀਆਂ ਨੇ 1773 ਵਿੱਚ ਬਗ਼ਾਵਤ ਕਰਕੇ ਆਜ਼ਾਦੀ ਹਾਸਲ ਕਰ ਲਈ ਸੀ।

ਪਰ ਕੈਨੇਡਾ ਵਾਸੀ ਗੋਰੇ ਏਸ ਮਾਮਲੇ 'ਚ ਬਹੁਤ ਚਿਰ ਅਵੇਸਲੇ ਹੀ ਰਹੇ, ਸ਼ਾਇਦ ਇਸ ਕਰਕੇ ਵੀ ਕਿ ਉਹਨਾਂ ਦੀ ਵਸੋਂ ਅਜੇ ਟਾਵੀਂ-ਟਾਵੀਂ ਤੇ ਦੂਰ-ਦੁਰਾਡੀ ਥਾਈਂ ਖਿੰਡੀ-ਪੁੰਡੀ ਹੋਈ ਸੀ। ਨਾਲੇ ਅੰਗ੍ਰੇਜ਼ੀ ਸਰਕਾਰ ਨੂੰ ਚੂੰਕਿ ਪਹਿਲਾਂ ਅਮਰੀਕੀ ਗੋਰਿਆਂ ਦੇ ਹੱਥ ਲੱਗ ਚੁੱਕੇ ਹੋਏ ਸਨ, ਏਸ ਲਈ ਉਸ ਨੇ ਵੀ 'ਸਾਰਾ ਜਾਂਦਾ ਵੇਖੀਏ ਤੇ ਅੱਧਾ ਦਈਏ ਵੰਡ' ਦੀ ਨੀਤੀ ਅਪਣਾਉਂਦਿਆਂ ਕੈਨੇਡਾ ਨੂੰ ਨੀਮ-ਖ਼ੁਦ ਮੁਖ਼ਤਾਰੀ (Dominion Status) ਦਾ ਦਰਜਾ ਦੇ ਦਿੱਤਾ, ਜਿਸ ਤਹਿਤ ਉਥੋਂ ਦਾ ਮੁੱਖੀ ਗਵਰਨਰ ਜਨਰਲ ਮੁਕੱਰਰ ਤਾਂ ਕਰਦੀ ਸੀ ਵੱਡੀ ਸਰਕਾਰ, ਪਰ ਉਸਦਾ ਸਰਕਾਰੀ ਕੰਮ ਕਾਜ ਵਿੱਚ ਦਖ਼ਲ ਨਹੀਂ ਸੀ ਹੋਣਾ ਤੇ ਇਹੀ ਸਥਿਤੀ ਅੱਜ ਵੀ ਬਰਕਰਾਰ ਹੈ।

ਆਰਥਕ ਪੱਖੋਂ ਵੀ ਅਜੇ ਕੈਨੇਡਾ ਬਹੁਤ ਪਛੜਿਆ ਹੋਇਆ ਸੀ ਤੇ ਇਹ ਵਿਕਾਸ ਦੇ ਮੁੱਢਲੇ ਪੜਾਅ ਵਿਚ ਹੀ ਸੀ, ਜਿਥੇ ਅਜੇ ਗੈਰ-ਆਬਾਦ ਇਲਾਕਿਆ ਨੂੰ ਰਹਿਣ ਯੋਗ ਬਣਾਇਆ ਜਾ ਰਿਹਾ ਸੀ। ਇਹਨਾਂ ਕਾਰਜਾਂ ਲਈ ਮਜ਼ਦੂਰਾਂ ਨੂੰ ਹੱਡ-ਭੰਣਵੀ ਮਿਹਨਤ ਕਰਨੀ ਪੈਂਦੀ ਸੀ, ਜੋ ਗੋਰੇ ਮਜ਼ਦੂਰਾਂ ਦੇ ਵੱਸ ਦਾ ਰੋਗ ਸੀ ਹੀ ਨਹੀਂ, ਤੇ ਨਾਲੇ ਉਹ ਮਹਿੰਗੇ ਬਹੁਤ ਪੈਂਦੇ ਸਨ। ਸੋ ਹੁਣ ਲੋੜ ਸੀ ਸਸਤੇ ਅਤੇ ਸਿਰੜੀ ਹੱਥਾਂ ਦੀ, ਜੋ ਏਸ਼ੀਆਈ ਵਸੋਂ 'ਚੋਂ ਹੀ ਮਿਲ ਸਕਦੇ ਸਨ।

ਇਸ ਸਿਲਸਿਲੇ 'ਚ ਸਭ ਤੋਂ ਪਹਿਲਾਂ ਤਾਂ ਏਸ਼ੀਆ 'ਚੋਂ ਚੀਨੀ ਮਜ਼ਦੂਰ ਉਨ੍ਹੀਵੀਂ ਸਦੀ ਦੇ ਅੱਧ ਪਿਛੋਂ ਉਥੇ ਪਰਵਾਸ ਕਰਨ ਲੱਗੇ; ਕੁਝ ਹੀ ਸਮੇਂ ਬਾਅਦ ਫਿਰ ਜਾਪਾਨੀਆਂ ਨੇ ਵੀ ਉਥੇ ਜਾਣਾ ਸ਼ੁਰੂ ਕਰ ਦਿੱਤਾ, ਹਾਲਾਂਕਿ ਮੁਕਾਬਲਤਨ ਉਹਨਾਂ ਦੀ ਗਿਣਤੀ ਚੀਨੀਆਂ ਨਾਲੋਂ ਬਹੁਤ ਘੱਟ ਸੀ।

ਭਾਰਤਵਾਸੀ ਇਸ ਮਾਮਲੇ ਵਿੱਚ ਬਹੁਤ ਪਛੜ ਕੇ, ਭਾਵ ਉਨੀਵੀਂ ਸਦੀ ਦੇ ਅਖੀਰਲੇ ਸਾਲਾਂ ਵਿੱਚ ਹੀ ਸ਼ਾਮਿਲ ਹੋਏ, ਉਹ ਵੀ ਇੱਕ ਤਰ੍ਹਾਂ ਦੇ ਮੌਕਾ ਮੇਲ ਕਰਕੇ; ਇਹ ਸਬੱਬ ਇਸ

ਤਰ੍ਹਾਂ ਬਣਿਆ ਕਿ 1896-97 ਦਾ ਸਾਲ ਬਰਤਾਨੀਆ ਦੀ ਮਲਕਾ ਵਿਕਟੋਰੀਆ ਦੀ ਗੋਲਡਨ ਜੁਬਲੀ ਦੇ ਜਸ਼ਨ ਵਜੋਂ ਮਨਾਇਆ ਗਿਆ ਤੇ ਉਹ ਵੀ ਐਡੀ ਵੱਡੀ ਪੱਧਰ ਤੇ ਕਿ ਸ਼ਾਇਦ ਹੀ ਪਹਿਲਾਂ ਕਦੇ ਬਰਤਾਨੀਆ ਅੰਦਰ ਕਿਸੇ ਬਾਦਸ਼ਾਹ ਜਾਂ ਮਲਕਾ ਦਾ ਕੋਈ ਜਸ਼ਨ ਅਜੇਹੀ ਸ਼ਾਨ-ਸ਼ੌਕਤ ਨਾਲ ਮਨਾਇਆ ਗਿਆ ਹੋਵੇਗਾ।

ਗੋਰੇ ਹਾਕਮਾਂ ਨੇ ਇਸ ਮੌਕੇ ਨੂੰ ਆਪਣੀ ਵਿਸ਼ਵ ਵਿਆਪੀ ਸਰਦਾਰੀ ਦਾ ਵਿਖਾਵਾ ਕਰਨ ਲਈ ਤੇ ਨਾਲੇ ਇਹ ਦਰਸਾਉਣ ਲਈ ਵੀ ਵਰਤਿਆ ਕਿ ਵੇਖੋ ਸਾਡੀ ਸਭ ਤੋਂ ਵੱਡੀ ਅਤੇ ਸਿਰਮੌਰ ਕਾਲੋਨੀ, ਭਾਵ ਹਿੰਦੋਸਤਾਨ ਦੀ ਪਰਜਾ ਸਾਡੀ ਕਿਤਨੀ ਵਫ਼ਾਦਾਰ ਹੈ, ਤੇ ਖਾਸ ਕਰਕੇ ਸਿੱਖ ਵਸੋ, ਜਿਸ ਨੇ ਚਾਲੀ-ਪੰਜਾਹ ਵਰ੍ਹੇ ਪਹਿਲਾਂ ਸਾਡੇ ਵਿਰੁੱਧ ਖੌਫ਼ਨਾਕ ਜੰਗ (1848-49) ਲੜੀ ਸੀ, ਅੱਜ ਉਹ ਹੀ ਸਾਡੀ ਢਾਲ ਬਣ ਚੁਕੀ ਹੈ; ਇਸ ਲਿਹਾਜ ਨਾਲ ਦਰਸ਼ਕਾਂ ਨੂੰ ਚਕਾਚੂੰਦ ਕਰਨ ਖਾਤਰ ਰਸਾਲੇ ਦੇ ਘੋੜ ਸਵਾਰਾਂ ਨੂੰ ਉਚੇਚੇ ਤੌਰ ਤੇ ਸਤ ਸਮੁੰਦਰੋਂ ਪਾਰ ਲਿਆਕੇ ਪਰੇਡ ਵਿੱਚ ਸ਼ਾਮਲ ਕਰਾਇਆ ਗਿਆ ਸੀ, ਲਗਭਗ ਇਸੇ ਤਰ੍ਹਾਂ ਹੀ ਜਿਵੇਂ ਅੱਜ-ਕੱਲ ਭਾਰਤ 'ਚ 26 ਜਵਨਰੀ ਵਾਲੀ ਇੰਡੀਆ ਗੇਟ ਵਾਲੀ ਪਰੇਡ ਵੇਲੇ ਵੱਡੇ-ਵੱਡੇ ਟੈਂਕ ਵਗੈਰਾ ਪ੍ਰਦਰਸ਼ਤ ਕੀਤੇ ਜਾਂਦੇ ਹਨ।



ਸਿੱਖ ਫ਼ੌਜੀਆਂ ਦੇ ਵਾਪਸੀ ਸਫ਼ਰ ਵੇਲੇ ਇਹਨਾਂ ਨੂੰ ਬਜਾਏ ਸਿੱਧੇ ਰਸਤੇ, ਭਾਵ ਸੁਏਜ਼ ਨਹਿਰ (Suez Canal) ਵੱਲੋਂ ਭੇਜਣ ਦੇ ਇਹਨਾਂ ਦੇ ਜਹਾਜ਼ਾਂ ਨੂੰ ਕੈਨੇਡਾ ਦੇ ਪੂਰਬੀ ਸਾਹਿਲ ਤੇ ਸਿਥਤ ਕਿਊਬੇਕ ਸੂਬੇ ਦੀ ਮੌਂਟਰੀਅਲ ਬੰਦਰਗਾਹ ਤੇ ਉਤਾਰ ਕੇ ਰੇਲ ਗੱਡੀਆਂ ਰਾਹੀਂ ਕੈਨੇਡਾ ਦੇ ਪੱਛਮੀ ਸਿਰੇ ਦੇ ਬ੍ਰਿਟਿਸ਼ ਕੋਲੰਬੀਆ




1907 'ਚ ਰਾਣੀ ਵਿਕਟੋਰੀਆ ਦੇ ਡਾਇਮੰਡ ਜੁਬਲੀ ਸਮਾਰੋਹ 'ਚ ਹਿੱਸਾ ਲੈਣ ਤੋਂ ਬਾਅਦ ਸਿੱਖ ਫ਼ੌਜੀ ਵੈਨਕੂਵਰ ਦੇ ਬਾਜ਼ਾਰਾਂ ਵਿੱਚ।



ਸੂਬੇ ਦੀ ਵੈਨਕੂਵਰ ਬੰਦਰਗਾਹ ਤੇ ਜਾ ਉਤਾਰਿਆ। ਇਹ ਸਫ਼ਰ ਐਨਾ ਲੰਮਾ ਸੀ ਜਿਸ ਨੂੰ ਤੈਅ ਕਰਨ ਵਿੱਚ ਕਈ ਦਿਨ ਲੱਗੇ ਹੋਣਗੇ; ਇਹਨਾਂ ਫ਼ੌਜੀਆਂ 'ਚੋਂ ਬਹੁਤੇ ਕਿਸਾਨ-ਜ਼ਿਮੀਂਦਾਰ ਪਰਿਵਾਰਾਂ 'ਚੋਂ ਹੀ ਸਨ, ਸੋ ਉਹਨਾਂ ਜਦੋਂ ਸੈਕੜੇ ਮੀਲ ਗੈਰ-ਆਬਾਦ ਪਰ ਹਰੀ-ਭਰੀ ਧਰਤੀ ਨੂੰ ਨਿਹਾਰਿਆ ਤਾਂ ਉਹਨਾਂ ਅੰਦਰ ਜ਼ਿਮੀਂਦਾਰ ਵਾਲਾ ਉਪਜਾਊ ਅਤੇ ਮੋਕਲੀ ਧਰਤੀ ਸਬੰਧੀ ਮੋਹ ਠਾਠਾ ਮਾਰਨ ਲੱਗਾ; ਬਹੁਤਿਆਂ ਨੇ ਉਦੋਂ ਹੀ ਮਨ ਬਣਾ ਲਿਆ ਕਿ ਉਹ ਨੌਕਰੀ ਛੱਡ ਕੇ ਇਥੇ ਹੀ ਆ ਵਸਣਗੇ, ਬਲਕਿ ਸ਼ੈਦ ਕੁਝ ਕੁ ਤਾਂ ਰਸਤੇ ਵਿੱਚ ਚੁਪਚਾਪ ਹਾਂਗਕਾਂਗ ਬੰਦਰਗਾਹ ਤੇ ਹੀ ਜਹਾਜ਼ੋਂ ਉਤਰ ਗਏ ਤੇ ਭਾਰਤ ਪਰਤੇ ਹੀ ਨਹੀਂ; ਤੇ ਉਧਰੋਂ ਪਰਵਾਸ ਕਰ ਗਏ। ਬਸ ਫਿਰ ਕੀ ਸੀ, ਵੇਖੋ-ਵੇਖੀ ਵੀਹਵੀਂ ਸਦੀ ਦੇ ਸ਼ੁਰੂ ਦੇ ਸਾਲਾਂ ਵਿੱਚ ਸਾਬਕਾ ਸਿੱਖ ਫ਼ੌਜੀ ਪੰਜਾਬ ਤੋਂ ਇਲਾਵਾ ਹਾਂਗਕਾਂਗ, ਸ਼ੰਘਾਈ, ਸਿੰਘਾਪੁਰ ਤੋਂ ਵੀ, ਜਿਹੜੇ ਪਹਿਲਾਂ ਹੀ ਉੱਥੇ ਜਾ ਵੱਸੇ ਸਨ, ਅਤੇ ਜਿੱਥੇ ਕਿ ਉਹਨਾਂ 'ਚੋਂ ਬਹੁਤੇ ਚੌਕੀਦਾਰ ਸਨ ਸਾਰੇ ਕੈਨੇਡਾ ਪਹੁੰਚਣ ਲੱਗੇ, ਕਿਉਂਕਿ ਉਥੇ ਉਹਨਾਂ ਨੂੰ ਕਿਤੇ ਵੱਡੇਰੀ ਕਮਾਈ ਦੀ ਝਾਕ ਸੀ।

**ਤੰਗੀਆਂ ਤੁਰਸ਼ੀਆਂ**

ਪਹਿਲੋਂ-ਪਹਿਲ ਉਥੇ ਪਰਵਾਸ ਕਰਨ ਵਾਲਿਆਂ ਨੂੰ ਉਥੋਂ ਦੇ ਮਾਹੌਲ 'ਚ ਵਿਚਰਨਾ ਅਤੇ ਢੁਕਵਾਂ ਰੋਜ਼ਗਾਰ ਲਭਣਾ ਦੋ ਮੁੱਖ ਚੁਣੌਤੀਆਂ ਸਨ, ਜਿਨ੍ਹਾਂ ਨਾਲ ਉਹਨਾਂ ਇੱਕੋ ਵੇਲੇ ਨਿਬੜਨਾ ਸੀ; ਓਧਰ ਕੈਨੇਡਾ ਦੇ ਕਾਰੋਬਾਰੀ ਮਾਲਕਾਂ ਨੂੰ ਵੀ ਕੋਈ ਥਾਹ ਨਹੀਂ ਸੀ ਕਿ ਇਨ੍ਹਾਂ ਕੋਲੋਂ ਕੀ-ਕੀ ਕੰਮ ਲਿਆ ਜਾ ਸਕਦੈ, ਵਿਚਾਲੇ ਵੱਡੀ ਅੜਿਚਣ ਸੀ ਭਾਸ਼ਾ ਦੀ; ਸੋ ਉਹਨਾਂ ਨੇ ਇਹਨਾਂ ਨੂੰ ਉਨ੍ਹੀਂ ਕੰਮੀਂ ਲਾਣਾ ਸ਼ੁਰੂ ਕਰ ਦਿੱਤਾ, ਜਿਨ੍ਹਾਂ ਨੂੰ ਸਮਝਣ-ਸਮਝਾਉਣ ਦੀ ਖਾਸ ਲੋੜ ਨਾ ਹੋਵੇ। ਕਰਦੇ-ਕਰਾਂਦਿਆਂ ਇਹਨਾਂ ਨੂੰ ਆਰਾ ਮਿੱਲਾਂ 'ਚ ਛਤੀਰੀਆਂ ਲਦਣ, ਉਤਾਰਨ, ਚਿਰਾਉਣ ਵਰਗੇ ਕੰਮਾਂ 'ਤੇ ਲਾਉਣ ਲੱਗ ਪਏ। ਇਸੇ ਤਰ੍ਹਾਂ ਨਵੀਆਂ ਰੇਲਵੇ ਲਾਈਨਾਂ ਵਿਛਾਉਣ ਲਈ ਥਾਂ ਸੁਆਹਰੀ ਕਰਨ, ਭਾਰਾ ਸਾਮਾਨ ਇਧਰ-ਉਧਰ ਖੜਣ, ਵਰਗੇ ਕਾਰਜਾਂ ਵਿੱਚ ਲੱਗਣ ਲੱਗ ਪਏ। ਕੁਝ ਕੁ ਨੂੰ ਜੰਗਲ ਸਾਫ਼ ਕਰਾਕੇ ਬਾਗਬਾਨੀ ਲਈ ਵੀ ਵਰਤਿਆ ਜਾਣ ਲੱਗਾ। ਕਈ ਮਾਲਕ ਤਾਂ ਕੁਝ ਅਜੇਹੇ ਕੰਮ ਵੀ, ਜਿਹੜੇ ਮਸ਼ੀਨਾਂ ਰਾਹੀਂ ਕਰਾਉਣ ਨਾਲੋਂ ਇਹਨਾਂ ਕੋਲੋਂ ਕਰਾਉਣੇ ਸਸਤੇ ਪੈਂਦੇ ਸੀ, ਉਹ ਵੀ ਇਹਨਾਂ ਤੋਂ ਹੀ ਕਰਾਉਣ ਨੂੰ ਤਰਜੀਹ ਦੇਣ ਲੱਗੇ।

ਪਰ ਵੇਖੋ ਜ਼ਿੰਦਗੀ ਦਾ ਵਿਅੰਗ, ਕਿ ਜਿਹੜੀ ਸੁੰਨੀ ਉਪਜਾਊ ਧਰਤੀ ਦੀ ਝਾਕ ਵਿੱਚ ਇਹ ਦੇਸੋਂ ਪ੍ਰਦੇਸ ਆਏ ਸਨ, ਉਹਨਾਂ ਨੂੰ ਉਹਦਾ ਮੂੰਹ ਵੇਖਣਾ ਨਸੀਬ ਨਹੀਂ ਸੀ ਹੋ ਰਿਹਾ, ਹਾਲਾਂਕਿ ਸ਼ਾਇਦ ਜ਼ਿੰਦਗੀ 'ਚ ਪਹਿਲੀ ਵਾਰ ਇਹਨਾਂ ਦਾ ਪੈਸੇ-ਧੇਲੇ ਵਜੋਂ ਕੁਝ ਸਾਹ ਸੁਖਾਲਾ ਹੋਇਆ ਹੋਵੇਗਾ।

ਜਦੋਂ ਇਹਨਾਂ ਦੀਆਂ ਚਿੱਠੀਆਂ-ਪੱਤਰਾਂ ਤੋਂ ਅਤੇ ਘਰ ਪਰਤਦੇ ਵਾਕਫ਼ਕਾਰਾਂ ਤੋਂ ਉਧਰਲੀ ਕਮਾਈ ਦੀ ਪਿੱਛੇ ਚਰਚਾ ਹੋਈ ਤਾਂ ਕਈ ਲੋਕੀ ਕਰਜ਼ਾ ਲੈ, ਜ਼ਮੀਨ ਵੇਚ, ਜਾਇਦਾਦ ਗਿਰਵੀ ਰੱਖ, ਭਾਵ ਜਿਵੇਂ-ਕਿਵੇਂ ਸਫ਼ਰ ਦੇ ਕਿਰਾਏ ਲਈ ਪੈਸੇ ਜੁਟਾ, ਉਧਰ ਜਾਣ ਲੱਗ ਪਏ।

1907 ਦੀ ਇੱਕ ਸਰਕਾਰੀ ਰਿਪੋਰਟ ਅਨੁਸਾਰ ਉਥੋਂ ਦੇ ਕਈ ਮਿੱਲ-ਮਾਲਕਾਂ ਨੇ ਸਸਤੇ ਮਜ਼ਦੂਰ ਜੁਟਾਉਣ ਲਈ ਪੰਜਾਬ ਦੀਆਂ ਅਖ਼ਬਾਰਾਂ ਵਿੱਚ ਇਸ਼ਤਿਹਾਰ ਵੀ ਕੱਢਵਾਏ,



1904 'ਚ ਵੈਨਕੂਵਰ ਵਿੱਖੇ ਜਹਾਜ਼ੋਂ ਉਤਰਦੇ ਪੰਜਾਬੀ

ਜਿਨ੍ਹਾਂ ਰਾਹੀਂ ਪਰਵਾਸ ਲਈ ਪੰਜਾਬੀਆਂ ਨੂੰ ਉਤਸ਼ਾਹਤ ਕੀਤਾ ਗਿਆ। ਸਿੱਟੇ ਵਜੋਂ 1908 ਵਿੱਚ ਕੈਨੇਡਾ ਪਹੁੰਚੇ 'ਹਿੰਦੀਆਂ' ਦੀ ਗਿਣਤੀ ਸਾਲ ਕੁ ਦੇ ਅੰਦਰ 500 ਤੋਂ ਵੱਧ ਕੇ 6000 ਤੱਕ ਪਹੁੰਚ ਗਈ। ਇਹ ਸਾਰੇ ਦੇ ਸਾਰੇ ਇਧਰਲੀਆਂ ਜਾਇਦਾਦਾਂ ਦਾ ਮੋਹ ਤਿਆਗ ਕੇ ਇਸ ਧਾਰਨਾਂ ਨਾਲ ਓਧਰ ਜਾ ਰਹੇ ਸਨ ਕਿ ਉਥੋਂ ਡਾਲਰ ਕਮਾ ਕੇ ਉਹ ਕੁਝ ਹੀ ਚਿਰ ਪਿਛੋਂ ਨਾ ਸਿਰਫ਼ ਆਪਣੀਆਂ ਪਿਛਲੀਆਂ ਗਿਰਵੀ ਰੱਖੀਆਂ ਹੋਈਆਂ ਜਾਇਦਾਦਾਂ ਬਹਾਲ ਹੀ ਕਰਵਾ ਲੈਣਗੇ, ਬਲਕਿ ਉਹਨਾਂ ਵਿੱਚ ਵਾਧਾ ਕਰਨਯੋਗ ਵੀ ਹੋ ਜਾਣਗੇ।

ਇਹਨਾਂ ਹਿੰਦੀਆਂ ਵਿੱਚ 80 ਫੀਸਦੀ ਸਿੱਖ ਸਨ, ਜਿਨ੍ਹਾਂ 'ਚੋਂ ਬਹੁਤੇ ਅੰਮ੍ਰਿਤਸਰ, ਲਾਹੌਰ, ਜਲੰਧਰ, ਲੁਧਿਆਣਾ ਅਤੇ ਫਿਰੋਜ਼ਪੁਰ ਜ਼ਿਲ੍ਹਿਆਂ, ਭਾਵ ਕੇਂਦਰੀ ਪੰਜਾਬ 'ਚੋਂ ਗਏ ਸਨ।

ਓਧਰ ਕੈਨੇਡਾ ਵਿੱਚ ਲਗਭਗ ਇਹ ਸਾਰੇ ਦੇ ਸਾਰੇ ਹੀ ਪਹਿਲਾਂ ਪੱਛਮੀ ਸਾਹਿਲ ਤੇ ਵਾਕਿਆ ਬ੍ਰਿਟਿਸ਼ ਕੋਲੰਬੀਆਂ ਸੂਬੇ ਵਿੱਚ ਹੀ ਗਏ, ਜਿਹੜਾ ਸਭ ਤੋਂ ਪਹਿਲਾਂ ਉਹਨਾਂ ਦੀ ਖਿਚ ਦਾ ਕੇਂਦਰ ਬਿੰਦੂ ਬਣਿਆ ਸੀ, ਤੇ ਵੱਡੀ ਗੱਲ, ਉਥੋਂ ਦੀ ਆਬੋ ਹਵਾ ਲਗਭਗ ਪੰਜਾਬ ਨਾਲ ਹੀ ਰਲ਼ਦੀ-ਮਿਲਦੀ ਸੀ — ਨਾ ਹੱਦੋਂ ਵੱਧ ਪਾਲਾ ਅਤੇ ਨਾ ਹੀ ਗਰਮੀ।

ਹੁਣ ਵੱਡੀ ਸਮਸਿਆ ਸੀ ਸਿਰ ਲੁਕਾਉਣ ਲਈ ਟਿਕਾਣੇ ਦੀ, ਜਿਸ ਲਈ ਮਿੱਲ-ਮਾਲਕਾਂ ਨੇ ਇਹਨਾਂ ਨੂੰ ਮਿਲਾਂ ਦੇ ਅਹਾਤਿਆਂ ਵਿੱਚ ਹੀ ਲਕੜੀ ਦੀਆਂ ਝੁਗੀਆਂ ਬਨਾਉਣ ਲਈ ਥਾਂ ਦੇ ਦਿੱਤੀ, ਜਾਂ ਫਿਰ ਡੰਗਰਾਂ-ਪਸ਼ੂਆਂ ਲਈ ਬਣਾਏ ਵਾੜੇ ਆਦਿ ਇਹਨਾਂ ਦੇ ਰਹਿਣ ਲਈ ਛੱਡ ਦਿੱਤੇ, ਜਿਨ੍ਹਾਂ ਵਿੱਚ ਉਨ੍ਹਾਂ ਨੂੰ ਭੇਡਾਂ-ਬਕਰੀਆਂ ਵਾਂਗ ਤੂੜ ਦਿੱਤਾ ਜਾਂਦਾ ਸੀ। ਆਲੇ-ਦੁਆਲੇ ਖੁਲ੍ਹੇ ਮੈਦਾਨ ਹੋਣ ਕਰਕੇ ਸਿਆਲ ਵਿੱਚ ਠੰਡ ਦਾ ਕਹਿਰ ਵਰਤਦਾ, ਗਰਮੀਆਂ 'ਚ ਲੋਅ ਝਲਣੀ ਪੈਂਦੀ; ਪਾਣੀ ਸਿਰਫ਼ ਪੀਣ ਵਾਸਤੇ ਹੀ ਦਿੱਤਾ ਜਾਂਦਾ ਸੀ ਤੇ ਨਹਾਉਣ-ਧੋਣ ਲਈ ਨਦੀ-ਨਾਲਿਆਂ ਜਾਂ ਛਪੜਾਂ ਦਾ ਆਸਰਾ ਲੈਣਾ ਹੁੰਦਾ ਸੀ। ਹੋਰ ਤਾਂ ਹੋਰ ਜੰਗਲ-ਪਾਣੀ ਲਈ ਵੀ ਮਿੱਲ ਦੇ ਅਹਾਤੇ ਅੰਦਰ ਕੋਈ ਪ੍ਰਬੰਧ ਨਹੀਂ ਸੀ ਹੁੰਦਾ।

ਉਹਨਾਂ ਦਾ ਲੰਗਰ ਸਾਂਝਾ ਹੁੰਦਾ ਸੀ ਅਤੇ ਮਿਲ-ਜੁਲਕੇ ਉਹ ਵਾਰੀ-ਵਾਰੀ ਰੋਟੀ ਪਕਾਂਦੇ ਸਨ। ਕੰਮ-ਕਾਰ ਤੋਂ ਵਿਹਲੇ ਹੋ ਕੇ ਇਹਨਾਂ ਦੇ ਦਿਲ ਬਹਿਲਾਵੇ ਲਈ ਦੂਰ-ਦੂਰ ਤੱਕ ਕੋਈ



ਸਹੂਲਤ ਨਹੀਂ ਸੀ, ਇਸ ਲਈ ਉਹਨਾਂ 'ਚ, ਜਿਹੜੇ ਸ਼ੌਕੀਆ ਹੀ ਢੋਲਕੀ, ਬੰਸਰੀ, ਸਾਰੰਗੀ ਵਗੈਰਾ ਲੈ ਕੇ ਗਏ ਹੋਏ ਸਨ, ਉਹਨਾਂ ਨਾਲ ਹੀ ਗਾ-ਵਜਾ ਲੈਂਦੇ — ਜਿਵੇਂ ਅਸੀਂ ਪੰਜਾਬ ਅੰਦਰ ਪੂਰਬੀਆਂ ਨੂੰ ਰਾਤ ਵੇਲੇ ਇਕੱਠੇ ਹੋਕੇ ਆਪਣੇ ਰਵਾਇਤੀ ਗੀਤ ਗਾਉਂਦਿਆਂ ਵੇਖਦੇ-ਸੁਣਦੇ ਹਾਂ। ਇਸ ਤਰ੍ਹਾਂ ਉਹ ਰਲ਼-ਮਿਲਕੇ ਦਿਨੇ ਕਮਾਈ ਤੇ ਰਾਤੀਂ ਮੌਜ-ਮੇਲਾ ਕਰ ਲਿਆ ਕਰਦੇ ਸਨ।

ਜਦੋਂ ਕੁਝ ਪੈਰਾਂ ਸਿਰ ਹੋ ਗਏ ਤਾਂ ਉਹ ਆਪਣੇ ਰਹਿਣ ਵਾਸਤੇ ਆਪਣੇ ਬਲਬੂਤੇ ਆਬਾਦੀਆਂ 'ਚ ਵਸਣ ਲੱਗ ਪਏ ਅਤੇ ਫਿਰ ਉਹਨਾਂ ਨੂੰ ਆਪਣੇ ਪੂਜਾ-ਅਸਥਾਨਾਂ ਦੀ ਤੋਟ ਵੀ ਸਤਾਉਣ ਲੱਗੀ। ਸ਼ੁਰੂ ਵਿੱਚ ਤਾਂ ਕਈ ਥਾਂਈਂ ਮਿੱਲ-ਮਾਲਕਾਂ ਦੀ ਆਗਿਆ ਨਾਲ ਕੁਝ ਥਾਂ ਲੈ ਕੇ ਕੰਮ-ਚਲਾਉ ਪੂਜਾ ਸਥਾਨ ਬਣਾਏ, ਜਿੱਥੇ ਉਹ ਐਤਵਾਰ ਵਾਲੇ ਦਿਨ ਜਾਂ ਹੋਰ ਛੁੱਟੀ ਵਾਲੇ ਦਿਨਾਂ 'ਚ ਦੀਵਾਨ ਸਜਾਉਂਦੇ ਅਤੇ ਲੰਗਰ ਵੀ ਲਗਾਉਂਦੇ ਸੀ।

1907 'ਚ ਸਿੱਖਾਂ ਲਈ ਉਥੇ ਇੱਕ ਅਨੋਖੀ ਸਮਸਿਆ ਆ ਗਈ ਕਿ ਮ੍ਰਿਤਕ ਦੀ ਦੇਹ ਦਾ ਸੰਸਕਾਰ ਕਿਥੇ ਕੀਤਾ ਜਾਏ, ਕਿਉਂਕਿ ਉਹਨਾਂ 'ਚੋਂ ਇੱਕ ਚੜ੍ਹਾਈ ਕਰ ਗਿਆ ਸੀ, ਅਤੇ ਉਥੇ ਕੋਈ ਸ਼ਮਸ਼ਾਨ ਘਾਟ ਹੈ ਹੀ ਨਹੀਂ ਸੀ। ਵੈਨਕੂਵਰ ਦੇ ਮੇਅਰ ਨੇ ਸ਼ਹਿਰ ਦੀਆਂ ਮਿਉਸੀਪਲ ਹੱਦਾਂ ਅੰਦਰ ਸੰਸਕਾਰ ਦੀ ਮਨਾਹੀ ਕਰ ਦਿੱਤੀ। ਈਸਾਈ ਪਾਦਰੀ ਮ੍ਰਿਤਕ ਦੇਹ ਨੂੰ ਦਫ਼ਨਾਉਣ ਤੇ ਜ਼ੋਰ ਦੇ ਰਹੇ ਸਨ, ਪਰ ਨਾਲ ਹੀ ਕਿਸੇ 'ਕਾਲੇ' ਨੂੰ ਗੋਰਿਆਂ ਦੇ ਕਬਰਸਥਾਨ ਵਿੱਚ ਦਫ਼ਨਾਉਣ ਦੇ ਵੀ ਕੱਟਰ ਵਿਰੋਧੀ ਸਨ। ਭਾਰਤੀਆਂ ਨੇ ਅੱਧੀ ਰਾਤੀਂ ਮ੍ਰਿਤਕ ਦੇਹ ਨੂੰ ਚੁਕਿਆ ਤੇ ਸੰਘਣੇ



1907 'ਚ ਵਿਦੇਸ਼ੀ ਧਰਤੀ 'ਤੇ ਇੱਕ ਸਿੱਖ ਦਾ ਦਾਹ ਸੰਸਕਾਰ ਕਰਦੇ ਹੋਏ ਸਾਥੀ

ਜੰਗਲਾਂ 'ਚ ਲਿਜਾਕੇ ਦਿਨ ਚੜ੍ਹੇ ਸੰਸਕਾਰ ਕੀਤਾ; ਜਿਸ ਮੌਕੇ ਉਹਨਾਂ ਦੇ ਕੁੱਝ ਗੋਰੇ ਸ਼ੁਭ ਚਿੰਤਕ ਵੀ ਉਥੇ ਹਾਜਰ ਸਨ।

ਉਹਨੀਂ ਦਿਨੀਂ ਇੱਕ ਸਾਧਾਰਨ ਕਾਮਾ ਉਧਰ 10 ਰੁਪੈ ਦਿਹਾੜੀ ਕਮਾ ਲੈਂਦਾ ਸੀ। ਇਸ ਕਮਾਈ 'ਚੋਂ ਕੁਝ ਨਾ ਕੁਝ ਬਚਾਕੇ ਉਹਨਾਂ ਕੁਝ ਜਾਇਦਾਦਾਂ ਵੀ ਬਣਾ ਲਈਆਂ ਜੋ 1908 ਵੇਲੇ ਕੋਈ ਦੋ ਕਰੋੜ ਰੁਪੈ ਦੀਆਂ ਹੋਣਗੀਆਂ। 'ਗ਼ੁਲਾਮ' ਭਾਰਤੀਆਂ ਦੀ ਇਹ ਖ਼ੁਸ਼ਹਾਲੀ ਵੇਖ ਕੇ ਕਈ ਗੋਰੇ ਇਹਨਾਂ ਤੋਂ ਈਰਖਾ ਕਰਨ ਲਗ ਪਏ ਤੇ ਵਿਹਲੜ ਗੋਰੇ ਆਪਣੀ ਕਮਾਈ 'ਤੇ ਲੱਤ ਵੱਜਦੀ ਵੇਖ ਇਹਨਾਂ ਨਾਲ ਨਫ਼ਰਤ ਕਰਨ ਲਗੇ। ਸੋ ਉਹਨਾਂ ਭਾਰਤੀਆਂ ਦਾ ਉਥੋਂ ਬੋਰੀਆ-ਬਿਸਤਰਾ ਗੋਲ ਕਰਾਕੇ ਭਾਰਤ ਵਾਪਸੀ ਲਈ ਲੱਕ ਬਨ੍ਹ ਲਿਆ।



ਬ੍ਰਿਟਿਸ਼ ਕੋਲੰਬੀਆ ਦੇ ਬਰਨੇਟ ਸ਼ਹਿਰ 'ਚ ਨਾਰਥਰਨ ਪੈਸੀਫਿਕ ਲਿਊਬਰ ਕੰਪਨੀ ਦੇ ਸਿੱਖ ਮਿੱਲ ਵਰਕਰਜ਼

ਗੱਲ ਇੱਥੇ ਤੱਕ ਪਹੁੰਚ ਗਈ ਕਿ ਜਨਰਲ ਸਵਾਰਨ ਨਾਂ ਦੇ ਇੱਕ ਗੋਰੇ ਨੇ ਖੁਲ੍ਹਮ-ਖੁਲ੍ਹਾ ਐਲਾਨ ਕਰ ਦਿੱਤਾ ਕਿ ਕਿਸੇ ਭਾਰਤੀ ਨੂੰ ਕਿਸੇ ਅੰਗ੍ਰੇਜ਼ੀ ਬਸਤੀ ਵਿੱਚ ਰਹਿਣ ਜਾਂ ਕਾਰੋਬਾਰ ਕਰਨ ਦੀ ਆਗਿਆ ਨਹੀਂ ਹੋਵੇਗੀ; ਗੋਰਿਆਂ ਦੇ ਇੱਕ ਵਰਗ ਵਿੱਚ ਇਹ ਧਾਰਨਾ ਜ਼ੋਰ ਫੜਣ ਲੱਗੀ ਕਿ ਜਿਹੜੇ ਹਿੰਦੀ ਇੱਥੇ ਗੋਰਿਆਂ ਵਰਗੇ ਸ਼ਹਿਰੀ ਹੱਕ ਮਾਣ ਰਹੇ ਹਨ ਉਹ ਆਪਣੇ ਪਿਛਲੇ ਸਾਕਾਂ-ਸੰਬੰਧੀਆਂ ਨੂੰ ਇਹਦੀ ਜਾਣਕਾਰੀ ਦੇ ਰਹੇ ਹੋਣਗੇ, ਜਿਸਦੇ ਸਿੱਟੇ ਵਜੋਂ ਉਹ ਥੁੜਾਂ ਮਾਰੇ ਲੋਕੀ ਇਧਰ ਨੂੰ ਵਹੀਰਾਂ ਘੱਤ ਲੈਣਗੇ, ਜੀਹਦੇ ਨਾਲ ਏਸ਼ੀਆਈਆਂ ਅੰਦਰ ਗੋਰੀਆਂ ਕੌਮਾਂ ਦੀ ਸਾਖ ਮਾਂਦ ਪੈ ਜਾਏਗੀ ਤੇ ਹਿੰਦੋਸਤਾਨ ਅੰਦਰ ਅੰਗ੍ਰੇਜ਼ੀ ਰਾਜ ਦੀ ਪਕੜ ਵੀ ਕਮਜ਼ੋਰ ਪੈ ਜਾਏਗੀ।

ਸਮਕਾਲੀ ਪੰਜਾਬ ਦੇ ਪ੍ਰਸਿੱਧ ਗੋਰੇ ਪੁਲਸੀਏ ਪੈਟਰੀ ਨੇ, ਜੋ ਕੋਮਾਗਾਟਾ ਮਾਰੂ ਦੀ ਕਲਕੱਤੇ ਵਾਪਸੀ ਮੌਕੇ ਉਥੇ ਤਾਈਨਾਤ ਸੀ, ਨੇ ਤਾਂ ਹੀ ਕਿਹਾ ਸੀ:

> "ਇਹ ਇੱਕ ਆਮ ਵਰਤਾਰਾ ਹੈ ਕਿ ਵਿਦੇਸ਼ਾਂ ਤੋਂ ਪਰਤੇ ਭਾਰਤੀ ਅਕਸਰ ਵਿਗੜੀ ਹੋਈ ਰਾਜਸੀ ਸੋਚ ਤੇ ਗੋਰੇ ਹਾਕਮਾਂ ਦੀ ਖਾਸ ਪਰਵਾਹ ਨਾ ਕਰਨ ਵਰਗੀਆਂ ਰੁਚੀਆਂ ਨਾਲ ਲੈਕੇ ਪਰਤਦੇ ਹਨ।"



## 2

# ਏਸ਼ੀਆਈ ਮਾੜੇ, ਹਿੰਦੀ ਘੱਟੀਆ

ਸੁਣੋ ਹਿੰਦੀਓ ਜ਼ਰਾ ਧਯਾਨ ਦੇ ਕੇ, ਗਲਾਂ ਸੁਣਦਿਆਂ ਸਾਰ ਘਬਰਾਵਨਾ ਨਾ।
ਸਾਡਾ ਹਾਲ ਗਰੀਬਾਂ ਦਾ ਦਰਦ ਭਰਿਆ, ਖੋਲ੍ਹ ਦਸਦੇ ਹਾਂ ਮੂੰਹ ਭਵਾਵਨਾ ਨਾ।
'ਗ਼ਦਰ ਗੂੰਜ', ਅਕਤੂਬਰ 1914

ਜਿਵੇਂ ਕਿ ਪਿਛੇ ਜ਼ਿਕਰ ਆਇਆ ਹੈ ਕਿ ਸਭ ਤੋਂ ਪਹਿਲਾਂ ਚੀਨੀ ਅਤੇ ਫਿਰ ਜਾਪਾਨੀ ਕੈਨੇਡਾ ਆਏ ਸਨ। ਉਹ ਰੇਲਵੇ ਲਾਈਨਾਂ ਵਿਛਾਉਣ, ਜੰਗਲ ਆਬਾਦ ਕਰਨ ਅਤੇ ਖਾਨਾਂ ਵਿੱਚ ਲਾਏ ਜਾਣ ਲਗੇ, ਚੂੰਕਿ ਮਾਲਕਾਂ ਨੂੰ ਇਹ ਸਥਾਨਕ ਗੋਰਿਆਂ ਨਾਲੋਂ ਕਿਤੇ ਸਸਤੇ ਪੈਂਦੇ ਸਨ, ਭਾਵ ਇਹਨਾਂ ਦੀ ਦਿਹਾੜੀ ਗੋਰਿਆਂ ਦੇ ਮੁਕਾਬਲੇ ਅੱਧੀ ਤੋਂ ਵੀ ਘੱਟ ਸੀ ਤੇ ਇਸੇ ਕਰਕੇ ਹੀ ਮਾਲਕਾਂ ਤੇ ਗੋਰੇ ਮਜ਼ਦੂਰਾਂ ਵਿਚਾਲੇ ਝਗੜਾ ਚਲ ਪਿਆ; ਹੁਣ ਛੇਤੀ ਹੀ ਗੋਰੇ ਮਜ਼ਦੂਰਾਂ ਨੇ ਹੋਰ ਕੋਈ ਪੇਸ਼ ਨਾ ਜਾਂਦੀ ਵੇਖ ਇਹਨਾਂ ਬਾਹਰਲਿਆਂ ਵਿਰੁੱਧ 'ਜਹਾਦ' ਦਾ ਬਿਗੁਲ ਵਜਾ ਦਿੱਤਾ।

ਤਾਂ ਫਿਰ ਬੀ.ਸੀ. ਦੀਆਂ ਮਜ਼ਦੂਰ ਜਥੇਬੰਦੀਆਂ, ਸਿਆਸਤਦਾਨਾਂ, ਅਖ਼ਬਾਰਾਂ, ਅਤੇ ਇਥੋਂ ਤੱਕ ਕਿ ਪਾਦਰੀਆਂ ਨੇ ਵੀ ਚੀਨੀਆਂ-ਜਾਪਾਨੀਆਂ ਦੀ ਆਮਦ ਦਾ ਸਿਰਤੋੜ ਵਿਰੋਧ ਵਿੱਢ ਲਿਆ। ਇੱਕ ਸਿਰਕੱਢ ਰਸਾਲੇ 'ਪਰੋਵਿੰਸ' (*Province*) ਨੇ ਦੁਹਾਈ ਦਿੱਤੀ ਕਿ ਨਵੇਂ ਆਏ ਲੋਕੀਂ ਤਾਂ ਸਾਡੇ ਤੇ ਹਾਵੀ ਹੋ ਜਾਣਗੇ, ਲਗਭਗ ਇਸੇ ਤਰ੍ਹਾਂ ਹੀ ਜਿਵੇਂ ਅਜੋਕੇ ਪੰਜਾਬ ਅੰਦਰ ਬਾਹਰਲੇ ਸੂਬਿਆਂ ਤੋਂ ਆ ਰਹੀ ਵਸੋਂ ਦੇ ਮੁੱਦੇ ਤੇ ਕਈ ਲੋਕੀ ਵਾਵੇਲਾ ਮਚਾਉਂਦੇ ਹਨ।

**'ਦੀ ਟ੍ਰਿਬਿਊਨ'**

ਲਾਹੌਰ: ਬੁੱਧਵਾਰ, ਜੁਲਾਈ 29, 1914

**ਕੀ ਸੱਚਮੁੱਚ ਹੀ ਪੰਜਾਬੀ ਪਰਵਾਸੀ ਘੱਟੀਆਂ ਹਨ?**

ਵੈਸੇ ਤਾਂ ਅੱਜਕਲ ਬ੍ਰਿਟਿਸ਼ ਕੋਲੰਬੀਆ 'ਚ ਵਸੇ ਪੰਜਾਬੀਆਂ ਵਿਰੁੱਧ ਭੰਡੀ ਪ੍ਰਚਾਰ ਦਾ ਕੋਈ ਹੱਦ, ਬੰਨਾ ਨਹੀਂ ਰਿਹਾ, ਪਰ ਏਸ ਮਾਮਲੇ 'ਚ ਉਥੋਂ ਦੇ ਇੱਕ ਅਖਬਾਰ 'ਵਿਕਟੋਰੀਆ ਕਾਲੋਨਿਸਟ' (*Victoria Colonist*) ਦੀ ਟਿੱਪਣੀ ਆਪਣੀ ਮਿਸਾਲ ਆਪ ਹੀ ਹੈ, ਜੀਹਦੇ ਅਨੁਸਾਰ:—

> "ਜਿਹੜੇ ਸਿੱਖ ਕੁਝ ਕੁ ਸਾਲ ਪਹਿਲਾਂ ਸਾਡੀਆਂ ਬੰਦਰਗਾਹਾਂ ਤੇ ਠਰ੍ਹੂੰ-ਠਰ੍ਹੂੰ ਕਰਦੇ ਸੀ, ਹੁਣ ਉਹ ਵੱਡੇ ਫਾਰਮਾਂ (farms), ਸ਼ਹਿਰੀ ਆਬਾਦੀਆਂ, ਬੰਗਲਿਆਂ, ਮੋਟਰ ਕਾਰਾਂ, ਘੋੜਿਆਂ, ਡੇਅਰੀ ਫਾਰਮਾਂ ਅਤੇ ਲਕੜੀ ਦੇ

ਕਾਰਖਾਨਿਆਂ ਦੇ ਕਰਤਾ ਧਰਤਾ ਬਣੇ ਹੋਏ ਹਨ; ਸਚਾਂ ਦਾ ਸੱਚ ਤਾਂ ਇਹ ਹੈ ਕਿ ਭਾਵੇਂ ਅਸੀਂ ਇਹਨਾਂ ਦੇ ਇੱਥੇ ਵਸੇਬੇ ਦਾ ਇਸ ਲਈ ਵੀ ਵਿਰੋਧ ਕਰ ਰਹੇ ਹਾਂ ਕਿ ਉਹ ਸਾਡੀ ਨਸਲ ਦੇ ਨਹੀਂ, ਜਾਂ ਕਿ ਓਹ ਗ਼ੈਰ ਇਸਾਈ ਹਨ ਪਰ ਸਾਨੂੰ ਜਿਹੜੀ ਚਿੰਤਾ ਵੱਢ-ਵੱਢ ਖਾਈ ਜਾ ਰਹੀ ਹੈ ਓਹ ਇਹ ਹੈ ਕਿ ਇਹ ਲੋਕੀ ਕਿਸੇ ਵੀ ਖੇਤਰ ਵਿੱਚ, ਜਿੱਥੇ ਚਾਹੁਣ ਸਾਨੂੰ ਪਛਾੜ ਸਕਦੇ ਹਨ।"

ਹੋਰ ਕੋਈ ਚਾਰਾ ਨਾ ਜਾਂਦਾ ਵੇਖ ਕਈਆਂ ਨੇ ਇਹ ਸੁਝਾਅ ਦਿੱਤਾ ਕਿ ਉਹੀ ਕੈਨੇਡਾ ਆਵੇ ਜੋ ਕੋਈ ਨਾ ਕੋਈ ਯੋਰਪੀ ਜ਼ੁਬਾਨ ਪੜ੍ਹ-ਲਿਖ ਲੈਂਦਾ ਹੋਵੇ ਅਤੇ ਇੰਜ ਕਹਿ ਰਹੇ ਸਨ ਈਸਾਈ ਪਾਦਰੀ ਵੀ ਜੋ ਆਪਣੇ ਗਿਰਜਾਘਰਾਂ ਵਿੱਚ ਕੈਨੇਡਾ ਦੇ ਮੂਲਵਾਸੀ ਪ੍ਰਚਾਰਕਾਂ ਨੂੰ ਆਪਣੀ ਮਾਤ-ਭਾਸ਼ਾ 'ਚ ਵਿਖਿਆਨ ਕਰਨ ਦੀ ਆਗਿਆ ਵੀ ਨਹੀਂ ਸਨ ਦੇਂਦੇ। ਨਸਲੀ ਵਿਤਕਰੇ ਦੇ ਸਾਰੇ ਹੱਦ-ਬੰਨੇ ਟੱਪਦਿਆਂ, ਗੋਰੇ ਉਥੋਂ ਦੇ ਮੂਲ ਵਾਸੀਆਂ ਨਾਲ ਵੀ ਗੁਲਾਮਾਂ ਵਾਲਾ ਹੀ ਵਰਤਾਉ ਕਰਦੇ ਸਨ।

ਇਸ ਖਿਚੋਤਾਣ ਵਿਚਾਲੇ ਹੀ ਵੀਹਵੀਂ ਸਦੀ ਦੇ ਸ਼ੁਰੂ 'ਚ ਭਾਰਤ ਤੋਂ ਸਿਖਾਂ ਦੀ ਆਮਦ ਨੇ ਇਸ ਵਿਵਾਦ ਨੂੰ ਹੋਰ ਵੀ ਤਿਖਾ ਕਰ ਦਿੱਤਾ। ਉਹ ਇਸ ਲਈ ਵੀ ਕਿ ਕਈ ਮਿੱਲ-ਮਾਲਕ ਤਾਂ ਇਹਨਾਂ ਨੂੰ ਚੀਨੀਆਂ, ਜਾਪਾਨੀਆਂ ਨਾਲੋਂ ਇਸ ਲਈ ਤਰਜੀਹ ਦੇਂਦੇ ਸੀ ਕਿ ਇਹ ਆਪਣੇ ਤਕੜੇ ਜੁਸਿਆਂ ਦੇ ਬਲਬੂਤੇ ਉਹਨਾਂ ਨਾਲੋਂ ਕਿਤੇ ਵਧੇਰੇ ਉਪਯੋਗੀ ਸਿੱਧ ਹੋ ਰਹੇ ਸਨ। ਹੋਰਨਾਂ ਕੌਮਾਂ ਨਾਲੋਂ ਇਹਨਾਂ ਦਾ ਹੱਥ ਇਸ ਕਰਕੇ ਵੀ ਉਪਰ ਸੀ ਕਿ ਜਿਵੇਂ ਕੈਨੇਡਾ ਇੱਕ ਬਰਤਾਨਵੀ ਡੋਮੀਨੀਅਨ ਸੀ, ਕਿਸੇ ਹੱਦ ਤੱਕ ਉਸ ਤਰ੍ਹਾਂ ਭਾਰਤ ਵੀ ਅੰਗ੍ਰੇਜ਼ੀ ਰਾਜ ਤਹਿਤ ਹੋਣ ਕਰਕੇ ਕੈਨੇਡਾ ਦੀ ਕਾਨੂੰਨੀ ਕਾਰਜ ਪ੍ਰਣਾਲੀ ਇਨ੍ਹਾਂ ਲਈ ਓਪਰੀ ਨਹੀਂ ਸੀ।

ਪਰ ਦੂਜੇ ਹੱਥ ਚੀਨੀ ਅਤੇ ਜਾਪਾਨੀ ਆਜ਼ਾਦ ਮੁਲਕਾਂ ਦੇ ਸ਼ਹਿਰੀ ਹੋਣ ਦੇ ਨਾਤੇ ਆਪਣੇ ਕੈਨੇਡਾ ਸਥਿਤ ਸਫਾਰਤਖਾਨਿਆਂ ਦੀ ਸਹਾਇਤਾ ਲੈ ਸਕਦੇ ਸਨ ਤੇ ਘੱਟੋ-ਘੱਟ ਕਾਨੂੰਨ ਦੀਆਂ ਨਜ਼ਰਾਂ ਵਿੱਚ ਵੀ ਉਹ ਉਸੇ ਤਰ੍ਹਾਂ ਹੀ ਇੱਕ ਆਜ਼ਾਦ ਦੇਸ ਦੇ ਸ਼ਹਿਰੀ ਸਨ ਜਿਵੇਂ ਕਿ ਕੈਨੇਡੀਅਨ ਗੋਰੇ। ਇਹਨਾਂ ਦੇ ਟਾਕਰੇ ਭਾਰਤੀ ਪਰਵਾਸੀ ਬਰਤਾਨਵੀ ਸਰਕਾਰ ਦੀ ਪਰਜਾ ਜਾਂ ਰਿਆਇਆਂ (Subjects) ਸਨ, ਨਾਗਰਿਕ ਨਹੀਂ। ਪਰ ਨਾਲ ਦੀ ਨਾਲ ਚੂੰਕਿ ਸਿੱਖ ਸਾਬਕਾ ਫ਼ੌਜੀ ਆਪਣੀ ਨੌਕਰੀ ਦੌਰਾਨ ਅੰਗ੍ਰੇਜ਼ੀ ਸਲਨਤ ਦੀ ਸਲਾਮਤੀ ਖਾਤਰ ਖ਼ੂਨ ਵਹਾਉਂਦੇ ਰਹੇ ਸਨ, ਉਹ ਸੱਚੇ ਦਿੱਲੋਂ ਅੰਗ੍ਰੇਜ਼ ਸਰਕਾਰ ਤੋਂ ਆਪਣੇ ਹਿਤਾਂ ਦੀ ਰੱਖਵਾਲੀ ਲਈ ਨਿਤਰਣ ਦੀ ਪੱਕੀ ਆਸ ਲਾਈ ਬੈਠੇ ਸਨ; ਉਹਨਾਂ ਦੀ ਅੰਗ੍ਰੇਜ਼ ਸਰਕਾਰ ਤੇ ਪੂਰੀ ਟੇਕ ਸੀ।

ਇਥੇ ਇਹ ਦੱਸਣਾ ਜ਼ਰੂਰੀ ਹੈ ਕਿ ਕੈਨੇਡਾ ਅੰਦਰ ਉਥੋਂ ਦੀ ਗੋਰੀ ਵਸੋਂ ਅੰਦਰ ਵੀ ਕਿਤੇ ਨਾ ਕਿਤੇ ਸਿਖਾਂ ਦੇ ਸ਼ੁਭਚਿੰਤਕ ਤੇ ਬਲਕਿ ਉਪਾਸ਼ਕ ਵੀ ਮੌਜੂਦ ਸਨ। ਮਿਸਾਲ ਵਜੋਂ ਕੈਨੇਡਾ ਦੀ ਇੱਕ ਬਹੁਤ ਵੱਡੀ ਕੰਪਨੀ ਨੇ 'ਦੀ ਡੇਲੀ ਪਰੋਵਿਨਸ਼ਿਲ' ('The Daily Provincial') (1906) ਵਿੱਚ ਇੱਕ ਬਿਆਨ ਛਪਵਾਇਆ ਕਿ "ਹਿੰਦੂ (ਭਾਰਤੀ) ਸਾਡੇ ਹੰਢੇ ਵਰਤੇ ਸਿਪਾਹੀ ਹਨ। ਉਹਨਾਂ ਨੂੰ ਆਪਣੀ ਕਵਾਇਦ (Drill) ਤੋਂ ਇਲਾਵਾ ਕੁੱਝ ਨਹੀਂ ਸੀ ਆਉਂਦਾ; ਹਾਂ, ਮੈਂ ਵੀ ਚਾਹੁੰਦਾ ਤਾਂ ਇਹੀ ਆਂ ਕਿ ਸਾਨੂੰ ਗੋਰੇ ਮਜਦੂਰ ਹੀ ਮਿਲਦੇ ਜਾਣ, ਪਰ ਜੇ ਮੈਂ ਓਪਰਿਆਂ



ਨੂੰ ਕੰਮ ਤੇ ਲਾਉਣਾ ਹੀ ਹੈ ਤਾਂ ਇਹਨਾਂ ਨੂੰ ਹੀ ਕੰਮ ਦੇਣਾ ਚਾਹਾਂਗਾ, ਜੋ ਬਰਤਾਨਵੀ ਸਲਤਨਤ ਦੀ ਰਾਖੀ ਲਈ ਲੜਦੇ ਰਹੇ ਹਨ।"

ਇੱਕ ਹੋਰ ਗਲੈਂਡਸਟੋਨ ਨਾਂ ਦੇ ਨੇਤਾ ਨੇ ਕਿਹਾ ਸੀ ਕਿ "ਹੈਰਾਨੀ ਦੀ ਗੱਲ ਹੈ ਕਿ ਇੱਥੇ ਕੁੱਝ ਸਿਖ ਕੁਲੀ-ਮਜ਼ਦੂਰ ਬਣ ਕੇ ਆਏ ਸਨ; ਇਹ ਆਪਣੇ ਦੇਸ ਅੰਦਰ ਉਚੇਰੀ ਜਾਤੀ 'ਚ ਸ਼ੁਮਾਰ ਕੀਤੇ ਜਾਂਦੇ ਹਨ ਤੇ ਉਥੇ ਆਪਣੀ ਖੇਤੀਬਾੜੀ ਤੋਂ ਇਲਾਵਾ ਫ਼ੌਜੀ ਅਤੇ ਨੀਮ ਫ਼ੌਜੀ ਰੋਜ਼ਗਾਰਾਂ ਨਾਲ ਹੀ ਸੰਬੰਧਤ ਹਨ। ਮੈਂ ਹਿੰਦੋਸਤਾਨ ਵਿੱਚ 15 ਸਾਲ ਰਹਿੰਦਿਆਂ ਜੋ ਅਨੁਭਵ ਕੀਤਾ ਉਸ ਨਜ਼ਰੀਏ ਤੋਂ ਮੈਨੂੰ ਇਹ ਗੱਲ ਅਚੰਭੇ ਤੋਂ ਘੱਟ ਨਹੀਂ ਲਗਦੀ ਕਿ ਇਹ ਲੋਕੀ ਕੈਨੇਡਾ-ਅਮਰੀਕਾ 'ਚ ਮਿਹਨਤ ਮਜ਼ਦੂਰੀ ਲਈ ਹੀ ਆ ਰਹੇ ਹਨ।"

ਇੱਕ ਹੋਰ ਪੱਖੋਂ ਇੱਕ ਮਾਹਿਰ ਸਰਜਨ ਡਾਕਟਰ ਜੋ ਕੈਨੇਡਾ ਦਾਖ਼ਲ ਹੋਣ ਵਾਲੇ ਸਾਰੇ ਪਰਵਾਸੀਆਂ ਦੀ ਡਾਕਟਰੀ ਜਾਂਚ ਲਈ ਨਿਯੁਕਤ ਸੀ, ਉਸਦੇ ਕਥਨ ਅਨੁਸਾਰ, "ਭਾਵੇਂ ਮੈਂ ਸ਼ੁਰੂ-ਸ਼ੁਰੂ ਵਿੱਚ ਇਹਨਾਂ (ਗ਼ੈਰ ਯੋਰਪੀ) ਪਰਵਾਸੀਆਂ ਨੂੰ ਭੈੜੀ ਨਜ਼ਰ ਨਾਲ ਵੇਖਦਾ ਸਾਂ, ਪਰ ਮੈਂ ਇਸ ਤਜਰਬੇ ਦੌਰਾਨ ਇਸ ਕੋਝੇ ਨਜ਼ਰੀਏ ਤੋਂ ਮੁਕਤ ਹੋ ਗਿਆ, ਉਹ ਇਸ ਲਈ ਕਿ ਜਿੰਨੇ ਮੁਸਾਫਰ ਯੋਰਪੀ ਮੁਲਕਾਂ ਚੋਂ ਆਉਂਦੇ ਸਨ ਉਹਨਾਂ ਦੇ ਮੁਕਾਬਲੇ ਇਹ ਗ਼ੈਰ-ਯੋਰਪੀ ਵਿਅਕਤੀ, ਤੇ ਖਾਸ ਕਰਕੇ ਸਿਖ ਕਿਤੇ ਵਧੇਰੇ ਰਿਸ਼ਟ-ਪੁਸ਼ਟ ਤੇ ਰੋਗ-ਰਹਿਤ ਪਾਏ ਜਾਂਦੇ ਹਨ।" ਜ਼ਿਕਰਯੋਗ ਹੈ ਕਿ ਯੋਰਪ ਨਾਲੋਂ ਕੈਨੇਡਾ 'ਚ ਰੋਜ਼ਗਾਰ ਦੇ ਮੌਕੇ ਵਧੇਰੇ ਹੋਣ ਕਰਕੇ, ਪਛਮੀ ਦੇਸ਼ਾਂ 'ਚੋਂ ਵੀ ਲਗਾਤਾਰ ਥੋੜ੍ਹੇ ਬਹੁਤ ਵਿਅਕਤੀ ਕੈਨੇਡਾ ਦਾਖਲ ਹੁੰਦੇ ਹੀ ਰਹੇ ਹਨ।

ਇੱਕ ਹੋਰ ਟਿੱਪਣੀਕਾਰ ਰੋਬਰਟਸਨ (Robertson) ਨੇ ਕਿਹੈ ਕਿ ਇਹ (ਸਿੱਖ) ਆਪਣੇ ਬੇਰੋਜ਼ਗਾਰ ਭਾਈ-ਬੰਦਾਂ ਦੀ ਪੂਰੀ ਦੇਖਭਾਲ ਕਰਦੇ ਹਨ ਤਾਂਕਿ ਉਹ ਉਥੋਂ ਦੀ ਸਰਕਾਰ ਤੇ ਬੋਝ ਨਾ ਬਨਣ)।

### ਏਸ਼ੀਆਈ ਕੱਢੋ ਲੀਗ (Asiatic Exclusion League)

ਇਹ ਕੁਲਹਿਣੀ ਸੰਸਥਾ 12 ਅਗਸਤ 1907 ਨੂੰ, ਗੋਰਿਆਂ ਦੀਆਂ ਮਜ਼ਦੂਰ ਯੂਨੀਅਨਾਂ, ਕੁਝ ਸਮਾਜੀ ਸੰਗਠਨਾਂ, ਬਰਤਾਨਵੀ ਸਲਤਨਤ ਦੇ ਕੁਝ ਸਾਬਕਾ ਅਫ਼ਸਰਾਂ ਤੇ ਕੁਝ ਈਸਾਈ ਪਾਦਰੀਆਂ ਦੀ ਗੰਢ-ਤੁਪ ਨਾਲ ਹੋਂਦ ਵਿੱਚ ਆਈ ਸੀ।

ਉਹਨੀਂ ਦਿਨੀਂ ਹੀ ਕੈਨੇਡਾ ਦੀ ਕਿਸੇ ਅਖ਼ਬਾਰ 'ਚ ਛਪੀ ਇੱਕ ਖਬਰ ਅਨੁਸਾਰ ਜਾਪਾਨੀ ਬੰਦਰਗਾਹ ਯੋਕੋਹਾਮਾ ਤੋਂ ਇੱਕ ਮੁਸਾਫਰ ਜਹਾਜ਼ ਕੈਨੇਡਾ ਲਈ ਰਵਾਨਾ ਹੋ ਗਿਐ ਜਿਸ ਵਿੱਚ 1100 ਚੀਨੀ, 900 ਸਿਖ ਤੇ ਕੁਝ ਜਾਪਾਨੀ ਵੀ ਹਨ। ਇਸ ਖਬਰ ਨੇ ਬਲਦੀ ਤੇ ਤੇਲ ਛਿੜਕ ਦਿੱਤਾ।

7 ਸਤੰਬਰ 1907 ਨੂੰ ਏਸ਼ੀਆਈ ਕੱਢੋ ਲੀਗ ਦੇ ਸੱਦੇ 'ਤੇ ਵੈਨਕੂਵਰ ਸ਼ਹਿਰ ਵਿੱਚ ਵਿਸ਼ਾਲ ਜਲੂਸ ਨਿਕਲਿਆ, ਜੋ ਹਜ਼ਾਰਾਂ ਦੀ ਗਿਣਤੀ 'ਚ ਸੀ, ਤੇ ਇਹ ਜਲੂਸ ਨਾਅਰੇ ਲਾ ਰਿਹਾ ਸੀ।

"ਲੀਗ ਦਾ ਨਾਅਰਾ... ਗੋਰਾ ਕੈਨੇਡਾ"

"ਅਸੀਂ ਲੜਣ ਲਈ ਤਿਆਰ ਬਰ ਤਿਆਰ ਹਾਂ"

"ਅਸੀਂ ਹਰ ਕੀਮਤ ਤੇ ਕੈਨੇਡਾ ਦੀ ਰਾਖੀ ਕਰਾਂਗੇ"

"ਗੋਰੇ ਕੈਨੇਡਾ ਨੂੰ ਨਹੀਂ ਲੋੜ ਸਸਤੇ ਏਸ਼ੀਆਈ ਕਾਮਿਆਂ ਦੀ"

ਜਲੂਸ ਪਿਛੋਂ ਕੁਝ ਹੁਲੜ ਬਾਜ਼ਾਂ ਨੇ ਬੇਕਾਬੂ ਹੋਕੇ ਚੀਨੀ ਆਬਾਦੀ 'ਤੇ ਹੱਲਾ ਬੋਲ ਦਿੱਤਾ; ਚੀਨੀਆਂ ਨੇ ਕੋਈ ਵੀ ਮੁਕਾਬਲਾ ਨਾ ਕੀਤਾ, ਪਰ ਜਦੋਂ ਉਹ ਜਾਪਾਨੀਆਂ ਵਾਲੀ ਆਬਾਦੀ 'ਚ ਗਏ ਤਾਂ ਉਹਨਾਂ ਨੇ ਇਹਨਾਂ ਗੁੰਡਿਆਂ ਦਾ ਮੂੰਹ ਭੁਆ ਦਿੱਤਾ। ਸਿੱਖ ਇਸ ਹੁਲੜਬਾਜ਼ੀ ਤੋਂ ਤਾਂ ਬਚ ਗਏ, ਕਿਉਂਕਿ ਉਹ ਦਿਸੇ ਹੀ ਨਹੀਂ; ਉਹ ਇਸ ਲਈ ਕਿ ਉਹਨਾਂ ਦੀ ਵਸੋਂ ਸ਼ਹਿਰੋਂ ਹਟਵੀਂ ਸੀ ਜਦਕਿ ਇਹ ਕਾਂਡ ਸ਼ਹਿਰ ਦੇ ਧੁਰ ਅੰਦਰ ਵਾਪਰਿਆ ਸੀ।

ਉਪਰਲੀਆਂ ਘਟਨਾਵਾਂ ਬਾਰੇ ਕੈਨੇਡਾ ਦੇ ਇੱਕ ਨਾਮਵਰ ਪਾਦਰੀ ਫ਼ਰੇਜ਼ਰ ਨੇ ਕਿਹਾ ਕਿ "ਇਹਨਾਂ (ਫ਼ਸਾਦੀਆਂ) ਨੇ ਕੈਨੇਡਾ ਵਾਸੀਆਂ ਨੂੰ ਦ੍ਰਿੜਾਇਆ ਹੈ ਕਿ *'ਲਾਤੋਂ ਕੇ ਭੂਤ ਬਾਤੋਂ ਸੇ ਨਹੀਂ ਮਾਨਤੇ'*; ਹੁਣ ਅਸੀਂ ਜਿਹੜੇ ਦੌਰ 'ਚੋਂ ਲੰਘ ਰਹੇ ਹਾਂ ਇਹ ਗੱਲਾਂ ਬਾਤਾਂ ਦਾ ਨਹੀਂ, ਬਲਕਿ ਡਾਂਗ-ਸੋਟੇ ਦਾ ਹੈ।"

ਏਸ਼ੀਆਈ ਕੱਢੋ ਲੀਗ ਦਾ ਟੀਚਾ ਸੀ ਕਿ ਇੱਕ ਵੀ ਹੋਰ ਚੀਨੀ, ਜਾਪਾਨੀ ਜਾਂ ਭਾਰਤੀ ਆਪਣੀ ਧਰਤੀ ਤੇ ਨਹੀਂ ਉਤਰਨ ਦੇਣਾ; ਸੋ ਉਹਨਾਂ ਲਗਾਤਾਰ ਇਸ ਤਰ੍ਹਾਂ ਦੇ ਜਲਸਿਆਂ-ਜਲੂਸਾਂ ਦੁਆਰਾ ਸੂਬਾਈ ਤੇ ਕੇਂਦਰੀ ਹਕੂਮਤਾਂ ਤੇ ਦਬਾਅ ਪਾਣਾ ਜਾਰੀ ਰੱਖਿਆ। ਹੁਣ ਚੀਨ ਅਤੇ ਜਾਪਾਨ ਤਾਂ ਆਜ਼ਾਦ ਦੇਸ਼ ਸਨ ਤੇ ਉਹਨਾਂ ਦੇ ਕੈਨੇਡਾ ਸਥਿਤ ਰਾਜਦੂਤ ਵੇਲੇ-ਕੁਵੇਲੇ ਇਥੋਂ ਦੀਆਂ ਸਰਕਾਰਾਂ ਕੋਲ ਆਪਣੇ-ਆਪਣੇ ਨਾਗਰਿਕਾਂ ਦੀਆਂ ਤੰਗੀਆਂ-ਤਕਲੀਫ਼ਾਂ ਦੇ ਮਾਮਲਿਆਂ ਦੀ ਪੈਰਵੀ ਕਰਦੀਆਂ ਰਹਿੰਦੀਆਂ ਸਨ, ਪਰ ਨਿ-ਓਟੇ ਹਿੰਦੀਆਂ ਦੀ ਖਬਰ ਸਾਰ ਜਿਹੜੀ ਹਿੰਦ ਸਰਕਾਰ ਨੂੰ ਲੈਣੀ ਬਣਦੀ ਸੀ, ਉਹ ਨਾ ਸਿਰਫ਼ ਤਮਾਸ਼ਬੀਨ ਦੀ ਹੀ ਭੂਮਿਕਾ ਨਿਭਾ ਰਹੀ ਸੀ, ਬਲਕਿ ਅੰਦਰਖ਼ਾਤੇ ਅਪਣੀ ਪਰਜਾ ਦੇ ਵਿਰੋਧੀਆਂ ਦੀ ਪਿੱਠ ਠੋਕ ਰਹੀ ਸੀ।

## ਕਾਨੂੰਨੀ ਸ਼ਿਕੰਜਾ

ਪਰਵਾਸੀਆਂ ਵਿਰੁੱਧ ਇੱਕ ਅਜੇਹੀ ਕਮੀਨੀ ਚਾਲ ਚਲੀ ਗਈ, ਜੀਹਦੇ ਨਾਲ ਸੱਪ ਵੀ ਮਰ ਜਾਏ ਤੇ ਲਾਠੀ ਵੀ ਨਾ ਟੁਟੇ। ਤਦ ਅਨੁਸਾਰ 8 ਜਨਵਰੀ 1908 ਨੂੰ ਇੱਕ ਨੋਟੀਫ਼ਿਕੇਸ਼ਨ ਜਾਰੀ ਕੀਤਾ ਗਿਆ, ਜਿਸ ਤਹਿਤ ਕੇਵਲ ਉਸ ਮੁਸਾਫਰ ਨੂੰ ਹੀ ਜਹਾਜ਼ਾਂ ਤੋਂ ਉਤਰਨ ਦਿੱਤਾ ਜਾਏਗਾ ਜੋ ਆਪਣੀ ਪਿਤਰੀ ਧਰਤੀ ਤੋਂ ਸਿੱਧੀ ਸਮੁੰਦਰੀ ਯਾਤਰਾ ਰਾਹੀਂ ਪਹੁੰਚੇਗਾ। ਅਸਿੱਧੇ ਰੂਪ ਵਿੱਚ ਇਹਦਾ ਨਿਸ਼ਾਨਾ ਭਾਰਤੀ ਹੀ ਸਨ, ਕਿਉਂਕਿ ਉਸ ਵੇਲੇ ਭਾਰਤ ਦੀ ਆਪਣੀ ਕੋਈ ਐਹੋ ਜਿਹੀ ਜਹਾਜ਼ੀ ਕੰਪਨੀ ਸੀ ਨਹੀਂ, ਜਿਸਦਾ ਜਹਾਜ਼ ਭਾਰਤ ਤੋਂ ਸਿੱਧਾ ਵੈਨਕੂਵਰ ਜਾਂਦਾ ਹੋਵੇ, ਹਿੰਦੀ ਮੁਸਾਫਰ ਤਾਂ ਪਹਿਲਾਂ ਚੀਨ ਜਾਂ ਜਾਪਾਨ ਪਹੁੰਚ ਕੇ ਹੀ ਉਥੋਂ ਕੈਨੇਡਾ ਵੱਲ ਨੂੰ ਜਾਇਆ ਕਰਦੇ ਸਨ।

ਕੇਵਲ ਸਿੱਧੇ ਸਫ਼ਰ ਵਾਲੀ ਪਾਬੰਦੀ ਨਾਲ ਵੀ ਸੰਤੁਸ਼ਟ ਨਾ ਹੋਕੇ 9 ਅਕਤੂਬਰ 1910 ਨੂੰ ਇੱਕ ਹੋਰ ਸ਼ਰਤ ਵੀ ਮੜ੍ਹ ਦਿੱਤੀ ਗਈ ਕਿ ਕੈਨੇਡਾ 'ਚ ਉਤਰਨ ਵਾਲੇ ਹਰੇਕ ਯਾਤਰੀ ਕੋਲ ਘੱਟੋ-ਘੱਟ 200 ਕੈਨੇਡੀਅਨ ਡਾਲਰ ਨਕਦ ਹੋਣੇ ਚਾਹੀਦੇ ਨੇ, ਜੋ ਕਿ ਥੁੜਾਂ ਮਾਰੇ ਹਿੰਦੀ ਮੁਸਾਫਰਾਂ ਲਈ ਜੁਟਾਣੇ ਲਗਭਗ ਅਸੰਭਵ ਸਨ।



ਹਿੰਦੀਆਂ ਦੇ ਸਿਰਾਂ ਤੋਂ ਪਾਣੀ ਉਦੋਂ ਟੱਪ ਗਿਆ ਕਿ ਜਦੋਂ ਪਹਿਲਾਂ ਪਹੁੰਚ ਚੁੱਕੇ ਪਰਵਾਸੀਆਂ ਦੇ ਪਰਿਵਾਰਾਂ ਦੀ ਆਮਦ ਤੇ ਵੀ ਇਹੀ ਪਾਬੰਦੀਆਂ ਆਇਦ ਕਰ ਦਿੱਤੀਆਂ ਗਈਆਂ। ਹੁਣ ਜਿਨ੍ਹਾਂ ਨਿਆਸਰਿਆਂ ਦੀ ਧੌਣ ਤੇ ਇਹ ਛੁਰੀ ਫੇਰੀ ਜਾ ਰਹੀ ਸੀ, ਉਹਨਾਂ 'ਚ ਬਹੁ-ਗਿਣਤੀ ਸਾਬਕਾ ਫ਼ੌਜੀਆਂ ਦੀ ਸੀ, ਜਿਨ੍ਹਾਂ ਦੇ ਦਿਲਾਂ ਅੰਦਰ 'ਸਰਕਾਰ ਮਾਈ ਬਾਪ' ਦੀ ਧਾਰਨਾ ਸਰਬ ਵਿਆਪਕ ਸੀ ਅਤੇ ਬਰਤਾਨਵੀ ਸਰਕਾਰ ਦੀ ਔਕੜ ਵੇਲੇ ਉਹ ਜਾਨਾਂ ਦੀ ਬਾਜ਼ੀ ਵੀ ਲਾਂਦੇ ਰਹੇ ਸੀ; ਉਹਨਾਂ ਨੂੰ ਸਰਕਾਰ ਤੇ ਪੂਰੀ ਟੇਕ ਸੀ ਕਿ ਉਹ ਉਹਨਾਂ ਦਾ ਹੀ ਪੱਖ ਪੂਰੇਗੀ। ਆਪਣੀ ਫ਼ਰਿਆਦ ਨੂੰ ਹੱਕੀ ਤੇ ਜਾਇਜ਼ ਸਮਝਦਿਆਂ ਉਹਨਾਂ ਨੇ ਕੈਨੇਡਾ, ਲੰਡਨ ਅਤੇ ਦਿੱਲੀ ਦੀਆਂ ਸਰਕਾਰਾਂ ਕੋਲ ਆਪਣੇ ਵਫ਼ਦ (deputation) ਭੇਜ ਕੇ ਉਹਨਾਂ ਨੂੰ ਆਪਣੇ ਹੱਕ ਵਿੱਚ ਪ੍ਰੇਰਣਾ ਚਾਹਿਆ।

ਉਹਨਾਂ ਨੇ ਰਣ-ਨੀਤੀ (strategy) ਇਹ ਅਪਣਾਈ ਕਿ ਸਭ ਤੋਂ ਪਹਿਲਾਂ ਪਰਿਵਾਰਾਂ ਨੂੰ ਬੁਲਾਉਣ ਦੇ ਮੁੱਦੇ ਨੂੰ ਹੀ ਉਭਾਰਿਆ ਜਾਏ, ਜੋ ਉਹਨਾਂ ਨਾਲ ਨੰਗਾ-ਪੁੰਗਾ ਅਟਿਆਂ ਸੀ ਅਤੇ ਇਸ ਕਰਕੇ ਵੀ ਕਿ ਅਜੇ ਤੀਕ ਟਾਵੇਂ-ਟਾਵਿਆਂ ਨੂੰ ਛੱਡ ਕੇ ਲਗਭਗ ਸਾਰਿਆਂ ਦੇ ਪਰਿਵਾਰ ਪਿਛੇ ਭਾਰਤ ਵਿੱਚ ਹੀ ਸਨ।

ਇਸ ਮਕਸਦ ਲਈ ਸਭ ਤੋਂ ਪਹਿਲੋਂ ਖਾਲਸਾ ਦੀਵਾਨ ਵੈਨਕੂਵਰ ਦੇ ਪ੍ਰਧਾਨ, ਭਾਈ ਭਾਗ ਸਿੰਘ ਅਤੇ ਉਸ ਗੁਰਦੁਆਰੇ ਦੇ ਪਹਿਲੇ ਗ੍ਰੰਥੀ ਭਾਈ ਬਲਵੰਤ ਸਿੰਘ ਖੁਰਦਪੁਰ ਦਸੰਬਰ



ਭਾਈ ਭਾਗ ਸਿੰਘ ਆਪਣੇ ਪਰਿਵਾਰ ਨਾਲ



ਭਾਈ ਬਲਵੰਤ ਸਿੰਘ ਆਪਣੇ ਪਰਿਵਾਰ ਨਾਲ

1911 ਵਿੱਚ ਭਾਰਤ ਆਏ ਤੇ ਪਰਿਵਾਰਾਂ ਸਮੇਤ ਕੈਨੇਡਾ ਵਾਪਸ ਪਹੁੰਚ ਕੇ ਪਰਿਵਾਰਾਂ ਦੇ ਦਾਖ਼ਲੇ ਦੀ ਯਾਚਨਾ ਕੀਤੀ। ਨਾਲ ਹੀ ਇੱਕ ਵਫ਼ਦ ਨੇ ਇਸ ਮਕਸਦ ਲਈ ਕੈਨੇਡੀਅਨ ਸਰਕਾਰ ਕੋਲ ਵੀ ਪਹੁੰਚ ਕੀਤੀ, ਜਿਸਨੇ ਵਫ਼ਦ ਨੂੰ ਮਾਮਲੇ ਤੇ 'ਹਮਦਰਦੀ ਨਾਲ ਗੌਰ ਕਰਨ

ਦਾ ਭਰੋਸਾ ਤਾਂ ਦਿੱਤਾ, ਪਰ ਉਧਰ ਇਹਨਾਂ ਦੋਹਾਂ ਪਰਿਵਾਰਾਂ ਨੂੰ ਇਮੀਗਰੇਸ਼ਨ ਜੇਲ੍ਹ ਵਿੱਚ ਨਜ਼ਰਬੰਦ ਕਰ ਦਿੱਤਾ।

ਇਸ ਭੜਕਾਊ ਮਾਹੌਲ ਵਿੱਚ ਵੀ ਜੋ ਯਾਦ-ਪੱਤਰ (Memorandum) ਸੰਬੰਧਤ ਸਰਕਾਰਾਂ ਨੂੰ ਦਿੱਤਾ ਗਿਆ ਉਹ ਇੱਕ ਅਤੀ ਠਰ੍ਹੰਮੇ ਨਾਲ ਉਲੀਕੀ ਦਸਤਾਵੇਜ਼ ਸੀ, ਜਿਸ ਵਿੱਚ ਪਰਿਵਾਰਾਂ ਨਾਲ ਰਹਿਣ ਦੇ ਨੈਤਿਕ ਆਧਾਰ, ਦੁਨੀਆਵੀ ਸੂਝ-ਬੂਝ ਅਤੇ ਜ਼ਮੀਨੀ ਹਕੀਕਤਾਂ ਦਾ ਉਲੇਖ ਕੀਤਾ ਗਿਆ ਹੋਇਆ ਸੀ, ਜਿਸ ਤੋਂ ਕੋਈ ਵੀ ਖੁਲ੍ਹ ਦਿਲਾ ਵਿਅਕਤੀ ਪ੍ਰਭਾਵਤ ਹੋਏ ਬਿਨਾਂ ਨਹੀਂ ਰਹਿ ਸਕਦਾ ਸੀ; ਆਪਣੇ ਅਧਿਕਾਰਾਂ ਵੱਲ ਸੰਕੇਤ ਕਰਦਿਆਂ ਇਹ ਵੀ ਕਿਹਾ ਗਿਆ ਸੀ, ਕਿ ਜਿਥੇ ਕਿਤੇ ਵੀ ਬਰਤਾਨੀਆ ਸਰਕਾਰ ਦੀ ਸਰਦਾਰੀ ਹੈ ਉਥੇ ਵਿਚਰਣ ਲਈ ਬਰਤਾਨਵੀ ਸਲਨਤ ਦੇ ਸਾਰੇ ਨਿਵਾਸੀਆਂ ਨੂੰ ਬਰਾਬਰ ਦਾ ਅਧਿਕਾਰ ਹੋਣਾ ਚਾਹੀਦੈ।"

ਏਸ ਲਿਖਤ ਦੇ ਤੱਤ ਸਾਰ ਸ਼ੈਲੀ ਅਤੇ ਲਹਿਜਾ ਸਾਰੇ ਇੱਕੋ ਦਿਸ਼ਾ ਵੱਲ ਸੰਕੇਤ ਕਰਦੇ ਹਨ ਕਿ ਬਿਨੈਕਾਰਾਂ ਨੂੰ ਘੱਟੋ-ਘੱਟ ਉਸ ਪੜਾਅ ਤੇ ਸਬੰਧਤ ਸਰਕਾਰਾਂ ਦੀ ਇਨਸਾਫ਼ ਪਸੰਦੀ ਤੇ ਪੂਰਨ ਭਰੋਸਾ ਸੀ, ਤੇ ਉਹਨਾਂ ਲਾਹੇਵੰਦ ਸਿੱਟੇ ਦੀ ਆਸ ਰੱਖਦਿਆਂ ਹੀ ਹਾਕਮਾਂ ਤੱਕ ਪਹੁੰਚ ਕੀਤੀ ਸੀ।

## ਕੈਨੇਡੀਅਨ ਸਰਕਾਰ ਦਾ ਕਾਟਵਾਂ ਜਵਾਬ

ਇੱਥੇ ਰਹਿ ਰਹੇ ਪਰਵਾਸੀ ਭਾਰਤੀ ਹੁਣ ਆਪਣੇ ਪਰਿਵਾਰਾਂ ਨੂੰ ਇੱਥੇ ਲਿਆਉਣ ਦੀ ਆਗਿਆ ਚਾਹੁੰਦੇ ਨੇ; ਇਨ੍ਹਾਂ ਪਰਿਵਾਰਾਂ ਦੀ ਗਿਣਤੀ 2500 ਤੋਂ 3000 ਵਿਚਾਲੇ ਹੋਵੇਗੀ, ਤੇ ਜੇ ਔਸਤਨ ਇੱਕ ਪਰਿਵਾਰ ਦੇ ਪੰਜ ਜੀਅ ਹੋਣ ਤਾਂ ਇਸ ਨਾਲ ਹਿੰਦੂ ਆਬਾਦੀ 'ਚ ਇੱਕਦਮ 1200 ਤੋਂ ਲੈ ਕੇ 1500 ਦਾ ਵਾਧਾ ਹੋ ਜਾਵੇਗਾ।

ਸਾਡਾ ਨਜ਼ਰੀਆ ਇਹ ਹੈ ਕਿ ਇਸ ਮੁੱਦੇ ਤੇ ਅਸੀਂ ਭਾਰਤੀਆਂ ਦੀ ਇਸ ਮੰਗ ਨੂੰ ਨਕਾਰਦਿਆਂ ਸਿਵਾਏ ਆਪਣੀ ਪਾਰਲੀਮੈਂਟ ਦੇ ਹੋਰ ਕਿਸੇ ਨੂੰ ਜਵਾਬਦਾਰ ਨਹੀਂ ਹਾਂ।

## ਪ੍ਰਤੀਕਰਮ

ਕੈਨੇਡਾ ਤੋਂ ਨਿਕਲਦੇ ਪਰਚੇ 'ਦੀ ਆਰੀਅਨ' ਦੇ ਸੰਪਾਦਕ, ਡਾ. ਸੁੰਦਰ ਸਿੰਘ ਨੇ ਇਸ ਮੁੱਦੇ ਤੇ ਇੱਕ ਸਾਲ ਪਿਛੋਂ ਟਿੱਪਣੀ ਕਰਦਿਆਂ ਲਿਖਿਆ ਸੀ ਕਿ ਸਾਲ 1911 ਦੌਰਾਨ 11932 ਚੀਨੀ ਅਤੇ 2986 ਜਾਪਾਨੀ ਕੈਨੇਡਾ ਆਏ, ਜਿਨ੍ਹਾਂ ਵਿੱਚ 1037 ਔਰਤਾਂ ਵੀ ਸਨ। ਇਹ ਅੰਕੜੇ ਸੰਬੰਧਤ ਮੈਡੀਕਲ ਅਫਸਰ ਦੇ ਰਿਕਾਰਡ ਤੋਂ ਲਏ ਗਏ ਹਨ... ਜਿੱਥੇ ਕਿ ਕੈਨੇਡਾ ਰਹਿ ਰਹੇ ਭਾਰਤੀਆਂ ਦੀਆਂ ਤੀਵੀਆਂ ਨੂੰ ਆਪਣੇ ਘਰ ਵਾਲਿਆਂ ਕੋਲ ਆਉਣ ਦੀ ਆਗਿਆ ਨਹੀਂ ਦਿੱਤੀ ਜਾ ਰਹੀ, ਜਦਕਿ ਪਿਛਲੇ ਸਾਲ ਕੁਲ ਮਿਲਾਕੇ 400 ਜਾਪਾਨੀ ਤੀਵੀਆਂ ਅਮਰੀਕਾ ਆਈਆਂ ਹਨ ਇੱਥੋਂ ਤੱਕ ਕਿ ਪ੍ਰਸਿੱਧ ਹਿੰਦੀ ਆਗੂਆਂ (ਭਾਈ ਭਾਗ ਸਿੰਘ, ਭਾਈ ਬਲਵੰਤ ਸਿੰਘ) ਦੀਆਂ ਤੀਵੀਆਂ ਨੂੰ (ਜਦੋਂ ਉਹਨਾਂ ਨੂੰ ਕੈਨੇਡਾ ਨਹੀਂ ਸੀ ਉਤਰਨ ਦਿੱਤਾ ਗਿਆ) ਸਾਨ ਫਰਾਂਸਿਸਕੋ ਉਤਰਨ ਦੀ ਇਜਾਜ਼ਤ ਵੀ ਨਹੀਂ ਸੀ ਦਿੱਤੀ ਗਈ, ਤੇ ਉਹਨਾਂ ਨੂੰ ਜ਼ਬਰਦਸਤੀ ਹਾਂਗਕਾਂਗ ਵਾਪਸ ਭੇਜ ਦਿੱਤਾ ਗਿਆ ਸੀ। ਇਸ ਤੋਂ ਭਲੀ-ਭਾਂਤ ਦਿਸ ਰਿਹਾ ਸੀ ਅਮਰੀਕਨ ਸਰਕਾਰ ਵੀ ਇਸ ਮਾਮਲੇ 'ਚ ਕੈਨੇਡਾ ਦੇ ਪਦ





ਜਾਪਾਨੀ ਤੀਵੀਆਂ ਲਈ ਆਗਿਆ, ਹਿੰਦੀ ਇਸਤਰੀਆਂ ਲਈ ਜੇਲ੍ਹ

ਚਿਨ੍ਹਾਂ ਤੇ ਹੀ ਚਲ ਰਹੀ ਸੀ।

## ਭਾਰਤੀ ਪਰਵਾਸੀ ਸਮੱਸਿਆ — ਇੱਕ ਸਮਕਾਲੀ ਕੈਨੇਡੀਅਨ ਨਜ਼ਰੀਆ

"ਭਾਰਤੀਆਂ ਦੇ ਪਰਵਾਸ ਦਾ ਮਸਲਾ ਕੇਵਲ ਕੈਨੇਡਾ ਤੱਕ ਹੀ ਸੀਮਤ ਨਹੀਂ ਬਲਕਿ ਹਰੇਕ ਬਰਤਾਨਵੀ ਨੌਆਬਾਦੀ ਦਾ ਹੈ, ਕਿਉਂਕਿ ਜਿੱਥੇ ਕਿਤੇ ਵੀ ਜ਼ਮੀਨਾਂ ਗੈਰ ਆਬਾਦ ਨੇ ਅਤੇ ਕਾਮਿਆਂ ਦੀ ਥੁੜ੍ਹ ਰਹਿੰਦੀ ਹੈ: ਐਸ ਵੇਲੇ ਕੈਨੇਡਾ 'ਚ ਮੁੱਦਾ ਹੈ ਭਾਰਤੀ ਪਰਵਾਸੀਆਂ ਵੱਲੋਂ ਆਪਣੀਆਂ ਤੀਵੀਆਂ ਨੂੰ ਲਿਆਉਣ ਦਾ; ਵੈਸੇ ਅਸੂਲੀ ਤੌਰ ਤੇ ਇਸ ਬਾਰੇ ਦੋ ਰਾਵਾਂ ਨਹੀਂ ਕਿ ਬਰਤਾਨਵੀ ਛੱਤਰ-ਛਾਇਆ ਹੇਠ ਵਿਚਰ ਰਹੇ ਹਰੇਕ (ਭਾਰਤ) ਵਰਗੇ ਦੇਸ਼ ਦਾ ਕੋਈ ਵੀ ਵਿਅਕਤੀ ਜੇ ਆਪਣੀ ਕਮਾਈ ਦੇ ਸਿਰ ਤੇ ਆਪਣੇ ਪਰਿਵਾਰ ਦੇ ਰਹਿਣ-ਸਹਿਣ ਦਾ ਪ੍ਰਬੰਧ ਕਰ ਸਕਦੈ ਤਾਂ ਉਹਨੂੰ ਆਪਣੇ ਪਰਿਵਾਰ ਏਥੇ ਲਿਆਉਣ ਦੀ ਆਗਿਆ ਹੋਣੀ ਹੀ ਚਾਹੀਦੀ ਹੈ। ਇਸ ਮਾਮਲੇ 'ਚ ਅੜਿਕਾ ਡਾਹੁਣਾ ਬਰਬਰਤਾ (Barbarism) ਹੀ ਤਾਂ ਹੈ, ਤੇ ਨਿਰੋਲ 'ਜਿਸਦੀ ਲਾਠੀ ਉਸਦੀ ਭੈਂਸ', ਤੇ 'ਅਸੂਲਾਂ ਨੂੰ ਮਾਰੋ ਗੋਲੀ' ਜਹੀ ਮਨੋਦਸ਼ਾ ਨੂੰ ਹੀ ਦਰਸਾਉਂਦਾ ਹੈ। ਅਜੇਹੀ ਨੀਤੀ ਪਿਛੇ (ਕੈਨੇਡਾ ਦੇ) ਰਾਜਸੀ ਨੇਤਾਵਾਂ ਦੀ ਬੁਜ਼ਦਿੱਲੀ ਹੈ, ਜਿਹੜੇ ਮੁਠੀ ਭਰ (ਗੋਰੇ) ਮਜ਼ਦੂਰਾਂ ਦੀ ਧੀਂਗਾਜ਼ੋਰੀ ਤੋਂ ਯਰਕਦੇ ਹਨ; ਇਹ ਮੰਨਣਯੋਗ ਨਹੀਂ ਕਿ ਕੋਈ ਵੀ ਸੂਝਵਾਨ ਕੈਨੇਡਾ ਵਾਸੀ ਅਜੇਹੀ ਸੋਚ ਦਾ ਧਾਰਨੀ ਹੋਵੇਗਾ।"

"ਵੈਸੇ ਵਿਚਾਰਿਆ ਜਾਏ ਤਾਂ ਇਹ ਮਸਲਾ ਮੂਲ ਰੂਪ ਵਿੱਚ ਇੱਕੋ ਵੇਲੇ ਕੁਝ ਇਸ ਤਰ੍ਹਾਂ ਦਾ ਵੀ ਹੈ ਕਿ ਕੁਝ ਦੇਸ਼ ਆਬਾਦੀ ਭਰਪੂਰ ਹਨ ਪਰ ਵਸੀਲੇ ਸੀਮਤ ਹੋਣ ਕਰਕੇ ਉਥੋਂ

ਦੇ ਵਸਨੀਕ ਪਰਵਾਸ ਲਈ ਉਤਾਵਲੇ ਹਨ ਤੇ ਦੂਜੇ ਹੱਥ ਕੁੱਝ ਮੁਲਕ ਖੁਲ੍ਹੇ ਮੋਕਲੇ ਹਨ ਪਰ ਆਬਾਦੀ ਘੱਟ ਹੈ, ਤੇ ਇਹ ਮੁਲਕ ਗੋਰਿਆਂ ਦੀ ਵਿਸ਼ਵ ਵਿਆਪਕ ਦਬਦਬੇ ਕਾਰਨ ਉਹਨਾਂ ਦੇ ਕਬਜੇ ਹੇਠਾਂ ਹਨ, ਜਿਵੇਂ ਕਿ ਕੈਨੇਡਾ, ਆਸਟਰੇਲੀਆ, ਨਿਊਜ਼ੀਲੈਂਡ ਆਦਿ।

"ਇਥੇ ਦਵੰਦ ਇਹ ਹੈ ਕਿ ਨਾਲੇ ਤੇ ਗੋਰੇ ਹਾਕਮ ਸਸਤੇ ਮਜ਼ਦੂਰ ਚਾਹੁੰਦੇ ਹਨ, ਪਰ ਇਸ ਗਲੋਂ ਡਰਦੇ ਵੀ ਹਨ ਕਿ ਜੇ ਇਹਨਾਂ ਬਾਹਰਲਿਆਂ ਦੀ ਭਰਮਾਰ ਹੋ ਗਈ ਤਾਂ ਸਾਡੇ 'ਤੇ ਭਾਰੂ ਹੋ ਜਾਣਗੇ ਤੇ ਇਹਨਾਂ ਦਾ ਹੀ ਬੋਲ ਬਾਲਾ ਹੋ ਜਾਏਗਾ ਤੇ ਸਾਡਾ 'ਸਭਿਆਚਾਰ' ਤਹਿਸ ਨਹਿਸ ਹੋ ਜਾਵੇਗਾ।

"ਪਰ ਆਖਰ ਇਸ ਮਸਲੇ ਦਾ ਕੀ ਕੋਈ ਹਲ ਵੀ ਹੈ?"

## ਚੇਤਾਵਨੀ

ਰੌਸ (Ross) ਨਾਉਂ ਦੇ ਇੱਕ ਵਿਅਕਤੀ ਨੇ, ਜੋ ਭਾਰਤੀਆਂ ਦੇ ਮਸਲੇ ਵਿੱਚ ਕਾਫ਼ੀ ਦਿਲਚਸਪੀ ਰੱਖਦਾ ਸੀ, ਗਰੇਨ ਗਰੋਅਰਜ਼ ਗਾਈਡ, ਵਿਨੀ ਪੈਗ (Grain Growers' Guide, Winnipeg) ਨੂੰ ਇੱਕ ਪੱਤਰ ਲਿਖ ਭੇਜਿਆ ਸੀ, ਜਿਸਦਾ ਸਿਰਲੇਖ ਸੀ 'ਕੈਨੇਡਾ 'ਚ ਸਿੱਖ ਕਿਸਾਨ':—

> "ਸਾਨੂੰ ਸਾਡੇ ਸਮਾਜ ਸੇਵਕਾਂ (Missionaries) ਅਤੇ ਅੰਗ੍ਰੇਜ਼ ਨੀਤੀਵਾਨਾਂ ਵੱਲੋਂ ਕਿਹਾ ਜਾ ਰਿਹੈ ਕਿ ਕੈਨੇਡਾ ਦਾ ਭੱਵਿਖ ਕੈਨੇਡਾ ਦੇ ਸਿੱਖਾਂ ਨਾਲ ਕੀਤੇ ਜਾਂਦੇ ਵਰਤਾਉ ਤੇ ਨਿਰਭਰ ਹੈ। ਸਿੱਖਾਂ ਨੇ ਗ਼ਦਰ ਵੇਲੇ ਬਰਤਾਨੀਆ ਦਾ ਸਾਥ ਦਿੱਤਾ ਸੀ। ਜੇ ਹਿੰਦੋਸਤਾਨ ਅੰਦਰ ਕਿਤੇ ਇੱਕ ਹੋਰ ਗ਼ਦਰ ਹੋ ਗਿਆ ਤਾਂ ਹਿੰਦੋਸਤਾਨ ਦਾ ਭਵਿਖ ਸਿਖਾਂ ਦੇ ਹੱਥ ਵੱਸ ਹੋਵੇਗਾ। ਐਸ ਵੇਲੇ ਬੀ.ਸੀ. ਵਿੱਚ ਸਿਖਾਂ ਦੀ ਵਸੋ 7000 ਹੈ; ਹਜ਼ਾਰਾਂ ਹੋਰ ਆਉਣਗੇ ਪਰ ਕੈਨੇਡਾ ਦੇ ਜਥੇਬੰਦ ਮਜ਼ਦੂਰ ਇਸ ਵਰਤਾਰੇ ਦੇ ਵਿਰੋਧੀ ਹਨ ਅਤੇ ਕੈਨੇਡਾ ਸਰਕਾਰ ਸਿਖਾਂ ਨੂੰ ਆਉਣੋਂ ਰੋਕ ਰਹੀ ਹੈ। ਹਿੰਦੋਸਤਾਨ ਵਿਚਲੀਆਂ ਸਰਕਾਰ ਵਿਰੋਧੀ ਧਿਰਾਂ ਇਸਦਾ ਪ੍ਰਚਾਰ ਕਰਕੇ ਵਫ਼ਾਦਾਰ ਸਿੱਖਾਂ ਅੰਦਰ ਬੇਚੈਨੀ ਫੈਲਾ ਰਹੀਆਂ ਹਨ। ਮੇਰੀ ਸਮਝ ਅਨੁਸਾਰ ਜਿਥੋਂ ਤੱਕ ਕੈਨੇਡਾ ਦੇ ਜ਼ਮੀਨ ਮਾਲਕਾਂ ਦਾ ਸੰਬੰਧ ਹੈ ਉਹਨਾਂ ਲਈ ਤਾਂ ਖਾਸ ਕਰਕੇ ਸਿੱਖ ਕਾਮੇ ਵਰਦਾਨ ਤੋਂ ਘੱਟ ਨਹੀਂ ਹੋਣਗੇ। ਅਜੇਹੇ ਕਾਮਿਆਂ ਦੀ ਥੁੜ੍ਹ ਉਹਨਾਂ ਰਾਹੀਂ ਭਲੀ-ਭਾਂਤ ਪੂਰੀ ਕੀਤੀ ਜਾ ਸਕਦੀ ਹੈ। ਪਿਛੇ ਜਹੇ ਮੈਂ ਇਹਨਾਂ (ਸਿੱਖ ਕਿਸਾਨਾਂ) ਨੂੰ ਕੈਲੇਫੋਰਨੀਆਂ ਵਿੱਚ ਸੰਤਰਿਆਂ ਦੇ ਬਾਗਾਂ ਲਈ ਬੰਜਰ ਧਰਤੀ ਨੂੰ ਸੁਆਰਦਿਆਂ ਵੇਖਿਐ; ਇਹ ਲੋਕੀ ਜਮਾਂਦਰੂ ਵਾਹੀਕਾਰ ਹਨ। ਕੀ ਇਹ ਚੰਗਾ ਨਹੀਂ ਹੋਵੇਗਾ ਕਿ ਅਸੀਂ ਉਹਨਾਂ ਨੂੰ ਅਜੇਹੇ ਕੰਮਾਂ ਤੇ ਲਾਕੇ ਪਰਖੀਏ ਕਿ ਉਹ ਕਿੱਥੋਂ ਤੱਕ ਸਾਡੇ ਲਈ ਲਾਹੇਵੰਦ ਹੋ ਸਕਦੇ ਹਨ? ਵੈਸੇ ਦੇਖਿਆ ਜਾਏ ਤਾਂ ਉਹ ਨਸਲ ਪੱਖੋਂ ਵੀ ਸਾਡੇ ਵਾਂਗ ਆਰੀਅਨ ਮੂਲ ਦੇ ਹੀ ਹਨ ਅਤੇ ਉਹਨਾਂ ਦੇ ਨੈਣ-ਨਕਸ਼ ਵੀ ਸਾਡੇ ਨਾਲ ਮਿਲਦੇ-ਜੁਲਦੇ ਹਨ, ਜੋ ਸਾਡੀ ਪਿਤਰੀ ਸਾਂਝ ਦਾ ਪ੍ਰਮਾਣ ਹਨ। ਉਹ ਚੰਗੀ ਸੂਝ-ਬੂਝ ਵਾਲੇ ਹਨ, ਉਹ ਨਾ ਹੀ (ਮੁਸਲਮਾਨਾਂ ਵਾਂਗ) ਇੱਕ ਤੋਂ ਜ਼ਿਆਦਾ ਬੀਵੀਆਂ ਰੱਖਦੇ ਹਨ ਅਤੇ ਨਾ ਹੀ (ਹਿੰਦੂਆਂ ਵਾਂਗ) ਬੁਤ ਪੂਜ ਹਨ।



"ਕੀ ਕੈਨੇਡਾ ਵਲੋਂ ਭਾਰਤੀਆਂ ਨਾਲ ਕੀਤਾ ਜਾ ਰਿਹਾ ਸਲੂਕ ਜਾਇਜ਼ ਹੈ?

"ਅੱਜ ਅਸੀਂ ਵੈਸੇ ਹਰ ਮੂਲ ਦੇ ਵਿਦੇਸ਼ੀਆਂ ਨੂੰ 'ਜੀ ਆਇਆਂ' ਕਹਿ ਰਹੇ ਹਾਂ ਜਿਨ੍ਹਾਂ 'ਚ ਕਈਆਂ ਅੰਦਰ ਅੰਗ੍ਰੇਜ਼ੀ ਸਲਤਨਤ ਪ੍ਰਤੀ ਵਫਾਦਾਰੀ ਦਾ ਅੰਸ਼ ਨਾਮ ਮਾਤਰ ਵੀ ਨਹੀਂ ਹੈ, ਜੋ ਔਕੜ ਵੇਲੇ ਸਾਡੇ ਨਾਲ ਨਹੀਂ ਖੜ੍ਹਣਗੇ ਜਿਥੇ ਕਿ ਦੂਜੇ ਹੱਥ ਅਸੀਂ ਬੇ ਤੁਕੇ ਨਿਯਮਾਂ ਦੁਆਰਾ ਉਹਨਾਂ ਬਰਤਾਨਵੀ ਰਾਜ ਦੇ ਸਾਡੇ ਆਪਣੇ ਵਰਗੇ ਬਾਸ਼ਿੰਦਿਆਂ ਨੂੰ, ਜਿਹੜੇ ਸਲਤਨਤ ਲਈ ਜਾਨ ਦੀ ਬਾਜ਼ੀ ਲਾਉਣੋ ਵੀ ਪਿਛੇ ਨਹੀਂ ਹਟਣਗੇ, ਉਹਨਾਂ ਨੂੰ ਦੁਰਕਾਰ ਰਹੇ ਹਾਂ, ਤੇ ਉਹ ਵੀ ਉਹਨਾਂ ਨੀਚ ਵਰਗਾਂ ਦੇ ਦਬਾਅ ਹੇਠਾਂ ਜਿਹੜੇ ਓਰਲੇ-ਪਰਲੇ ਯੋਰਪੀ ਮੁਲਕਾਂ 'ਚੋਂ ਆਕੇ ਵਸੇ ਹੋਏ ਹਨ। ਸਿਖ ਇੱਕ ਸੰਮਾਨਜਣਕ ਕੁਲ (ਵੰਸ਼) 'ਚੋਂ ਹਨ, ਜਿਹੜੇ ਸੂਝਵਾਨ ਹਨ ਅਤੇ ਸਾਡੀ ਡਾਲਰ ਪ੍ਰਸਤੀ ਨੂੰ ਘਟੀਆ ਸਮਝਦੇ ਹਨ। ਉਹਨਾਂ ਨੂੰ ਜਦੋਂ ਤੇ ਜਿਥੇ ਵੀ ਮੌਕਾ ਮਿਲੇਗਾ, ਉਹ ਜ਼ਰੂਰ ਹੀ ਆਪਣੇ ਪਿਛਲੇ ਹਮਵਤਨਾਂ ਨੂੰ ਉਹਨਾਂ ਨਾਲ ਕੀਤੇ ਜਾਂਦੇ ਮੰਦੇ ਵਰਤਾਉ ਬਾਰੇ ਦਸਣਗੇ ਤੇ ਦੁਨੀਆਂ ਵਿੱਚ ਅਜੇਹੀਆਂ ਧਿਰਾਂ ਦੀ ਕੋਈ ਕਮੀ ਨਹੀਂ ਜਿਹੜੀਆਂ ਇਹਦਾ ਨਾਜਾਇਜ਼ ਲਾਹਾ ਲੈਣਗੀਆਂ। ਅਸੀਂ ਪਰਵਾਸੀਆਂ ਨੂੰ ਇਥੇ ਆਪਣੀਆਂ ਤੀਵੀਆਂ ਲਿਆਉਣ ਦੀ ਆਗਿਆ ਵੀ ਨਹੀਂ ਦੇ ਰਹੇ, ਜੋ ਹਰ ਇਨਸਾਨ ਦਾ ਜਨਮ ਸਿੱਧ ਅਧਿਕਾਰ ਹੈ, ਅਤੇ ਜੋ ਈਸਾਈ ਧਰਮ ਦੀਆਂ ਮਾਨਤਾਵਾਂ ਅਨੁਸਾਰ ਵੀ ਉਤਮ ਸਥਾਨ ਰੱਖਦਾ ਹੈ; ਨਾਲੇ ਜੋ 'ਸਿੱਧੇ ਸਫਰ' ਦਾ ਨਿਯਮ ਘੜਿਆ ਗਿਆ ਹੈ ਉਹ ਲੁਕਵੇਂ ਰੂਪ ਵਿੱਚ ਇਹਨਾਂ ਦੇ ਦਾਖ਼ਲੇ ਨੂੰ ਰੋਕਣ ਲਈ ਬਨਾਇਆ ਗਿਆ ਹੈ ਤੇ ਦੁਨੀਆਂ ਭਰ 'ਚ ਇਸ ਨੀਤੀ ਦੀ ਖਿਲੀ ਉੜਾਈ ਜਾ ਰਹੀ ਹੈ ਕਿ ਵੇਖੋ "ਇਹ (ਅਸੀਂ) ਕਿੰਨੇ ਕਾਇਰ ਹਾਂ ਕਿ ਜੋ ਅਸੀਂ ਸਿਧੇ ਰੂਪ ਵਿੱਚ ਕਰਨਯੋਗ ਨਹੀਂ, ਉਹ ਅਸਿੱਧੇ ਰੂਪ ਵਿੱਚ ਕਰ ਰਹੇ ਹਾਂ।"


(ਖੱਬਿਓਂ): ਭਾਈ ਨਰਾਇਨ ਸਿੰਘ, ਨੰਦ ਸਿੰਘ ਸੀਹਰਾ ਅਤੇ ਭਾਈ ਬਲਵੰਤ ਸਿੰਘ

## ਇੱਕ ਹੋਰ ਡੈਪੂਟੇਸ਼ਨ

ਮਾਰਚ 1913 ਦੌਰਾਨ ਇੱਕ ਹੋਰ ਵਫ਼ਦ ਬਰਤਾਨੀਆ ਸਰਕਾਰ ਵੱਲ ਨੂੰ ਭੇਜਿਆ ਗਿਆ; ਭਾਈ ਬਲਵੰਤ ਸਿੰਘ ਖ਼ੁਰਦਪੁਰ, ਭਾਈ ਨੰਦ ਸਿੰਘ ਸੀਹਰਾ ਅਤੇ ਭਾਈ ਨਰਾਇਨ ਸਿੰਘ, ਇਹ ਤਿੰਨੇ ਲੰਡਨ ਦੀ ਸਰਵਉਚ ਸਰਕਾਰ ਕੋਲ ਅਤੇ ਬਰਤਾਨੀਆਂ ਦੇ ਲੋਕਾਂ ਅੱਗੇ ਅਪਣਾ ਦੁਖੜਾ ਫੋਲਣ ਲਈ ਗਏ ਸਨ; ਲੈ ਦੇ ਕੇ ਵੱਡੀ ਸਰਕਾਰ ਵਲੋਂ ਤਾਂ ਇਸ ਮਾਮਲੇ 'ਚ

ਨੌਆਬਾਦੀਆਂ ਦੇ ਵਜ਼ੀਰ ਦੇ ਏ.ਡੀ.ਸੀ. (A.D.C.) ਫ਼ੌਜੀ ਸਹਾਇਕ ਨਾਲ ਹੀ ਭੇਂਟ ਹੋ ਸਕੀ ਜਿਸਨੇ ਸਰਕਾਰੇਆਲ੍ਹਾ ਵਲੋਂ ਇਹ ਕਹਿਕੇ ਪਲਾ ਝਾੜ ਲਿਆ ਕਿ ਇਹ ਮੁੱਦਾ ਕੈਨੇਡਾ ਤੇ ਹਿੰਦ ਸਰਕਾਰਾਂ ਦੇ ਅਧਿਕਾਰ ਖੇਤਰ ਵਿੱਚ ਆਉਂਦਾ ਹੈ।

ਵਫ਼ਦ ਨੇ 14 ਮਈ 1913 ਨੂੰ ਲੰਡਨ ਦੇ ਪ੍ਰਸਿੱਧ ਕੈਕਸਟਨ ਹਾਲ ਵਿੱਚ ਇੱਕ ਜਨਤਕ ਇਕੱਠ ਨੂੰ ਵੀ ਆਪਣੀ ਸਮਸਿਆ ਤੋਂ ਜਾਣੂ ਕਰਵਾਇਆ। ਪਿੱਛੋਂ ਉਹਨਾਂ ਭਾਰਤ ਪਹੁੰਚ ਕੇ ਲਾਹੌਰ ਦੇ ਲਾਮੀ ਬਰੈਡਲਾ ਹਾਲ ਅੰਦਰ ਜਨਤਕ ਇਕੱਠ 'ਚ ਆਪਣੀ ਦਾਸਤਾਨ ਸੁਨਾਈ। ਇਸ ਇਕੱਠ ਅੰਦਰ ਕਈ 'ਮੰਨੇ-ਪਰਮੰਨੇ' ਵਿਅਕਤੀ ਵੀ ਸ਼ਾਮਲ ਹੋਏ, ਜਿਨ੍ਹਾਂ ਦੀ ਸ਼ਮੂਲੀਅਤ ਪੰਜਾਬ ਦੇ ਗਵਰਨਰ ਸਰ ਮਾਈਕਲ ਓਡਵਾਇਰ ਨੂੰ ਬਹੁਤ ਰੜਕੀ ਸੀ।

ਇਸ ਤੋਂ ਪਿਛੋਂ ਉਹ ਪੰਜਾਬ ਦੇ ਗਵਰਨਰ ਨੂੰ ਵੀ ਮਿਲੇ, ਜਿਸ ਨੇ ਆਪਣੀ ਪੁਸਤਕ 'ਹਿੰਦੋਸਤਾਨ — ਜਿਵੇਂ ਮੈਂ ਇਸ ਨੂੰ ਜਾਣਿਆ' (*India As I Knew It*) (1885-1925) ਵਿੱਚ ਗ਼ਦਰ ਪਾਰਟੀ ਵੱਲ ਇਸ਼ਾਰਾ ਕਰਦਿਆਂ ਲਿਖਿਐ:

> "ਭਾਰਤੀਆਂ ਦੀ ਅਨਪੜ੍ਹਤਾ, ਉਹਨਾਂ ਦੀ ਹਰ ਤਰ੍ਹਾਂ ਦੀ ਗੱਲ 'ਤੇ ਭਰੋਸਾ ਕਰ ਲੈਣ ਦੀ ਰੁਚੀ, ਅਤੇ ਉਹਨਾਂ ਦਾ ਕੈਨੇਡਾ ਦੇ ਪਰਵਾਸੀ ਕਾਨੂੰਨਾਂ ਬਾਰੇ ਜਾਇਜ਼ ਜਾ ਨਾਜਾਇਜ਼ ਰੋਸ ਦਾ ਭਰਪੂਰ ਲਾਹਾ ਲੈਂਦਿਆਂ ਹਰਦਿਆਲ ਤੇ ਉਹਦੇ ਸਹਿਯੋਗੀਆਂ ਨੇ ਕਈ ਉਧਰਲੇ ਭਾਰਤੀ ਪਰਵਾਸੀਆਂ ਨੂੰ ਵਰਗ਼ਲਾ ਕੇ ਅੰਗ੍ਰੇਜ਼ੀ ਰਾਜ ਨੂੰ ਉਲਟਾਉਣ ਦੀ ਸਾਜਿਸ਼ ਵਿੱਚ ਸ਼ਾਮਿਲ ਹੋਣ ਲਈ ਲਾਮਬੰਦ ਕਰ ਲਿਆ ਸੀ।
> "1913 ਦੀਆਂ ਗਰਮੀਆਂ 'ਚ ਕੈਨੇਡਾ ਤੋਂ ਇੱਕ ਵਫ਼ਦ ਪੰਜਾਬ ਆਇਆ ਸੀ: ਦਰਅਸਲ ਉਸ ਦੇ ਮੈਂਬਰ ਗ਼ਦਰ ਪਾਰਟੀ ਦੇ ਹੀ ਅਗੇਤੇ ਦੂਤ (Advance agents) ਸਨ, ਭਾਵੇਂ ਕਿ ਸਾਨੂੰ ਇਸ ਤੱਥ ਬਾਰੇ ਉਦੋਂ ਜਾਣਕਾਰੀ ਨਹੀਂ ਸੀ। ਉਹ ਜ਼ਾਹਿਰਾ ਤੌਰ ਤੇ ਤਾਂ ਕੈਨੇਡਾ ਦੇ ਪਰਵਾਸੀ ਕਾਨੂੰਨਾਂ ਦੇ ਸਿੱਟੇ ਵਜੋਂ ਉਪਜੀਆਂ ਆਪਣੀਆਂ ਦੁਖ-ਤਕਲੀਫ਼ਾਂ ਬਾਰੇ ਏਧਰੀਆਂ ਸਰਕਾਰਾਂ ਤੇ ਆਮ ਲੋਕਾਂ ਨੂੰ ਜਾਗਰੂਕ ਕਰਨ ਲਈ ਹੀ ਆਏ ਸਨ ਅਤੇ ਉਹਨਾਂ ਪੰਜਾਬ ਦੇ ਕਈਆਂ ਸ਼ਹਿਰਾਂ-ਕਰਬਿਆਂ ਵਿੱਚ ਇਕੱਠ ਕੀਤੇ ਜਿਨ੍ਹਾਂ ਵਿੱਚ ਕੁਝ ਥਾਂਈਂ ਮੰਨੇ-ਪ੍ਰਮੰਨੇ ਵਫਾਦਾਰ (of proven loyality) ਵੀ ਹਾਜ਼ਰ ਪਾਏ ਗਏ ਸੀ, ਪਰ ਛੇਤੀ ਹੀ ਇਸ ਵਫਦ ਦੀ ਸੁਰ ਤਿੱਖੀ ਹੋ ਗਈ ਤੇ ਨਿਰੋਲ ਪਰਵਾਸ ਸੰਬੰਧੀ ਕਾਨੂੰਨੀ ਅੜਚਣਾਂ ਨੂੰ ਪਿੱਛੇ ਛਡਦਿਆਂ ਉਹਨਾਂ ਦੇ ਬਿਆਨ ਭੜਕਾਊ ਰੰਗਤ ਇਖ਼ਤਿਆਰ ਕਰਦੇ ਗਏ, ਤਾਂ ਫਿਰ ਮੈਂ ਵਫ਼ਦ ਮੈਂਬਰਾਂ ਨੂੰ ਚੇਤਾਵਨੀ ਦਿੱਤੀ ਕਿ ਜੇ ਉਹ ਅਜੇਹੀਆਂ ਹਰਕਤਾਂ ਤੋਂ ਬਾਜ਼ ਨਾ ਆਏ ਤਾਂ ਮੈਂ ਕੋਈ ਸਖਤ ਕਦਮ ਚੁਕਣ ਲਈ ਮਜਬੂਰ ਹੋਵਾਂਗਾ, ਕਿਉਂਕਿ ਉਸ ਵੇਲੇ ਪੰਜਾਬ ਦਿੱਲੀ-ਲਾਹੌਰ ਦੀਆਂ (ਹਿੰਸਕ) ਵਾਰਦਾਤਾਂ ਅਤੇ ਸੰਪਰਦਾਇਕ ਝਗੜਿਆਂ ਕਰਕੇ ਪਹਿਲਾਂ ਹੀ ਖਿਚੋਤਾਣ (Tension) ਵਾਲੇ ਦੌਰ 'ਚੋਂ ਲੰਘ ਰਿਹਾ ਸੀ।
> "ਵਫ਼ਦ ਨੇ ਮੇਰੇ ਨਾਲ ਵੀ ਮੁਲਾਕਾਤ ਕੀਤੀ ਅਤੇ ਮੈਂ ਉਹਨਾਂ ਕੋਲ ਆਪਣੀ ਉਪਰਲੀ ਚੇਤਾਵਨੀ ਦੁਹਰਾਈ; ਉਹਨਾਂ 'ਚੋਂ ਦੋ ਤਾਂ ਚਿਕਣੀ-ਚੋਪੜੀ ਜ਼ਬਾਨ ਵਾਲੇ ਸਨ, ਪਰ ਤੀਜੇ (ਸ਼ਾਇਦ ਭਾਈ ਬਲਵੰਤ ਸਿੰਘ) ਦੀ ਬੋਲ-ਬਾਣੀ ਇੱਕ ਖਤਰਨਾਕ ਬਾਗ਼ੀ ਵਾਲੀ ਸੀ, ਤੇ ਮੈਂ ਵਾਇਸਰਾਏ ਨੂੰ ਉਸ (ਤੀਜੇ) ਵਿਅਕਤੀ ਬਾਰੇ ਅਗਾਉਂ ਦੱਸ ਦਿੱਤਾ ਵੀ ਸੀ।"

ਪਿਛੋਂ ਵਫ਼ਦ ਨੇ ਵਾਇਸਰਾਏ ਨੂੰ ਵੀ ਇੱਕ ਯਾਦ ਪੱਤਰ ਦਿੱਤਾ ਜੀਹਦੇ ਪੈਰਾ 15 ਵਿੱਚ ਦਰਜ ਸੀ:—

> "ਜਿਥੇ ਕਿ ਜਾਪਾਨੀਆਂ ਨੂੰ ਤਾਂ ਕੈਨੇਡਾ ਵਿੱਚ ਤਿੰਨ ਸਾਲ ਰਹਿਣ ਪਿਛੋਂ ਹੀ ਪੱਕੇ ਵਸੇਬੇ (Naturalisation) ਦੇ ਦਸਤਾਵੇਜ਼ ਮਿਲ ਜਾਂਦੇ ਹਨ, ਪਰ ਹੁਣ ਤਕ ਹਜ਼ਾਰਾਂ ਹਿੰਦੀਆਂ ਨੂੰ ਉਥੇ ਕਿੰਨੇ ਸਾਲ ਰਹਿਣ ਪਿੱਛੋਂ ਵੀ ਇੱਕ ਨੂੰ ਵੀ ਇਹ ਸਹੂਲਤ ਪ੍ਰਦਾਨ ਨਹੀਂ ਕੀਤੀ ਗਈ।"

21 ਜਨਵਰੀ 1914 ਨੂੰ ਵਾਇਸਰਾਏ ਨੇ ਵਫ਼ਦ ਦੀ ਦਾਦ ਫ਼ਰਿਆਦ ਸੁਨਣ ਮਗਰੋਂ ਇਸ ਮਾਮਲੇ 'ਚ 'ਦਖਲ ਦੇਣੋਂ' ਸਾਫ਼ ਇਨਕਾਰ ਕਰ ਦਿੱਤਾ।

## ਹਿੰਦੀਆਂ ਨਾਲ ਇੱਕ ਹੋਰ ਠੱਗੀ

ਕੈਨੇਡਾ ਦੀ ਸਰਕਾਰ ਨੇ ਹਿੰਦੀਆਂ ਤੋਂ ਖਹਿੜਾ ਛੁਡਾਉਣ ਲਈ ਇਕ ਹੋਰ ਕਮੀਨੀ ਚਾਲ ਚਲੀ, ਜਿਹੜੀ ਹਿੰਦੀ ਭਜਾਉ ਜੁੰਡਲੀ ਦੀ ਸ਼ਹਿ ਤੇ ਹੀ ਰਚੀ ਗਈ ਸੀ; ਉਹ ਇਹ ਸੀ ਕਿ ਜੇ ਨਵੇਂ ਆਉਣ ਵਾਲੇ ਭਾਰਤੀ ਚਾਹੁਣ ਤਾਂ ਉਹਨਾਂ ਨੂੰ ਕੈਨੇਡਾ ਦੀ ਬਜਾਏ ਇੱਕ ਹੋਰ ਦੇਸ਼ ਭਾਵ ਹੋਂਡੁਰਾਜ਼ ਨਾਂਅ ਦੀ ਬਰਤਾਨਵੀ ਨਵਬਸਤੀ (ਜੋ ਦੱਖਣੀ ਅਮਰੀਕਾ ਦੇ ਦੂਰ ਦੁਰਾਡੇ ਪੱਛਮੀ ਤੱਟ 'ਤੇ ਸਿਥਤ ਹੈ) ਵਿੱਚ ਵਸੇਬਾ ਮਿਲ ਸਕਦਾ ਹੈ।

ਕੈਨੇਡਾ ਸਰਕਾਰ ਦੀ ਹੋਮ ਮਨਿਸਟਰੀ ਵਲੋਂ ਇਹ ਭਰੋਸਾ ਦਿੱਤਾ ਗਿਆ ਕਿ ਕੈਨੇਡਾ ਸਰਕਾਰ ਉਹਨਾਂ ਨੂੰ ਉਥੇ ਪੁਚਾਉਣ ਦੀ ਜ਼ੁਮੇਂਵਾਰੀ ਲੈਣ ਲਈ ਤਿਆਰ ਹੈ। ਕੈਨੇਡਾ 'ਚ ਹਿੰਦ ਸਰਕਾਰ ਦੇ ਗੋਰੇ ਏਜੰਟ, ਹੋਪਕਿਨਸਨ ਨੇ ਹਿੰਦੀਆਂ ਦੀ ਇਸ ਬਾਰੇ ਕੈਨੇਡਾ ਸਰਕਾਰ ਦੇ ਨੁਮਾਇੰਦੇ ਨਾਲ 8 ਅਕਤੂਬਰ 1908 ਨੂੰ ਮੀਟਿੰਗ ਕਰਾਈ ਤੇ ਹਿੰਦੀਆਂ ਦੇ ਦੋ ਸਿੱਖ ਨੁਮਾਇੰਦਿਆਂ ਨੂੰ ਹੋਪਕਿਨਸਨ ਤੇ ਇੱਕ ਹੋਰ ਅਧਿਕਾਰੀ ਹਾਰਿਨ ਨਾਲ ਬ੍ਰਿਟਿਸ਼ ਹੋਂਡੂਰਾਜ਼ ਜਾਣ ਲਈ ਰਾਜ਼ੀ ਕਰ ਲਿਆ; ਸੋ ਭਾਈ ਸ਼ਾਮ ਸਿੰਘ ਅਤੇ ਭਾਈ ਨਾਗਰ ਸਿੰਘ ਨੂੰ ਨਾਲ ਲੈ ਕੇ ਇਹ ਵਫ਼ਦ 25 ਅਕਤੂਬਰ 1908 ਨੂੰ ਉਥੇ ਪਹੁੰਚ ਗਿਆ।

ਇਸ ਦੋ ਮੈਂਬਰੀ ਵਫ਼ਦ ਨੇ ਕੈਨੇਡਾ ਵਾਪਸ ਆਕੇ 7 ਨਵੰਬਰ 1908 ਨੂੰ ਗੁਰਦੁਆਰਾ ਵੈਨਕੂਵਰ ਦੀ ਸੰਗਤ ਅੱਗੇ ਆਪਣੇ ਦੌਰੇ ਦੀ ਰਿਪੋਰਟ ਪੇਸ਼ ਕੀਤੀ ਕਿ—

> "ਹੋਂਡੁਰਾਜ਼ ਦਾ ਪੌਣ ਪਾਣੀ ਰਹਿਣਯੋਗ ਨਹੀਂ ਹੈ, ਤਨਖ਼ਾਹ ਵੀ ਬਹੁਤ ਮਾਮੂਲੀ ਮਿਲਦੀ ਹੈ; ਤਾਜ਼ਾ ਪਾਣੀ ਅਤੇ ਦੁੱਧ ਉਪਲਬਦ ਨਹੀਂ ਹੈ, ਤੇ ਨਹਾਉਣ-ਧੋਣ ਲਈ ਸਮੁੰਦਰ ਦਾ ਖਾਰਾ ਪਾਣੀ ਹੀ ਵਰਤਣਾ ਪੈਂਦਾ ਹੈ। ਮਛਰਾਂ ਦੀ ਭਰਮਾਰ ਹੈ ਜਿਹੜੀ ਬੀਮਾਰੀਆਂ ਦਾ ਘਰ ਹੈ। ਰੋਜ਼ਗਾਰ ਵੀ ਕਦੇ-ਕਦੇ ਹੀ ਮਿਲਦਾ ਹੈ। ਜਿਹੜੇ ਕੁਝ ਕੁ ਹਿੰਦੀ ਉਥੇ ਹੈਗੇ ਨੇ ਉਹ ਵੀ ਨਰਕ ਹੀ ਭੋਗ ਰਹੇ ਨੇ। ਸਾਨੂੰ 3000 ਡਾਲਰ ਦੀ ਰਿਸ਼ਵਤ ਦਾ ਲਾਲਚ ਦੇ ਕੇ ਚੰਗੀ ਰਿਪੋਰਟ ਦੇਣ ਲਈ ਰਾਜ਼ੀ ਕਰਨ ਦੀ ਵੀ ਕੋਸ਼ਿਸ਼ ਕੀਤੀ ਗਈ ਸੀ।"

ਸੰਗਤ ਨੇ ਸਰਬਸੰਮਤੀ ਨਾਲ ਹੋਂਡੂਰਾਸ ਜਾਣ ਵਾਲੀ ਤਜਵੀਜ਼ ਨੂੰ ਠੁਕਰਾ ਦਿੱਤਾ।

## ਪਰਵਾਸੀ ਮਸਲਾ ਅਤੇ ਗ਼ਦਰ ਲਹਿਰ — 1908-1912

ਸਪੈਸ਼ਲ ਟ੍ਰਿਬਿਊਨਲ ਦੀਆਂ ਨਜ਼ਰਾਂ ’ਚ:—

"1908 ਤੋਂ 1910 ਤੱਕ ਕੁਲ ਮਿਲਾਕੇ ਕੈਨੇਡਾ ’ਚ ਕੋਈ ਗੜਬੜੀ ਨਹੀਂ ਸੀ। ਸਾਡੀ ਜਾਣਕਾਰੀ ਅਨੁਸਾਰ 1910 ’ਚ ਨਵਾਂ ਕਾਨੂੰਨ ਲਾਗੂ ਕਰਕੇ ਕੈਨੇਡਾ ਆਉਣ ਵਾਲੇ ਹਰ ਯਾਤਰੀ ਲਈ ਆਪਣੇ ਦੇਸ਼ ਤੋਂ ਸਿੱਧੀ ਸਮੁੰਦਰੀ ਯਾਤਰਾ ਦੀ ਸ਼ਰਤ ਸਾਰੇ ਏਸ਼ੀਆ ਵਾਸੀਆਂ ਲਈ ਲਾਜ਼ਮੀ ਕਰ ਦਿੱਤੀ ਗਈ ਤੇ ਪਿਛੋਂ 200 ਡਾਲਰ ਨਕਦੀ ਨਾਲ ਲਿਆਉਣ ਦੀ ਸ਼ਰਤ ਵੀ ਨਾਲ ਜੋੜ ਦਿੱਤੀ ਗਈ ਸੀ।

"ਅਸੀਂ ਇਸ ਪੜਾਅ ਤੇ ਇਸ ਪਰਵਾਸੀ ਕਾਨੂੰਨ ਦੇ ਵਾਜਬ ਜਾ ਨਾਵਾਜਬ ਹੋਣ ਦੇ ਚੱਕਰ ਵਿੱਚ ਨਾ ਪੈਂਦੇ ਹੋਏ, ਇਤਨਾ ਹੀ ਕਹਿ ਸਕਦੇ ਹਾਂ ਕਿ ਇਹ ਪਾਬੰਦੀਆਂ ਭਾਰਤੀਆਂ ਤੇ ਹੀ ਨਹੀਂ ਲੱਗੀਆਂ ਸਨ (ਆਫਰੀਨ!) ਜਿਨ੍ਹਾਂ ਨੂੰ ਹਿੰਦੀਆਂ ਨੇ ਆਪਣੇ ’ਤੇ ਹੀ ਸੇਧਿਤ ਸਮਝ ਲਿਆ ਸੀ। ਇਹ ‘ਭਰਮ’ ਇਸ ਲਈ ਉਪਜਿਆ ਸੀ, ਕਿਉਂਕਿ ਬਰਤਾਨਵੀ ਸਲਤਨਤ ’ਚ ਕੇਵਲ ਭਾਰਤ ਹੀ ਐਸਾ ਦੇਸ਼ ਸੀ ਜਿਥੋਂ ਵੈਨਕੂਵਰ ਲਈ ਸਮੁੰਦਰੀ ਸਫ਼ਰ ਦੀ ਸਹੂਲਤ ਉਪਲਬਦ ਨਹੀਂ ਸੀ।

"1912 ਦੌਰਾਨ ਕੈਨੇਡਾ ਅੰਦਰ ਜੋ ਕੁੱਝ ਵਾਪਰਿਆ ਇਸ ਬਾਰੇ ਸਾਡੇ ਕੋਲ ਕੋਈ ਜਾਣਕਾਰੀ ਨਹੀਂ, ਪਰ 1913 ਵਿੱਚ ਹਾਲਾਤ ਚਿੰਤਾਜਨਕ ਹੋ ਗਏ ਸੀ; ਬੇਸ਼ਕ ਉਦੋਂ ਕੈਨੇਡਾ ’ਚ ਮਾਹੌਲ ਬੜਾ ਉਤੇਜਿਤ ਹੋ ਰਿਹਾ ਸੀ।

"ਜੂਨ 1913 ’ਚ ‘ਸੰਸਾਰ’ ਨਾਂਉਂ ਦਾ ਇੱਕ ਅਖਬਾਰ ਵਿਕਟੋਰੀਆ (ਬੀ.ਸੀ.) ਤੋਂ ਸ਼ੁਰੂ ਹੋਇਆ, ਜੋ ਕੁਝ ਕੁ ਪੰਜਾਬੀ ਤੇ ਬਾਕੀ ਅੰਗ੍ਰੇਜ਼ੀ ਜ਼ੁਬਾਨ ਵਿੱਚ ਸੀ ਤੇ ਜਿਸਨੂੰ ਬਤਨ ਸਿੰਘ, ਬਿਸ਼ਨ ਸਿੰਘ, ਦਿਆਲ ਸਿੰਘ, ਹਰੀ ਸਿੰਘ (ਭਾਈ) ਬਲਵੰਤ ਸਿੰਘ, ਮੁਨਸ਼ਾ ਸਿੰਘ ਤੇ ਪਿਆਰਾ ਸਿੰਘ ਲੰਗੇਰੀ (ਦੋਸ਼ੀਆਂ) ਦੀ ਹਮਾਇਤ ਹਾਸਿਲ ਸੀ, ਇਸ ਅਖਬਾਰ ਦਾ ਮੁੱਖ ਮੁੱਦਾ ਤਾਂ ਕੈਨੇਡਾ ਪਰਵਾਸ ਹੀ ਸੀ, ਪਰ ਕਦੇ-ਕਦੇ ਇਹਦੇ ’ਚ ਭੜਕਾਊ ਲੇਖ ਵੀ ਆਉਣ ਲੱਗ ਪਏ ਸੀ ਤੇ ਇਹ ਵਿਦਰੋਹੀ ਸੁਰ ਪਕੜਦਾ ਜਾ ਰਿਹਾ ਸੀ; ਏਥੋਂ ਤੱਕ ਕਿ ਕਈ ਵਾਰੀ ਜਾਣ ਬੁਝ ਕੇ ਤੱਥਾਂ ਨੂੰ ਤਰੋੜ-ਮਰੋੜ ਕੇ ਏਸ ਢੰਗ ਨਾਲ ਪੇਸ਼ ਕੀਤਾ ਜਾਂਦਾ ਸੀ ਕਿ ਹਿੰਦੀਆਂ ਨੂੰ ਸਰਕਾਰ ਵਿਰੁੱਧ ਭੜਕਾਇਆ ਜਾ ਸਕੇ। ਪਰ ਫਿਰ ਵੀ ਸਾਨੂੰ ਇਹਨਾਂ ਲਿਖਤਾਂ ਵਿੱਚ ਕੋਈ ਐਸਾ ਅੰਸ਼ ਨਹੀਂ ਮਿਲ ਸਕਿਆ ਜੋ ਲੋਕਾਂ ਨੂੰ ਕਾਨੂੰਨ ਆਪਣੇ ਹੱਥ ’ਚ ਲੈਣ ਜਾਂ ਏਸ ਦੀ ਉਲੰਘਣਾ ਕਰਨ ਜਾਂ ਭਾਰਤ ਅੰਦਰ ਬਗ਼ਾਵਤ ਕਰਨ ਵੱਲ ਪ੍ਰੇਰਿਤ ਕਰਦਾ ਹੋਵੇ। 1913 ’ਚ ਬਦਨਾਮ ਬਾਗ਼ੀ, ਭਗਵਾਨ ਸਿੰਘ ਗ੍ਰੰਥੀ ਵੀ ਜੋ ਕਿ ਅਤੀ ਖਤਰਨਾਕ ਮਫਰੂਰ ਵਿਅਕਤੀਆਂ ’ਚੋਂ ਸੀ, ਤੇ ਜੋ ਹਰ ਦਿਆਲ ਤੋਂ ਸ਼ਾਇਦ ਹੀ ਕੁੱਝ ਘੱਟ ਖ਼ਤਰਨਾਕ ਹੋਵੇਗਾ, ਕੈਨੇਡਾ ਦੀ ਫੇਰੀ ਤੇ ਆਇਆ ਸੀ।"


ਭਾਈ ਭਗਵਾਨ ਸਿੰਘ



## ਭਾਈ ਭਗਵਾਨ ਸਿੰਘ ਦਾ ਕੈਨੇਡਾ ਆਉਣਾ ਤੇ ਉਥੋਂ ਧਿੰਗੋਜ਼ੋਰੀ ਕੱਢੇ ਜਾਣਾ

ਬਦਨਾਮ ਗ਼ਦਾਰ ਬੇਲਾ ਸਿੰਘ ਜੋ ਵੈਨਕੂਵਰ ਦੇ ਪਰਵਾਸ ਮਹਿਕਮੇ ਦਾ ਹੱਥ ਠੋਕਾ ਸੀ, ਉਹ ਆਪਣੀ ਜੂਨ 1913 ਵੇਲੇ ਆਪਣੀ ਭਾਰਤ ਫੇਰੀ ਤੋਂ ਵਾਪਸੀ ਤੇ ਭਾਈ ਭਗਵਾਨ ਸਿੰਘ ਨੂੰ ਹਾਂਗ ਕਾਂਗ ਤੋਂ ਨਾਲ ਲੈ ਗਿਆ ਸੀ। ਭਾਈ ਭਗਵਾਨ ਸਿੰਘ ਸ਼ੁਰੂ ਵਿੱਚ ਪੀਨਾਂਗ ਵਿਖੇ ਗੁਰਦੁਆਰੇ ਦੇ ਗ੍ਰੰਥੀ ਰਹੇ ਸਨ, ਜੀਹਦੀ ਕਮੇਟੀ ਮਲਾਈਆ ਸਰਕਾਰ ਦੇ ਅਧੀਨ ਸੀ। ਕੁੱਝ ਚਿਰ ਪਿਛੋਂ ਉਹ ਹਾਂਗਕਾਂਗ ਚਲੇ ਗਏ ਜਿੱਥੇ ਉਹਨਾਂ ਤਿੰਨ ਸਾਲ ਉਥੋਂ ਦੇ ਪ੍ਰਮੁੱਖ ਗੁਰਦੁਆਰੇ ’ਚ ਗ੍ਰੰਥੀ, ਕਥਾਵਾਚਕ ਅਤੇ ਪ੍ਰਚਾਰਕ ਦੀ ਸੇਵਾ ਨਿਭਾਈ ਸੀ; ਉਹ ਉੱਚ ਕੋਟੀ ਦੇ ਵਿਦਵਾਨ, ਪਰੋੜ੍ਹ ਕਵੀ ਅਤੇ ਜਮਾਂਦਰੂ ਬੁਲਾਰੇ ਵੀ ਸਨ।

ਬੇਲਾ ਸਿੰਘ ਨੂੰ ਕੈਨੇਡਾ ਦੇ ਭਾਰਤੀਆਂ ਦੀਆਂ ਨਜ਼ਰਾਂ ’ਚ ਗ਼ਦਾਰ ਸਮਝਿਆ ਜਾਂਦਾ ਸੀ; ਉਸਨੇ ਹਿੰਦੀਆਂ ਅੰਦਰ ਆਪਣੇ ਸੂਹੀਏ ਛੱਡੇ ਹੋਏ ਸਨ, ਜੋ ਉਹਨੂੰ ਚੋਰੀ-ਛਿਪੇ ਲੋੜੀਂਦੀ ਜਾਣਕਾਰੀ ਦਿਆ ਕਰਦੇ ਸੀ; ਇਹਨਾਂ ਨੂੰ ਕਦੇ-ਕਦਾਈ ਸਿੰਗਾਪੁਰ ਆਦਿ ਥਾਵਾਂ ਤੇ ਅਟਕੇ ਹੋਏ ਆਪਣੇ ਭਾਈ-ਬੰਦਾ ਨੂੰ ਕੈਨੇਡਾ ਮੰਗਵਾਉਣ ਲਈ ਉਹਦਾ ਆਸਰਾ ਲੈਣਾ ਪੈਂਦਾ ਸੀ। ਬੇਲਾ ਸਿੰਘ ਸਿੱਧਾ ਹੋਪਕਿਨਸਨ ਦੇ ਅਧੀਨ ਸੀ, ਜੋ ਪੰਜਾਬੀ ਪਿਛੋਕੜ ਵਾਲਾ ਐਂਗਲੋ-ਇੰਡੀਅਨ ਸੀ ਅਤੇ ਜੋ ਹਿੰਦ ਸਰਕਾਰ ਦਾ ਖ਼ੁਫ਼ੀਆ ਏਜੰਟ ਸੀ।

ਬੇਲਾ ਸਿੰਘ ਦਾ ਭਗਵਾਨ ਸਿੰਘ ਨੂੰ ਨਾਲ ਲੈ ਜਾਣ ਦਾ ਲੁਕਵਾਂ ਮਕਸਦ ਸੀ ਕਿ ਉਸਨੂੰ ਵੈਨਕੂਵਰ ਗੁਰਦੁਆਰੇ ’ਚ ਸਥਾਪਤ ਕਰਾਕੇ ਉਥੋਂ ਦੇ ਪ੍ਰਬੰਧਕਾਂ ਵਿਰੁੱਧ ਵਰਤਿਆ ਜਾਏ, ਜੋ ਪਰਵਾਸੀਆਂ ਦੇ ਮਾਮਲਿਆਂ ’ਚ ਹੱਕ ਸੱਚ ਦੇ ਮੁਦਈ ਸਨ। ਹੌਲੀ-ਹੌਲੀ ਭਾਈ ਭਗਵਾਨ ਸਿੰਘ ਵੈਨਕੂਵਰ ਗੁਰਦੁਆਰੇ ਦੇ ਦੀਵਾਨਾਂ ’ਚ ਜਾਣ ਤਾਂ ਲੱਗ ਪਏ, ਪਰ ਉਹਨਾਂ ਉਥੋਂ ਦੇ ਕਾਰ-ਵਿਹਾਰ ਬਾਰੇ ਬੇਲਾ ਸਿੰਘ ਨੂੰ ਕਿਸੇ ਤਰ੍ਹਾਂ ਦੀ ਜਾਣਕਾਰੀ ਦੇਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਛੇਤੀ ਹੀ ਉਹਨਾਂ ਨੂੰ ਬੇਲਾ ਸਿੰਘ ਦੀ ਕਮੀਨੀ ਚਾਲ ਦਾ ਅਨੁਭਵ ਹੋ ਗਿਆ ਤੇ ਉਹ ਉਹਦੇ ਤੋਂ ਪਾਸੋਂ ਚਲੇ ਗਏ।

ਮਗਰੋਂ ਉਹ ਗੁਰਦੁਆਰੇ ਸੰਗਤਾਂ ਨੂੰ ਸੰਬੋਧਣ ਵੀ ਕਰਨ ਲੱਗ ਪਏ ਤੇ ਖਾਲਸਾ ਦੀਵਾਨ ਸੋਸਾਇਟੀ ਨੇ ਪ੍ਰਭਾਵਿਤ ਹੋਕੇ ਉਹਨਾਂ ਨੂੰ ਗ੍ਰੰਥੀ ਦੀ ਸੇਵਾ ਦੀ ਪੇਸ਼ਕਸ਼ ਕੀਤੀ, ਜੋ ਉਹਨਾਂ ਸਵੀਕਾਰ ਕਰ ਲਈ; ਬੇਲਾ ਸਿੰਘ ਅਤੇ ਹੋਪਕਿਨਸਨ ਨੂੰ ਜਦੋਂ ਇਹਦਾ ਪਤਾ ਲੱਗਾ ਤਾਂ ਉਹਨਾਂ ਦੇ ਸਤੀਂ ਕਪੜੀਂ ਅੱਗ ਲੱਗ ਗਈ।

ਉਹਨਾਂ ਭਾਈ ਭਗਵਾਨ ਸਿੰਘ ਨੂੰ ਜਾਅਲੀ ਪਾਸਪੋਰਟ ’ਤੇ ਸਫ਼ਰ ਕਰਨ ਦੇ ਦੋਸ਼ ਹੇਠਾਂ ਗ੍ਰਿਫਤਾਰ ਕਰਾ ਦਿੱਤਾ: ਖਾਲਸਾ ਦੀਵਾਨ ਸੋਸਾਇਟੀ ਨੇ ਉਹਨਾਂ ਨੂੰ ਜਮਾਨਤ ’ਤੇ ਰਿਹਾਅ ਕਰਵਾ ਲਿਆ; ਤੇ ਨਾਲੇ ਉਹਨਾਂ ਦੇ ਹੱਕ ਵਿੱਚ ‘ਹੇਬੀਅਸ ਕਾਰਪੋਸ’ (ਨਾਜਾਇਜ਼ ਹਿਰਾਸਤ) ਦੀ ਪਟੀਸ਼ਨ ਵੀ ਦਾਇਰ ਕਰ ਦਿੱਤੀ।

ਵੈਨਕੂਵਰ ਪਰਵਾਸ ਮਹਿਕਮੇ ਦਾ ਮੁੱਖੀ ਰੀਡ ਅਤੇ ਹੋਪਕਿਨਸਨ ਜੋ ਦੂਰੋਂ-ਨੇੜਿਉ ਭਾਈ-ਬੰਦ ਵੀ ਸਨ, ਦੋਵੇਂ ਹੀ ਭਾਈ ਭਗਵਾਨ ਸਿੰਘ ਦੇ ਕੱਟਰ ਵਿਰੋਧੀ ਸਨ, ਕਿਉਂਕਿ

ਉਹਨੂੰ ਉਹ ਆਪਣੀਆਂ ਕੋਝੀਆਂ-ਕਮੀਨੀਆਂ ਹਰਕਤਾਂ ਦੇ ਰਾਹ ਵਿੱਚ ਰੋੜਾ ਸਮਝਦੇ ਸਨ, ਜੋ ਹੈ ਵੀ ਦਰੁਸਤ ਸੀ; ਨਾਲੇ ਜਿੱਥੇ ਕਿ ਉਸਨੂੰ ਹੱਥਠੋਕੇ ਵਜੋਂ ਕੈਨੇਡਾ ਮੰਗਵਾਇਆ ਗਿਆ ਸੀ, ਉਹੀ ਖਾਲਸਾ ਦੀਵਾਨ ਸੋਸਾਇਟੀ ਨਾਲ ਰਲ਼ ਗਿਆ ਸੀ।

ਹੋਪਕਿਨਸਨ ਜੁੰਡਲੀ ਨੂੰ ਖਦਸ਼ਾ ਸੀ ਕਿ ਜੇ ਕਿਤੇ ਭਾਈ ਜੀ ਦੀ ਪਟੀਸ਼ਨ ਕਾਮਯਾਬ ਹੋ ਗਈ ਅਤੇ ਉਹ ਇਥੇ ਟਿਕੇ ਰਹਿਣ 'ਚ ਕਾਮਯਾਬ ਹੋ ਗਿਆ ਤਾਂ ਪਰਵਾਸ ਮਹਿਕਮੇ ਦੀ ਨੱਕ ਵੱਢੀ ਜਾਏਗੀ, ਤੇ ਉਹਦੀ ਸਾਖ ਮਿੱਟੀ 'ਚ ਰੁਲ਼ ਜਾਏਗੀ।

ਸੋ ਉਹਨਾਂ ਇੱਕ ਸਾਜਿਸ਼ ਰਚੀ; ਹੋਪਕਿਨਸਨ ਅਤੇ ਰੀਡ ਦੋਵੇਂ ਆਪ ਤਾਂ ਘੁਪ ਹਨੇਰੇ 'ਚ ਲੁਕੇ ਰਹੇ ਅਤੇ ਆਪਣੇ ਇੱਕ ਬੰਦੇ ਨੂੰ ਭਗਵਾਨ ਸਿੰਘ ਦੇ ਰਿਹਾਇਸ਼ੀ ਕਮਰੇ 'ਚੋਂ ਬੁਲਾ ਭੇਜਿਆ ਕਿ ਉਹਦਾ ਇੱਕ ਦੋਸਤ ਉਹਨੂੰ ਮਿਲਣਾ ਚਾਹੁੰਦੈ। ਜਦੋਂ ਭਾਈ ਜੀ ਬਾਹਰ ਆਏ ਤਾਂ ਉਹਨਾਂ ਨੂੰ ਦਬੋਚ ਲਿਆ ਗਿਆ ਤੇ ਮੁਸ਼ਕਾ ਬੱਨ੍ਹ ਕੇ ਰਾਤ ਦੇ ਘੁਪ ਹਨੇਰੇ 'ਚ ਇੱਕ ਕਿਸ਼ਤੀ ਵਿੱਚ ਜਾ ਸੁਟਿਆ ਅਤੇ ਚੋਰੀ-ਛਿਪੇ ਜਾਪਾਨ ਜਾ ਰਹੇ ਸਮੁੰਦਰੀ ਜਹਾਜ਼ ਤੇ ਚੜ੍ਹਾ ਕੇ ਦੇਸ਼ ਨਿਕਾਲਾ ਦੇ ਦਿੱਤਾ।

ਭਾਈ ਭਗਵਾਨ ਸਿੰਘ 19 ਨਵੰਬਰ 1913 ਨੂੰ ਜ਼ਬਰਦਸਤੀ ਬਾਹਰ ਭੇਜ ਦਿੱਤੇ ਗਏ ਸਨ; ਉਹ ਜਾਪਾਨ ਪਹੁੰਚ ਕੇ ਜਹਾਜ਼ੋ ਉਤਰੇ ਅਤੇ ਕੁੱਝ ਮਹੀਨੇ ਉਥੇ ਰਹਿ ਕੇ ਅਮਰੀਕਾ ਜਾ ਪਹੁੰਚੇ।

ਵੈਸੇ ਕੁਲ ਮਿਲਾਕੇ ਜਿੱਥੇ ਸਾਲ 1908 ਤੱਕ ਬੀ.ਸੀ. ਸੂਬੇ ਵਿੱਚ 6000 ਦੇ ਕਰੀਬ ਭਾਰਤੀ ਸਨ, ਉਸ ਤੋਂ ਪਿਛੋਂ 'ਸਿੱਧੇ ਸਫ਼ਰ' ਦੀ ਆੜ ਵਿੱਚ ਹਿੰਦੀਆਂ ਦੀ ਆਮਦ ਰੁਕ ਗਈ ਸੀ ਅਤੇ ਐਮ.ਟੀ. ਸਟੀਵਨਜ਼ ਦੀ ਅਗਵਾਈ ਹੇਠਾਂ ਚਲੀ ਸਿੱਖ ਵਿਰੋਧੀ ਲਹਿਰ ਦੇ ਸਿੱਟੇ ਵੱਜੋਂ ਉਥੇ ਉਹਨਾਂ ਲਈ ਰੋਜਗਾਰ ਦੇ ਦਰਵਾਜ਼ੇ ਬੰਦ ਹੋਣ ਲੱਗ ਪਏ ਤਾਂ ਉਹਨਾਂ ਅਮਰੀਕਾ ਵੱਲ ਨੂੰ ਜਾਣਾ ਸ਼ੁਰੂ ਕਰ ਦਿੱਤਾ ਅਤੇ ਸਿੱਟੇ ਵੱਜੋਂ 1911 ਤੱਕ ਬੀ.ਸੀ. ਵਿੱਚ ਉਹਨਾਂ ਦੀ ਗਿਣਤੀ ਕੇਵਲ 2342 ਹੀ ਰਹਿ ਗਈ ਸੀ।



3

# ਨਿੱਜੀ ਮਸਲਾ ਬਣਿਆ ਕੌਮੀ

ਕਿਸਮਤ ਫਿਰੀ ਜ਼ਮਾਨੇ ਨੇ ਗੇੜ ਲਾਇਆ, ਕੀਤੀ ਆਪ ਕ੍ਰਿਪਾ ਕਰਤਾਰ ਸਾਨੂੰ।
ਚਲੋ ਹਿੰਦੀਓ ਚਲੋ ਕੈਨੇਡੜੇ ਨੂੰ, ਕੇਹਾ ਸਿੰਘ ਗੁਰਦਿਤ ਸਰਦਾਰ ਸਾਨੂੰ।
ਦੁਖੀ ਸੁਖੀ ਪੈਸਾ ਪੈਸਾ ਜਮਾ ਕਰਕੇ, ਕੀਤਾ ਸਾਰਿਆਂ ਤਾਂਈ ਤੱਯਾਰ ਸਾਨੂੰ।
ਡਾਲੇ 70 ਹਜਾਰ ਨੂੰ ਬੋਟ ਲੈ ਕੇ, ਕੀਤਾ ਸਾਰਿਆਂ ਨੂੰ ਅਸਵਾਰ ਸਾਨੂੰ।
ਜਿਸ ਦੀ ਖੁਸ਼ੀ ਆ ਚੜ੍ਹੇ ਬੇਖ਼ੌਫ ਹੋ ਕੇ, ਕੇਹਾ ਸਿੰਘ ਗੁਰਦਿਤ ਲਲਕਾਰ ਸਾਨੂੰ।
ਨਾਲੇ ਦੇਖਨਾ ਜੇ ਕਦਰ ਆਪਣੀ ਨੂੰ, ਕਿਵੇਂ ਜਾਣੇ ਅੰਗ੍ਰੇਜ਼ੀ ਸਰਕਾਰ ਸਾਨੂੰ।
ਜਦੋਂ ਤੁਰਨ ਲੱਗੇ ਔਕੜ ਪੇਸ਼ ਆਈ, ਕਾਣੀ ਅੱਖ ਦਿਸ ਪਈ ਦਗ਼ੇਦਾਰ ਸਾਨੂੰ।
ਅੱਗੇ ਜਾਉਣੇ ਤੇ ਸਾਨੂੰ ਰੋਕ ਦਿੱਤਾ, ਇਹ ਬਦਮਾਸ਼ ਕੀਤਾ ਪੈਹਲਾ ਵਾਰ ਸਾਨੂੰ।
ਪਕੜ ਲਿਆ ਸਰਦਾਰ ਗੁਰਦਿਤ ਸਿੰਘ ਨੂੰ, ਬਹੁ ਸਵਾਲ ਕੀਤੇ ਪੇਚ ਦਾਰ ਸਾਨੂੰ।
ਕੀਤੇ ਯਤਨ ਡਰੌਣ ਦੇ ਹਿੰਦੀਆਂ ਨੂੰ, ਦਿਸ ਪਈ ਬਦਮਾਸ਼ ਦੀ ਕਾਰ ਸਾਨੂੰ।
ਨਹੀਂ ਡੋਲਣਾਂ ਹਿੰਦੀਓ ਸਬਰ ਕਰਨਾ, ਕੇਹਾ ਸਿੰਘ ਹੋਰਾਂ ਥਾਪੀ ਮਾਰ ਸਾਨੂੰ।
ਜਾਣਾ ਵਿੱਚ ਕੈਨੇਡੇ ਜਰੂਰ ਇੱਕ ਬਾਰ, ਕੀਤੇ ਸ਼ੇਰ ਇਹ ਕੌਲ ਇਕਰਾਰ ਸਾਨੂੰ।
ਆਖਰ ਰਵਾਂ ਹੋਇਆ ਬੇੜਾ ਖਾਲਸੇ ਦਾ, ਖੜਕਨ ਲੱਗ ਪਈ ਤਾਰ ਪਰ ਤਾਰ ਸਾਨੂੰ।
ਸੁਣੋ ਹਿੰਦੀਓ ਜ਼ਰਾ ਧਯਾਨ ਦੇ ਕੇ, ਗਲਾਂ ਸੁਣਦਿਆਂ ਸਾਰ ਘਬਰਾਵਨਾ ਨਾ।
ਸਾਡਾ ਹਾਲ ਗਰੀਬਾਂ ਦਾ ਦਰਦ ਭਰਿਆ, ਖੋਲ੍ਹ ਦਸਦੇ ਹਾਂ ਮੂੰਹ ਭਵਾਵਨਾ ਨਾ।

'ਗ਼ਦਰ ਗੂੰਜ', ਅਕਤੂਬਰ 1914

### ਇੱਕ ਹਾਂ-ਪੱਖੀ ਅਦਾਲਤੀ ਫ਼ੈਸਲਾ

27 ਅਕਤੂਬਰ 1913 ਨੂੰ 39 ਭਾਰਤੀ (ਸਾਰੇ ਸਿੱਖ) ਬੀ.ਸੀ. ਦੀ ਵਿਕਟੋਰੀਆ ਬੰਦਰਗਾਹ ਤੇ ਉਤਰੇ ਤਾਂ ਪਰਵਾਸ ਮਹਿਕਮੇ ਨੇ ਉਹਨਾਂ ਨੂੰ ਵਾਪਸ ਭੇਜਣ ਦਾ ਹੁਕਮ ਜਾਰੀ ਕਰਕੇ ਹਿਰਾਸਤ 'ਚ ਲੈ ਲਿਆ। ਉਹਨਾਂ ਵੱਲੋਂ ਹੇਬੀਅਸ ਕਾਰਪਸ ਪਟੀਸ਼ਨ ਦਾਇਰ ਕੀਤੇ ਜਾਣ ਤੇ ਉਹਨਾਂ ਨੂੰ ਅਦਾਲਤ ਵਿੱਚ ਪੇਸ਼ ਕੀਤਾ ਗਿਆ; ਚੀਫ਼ ਜਸਟਿਸ ਹੰਟਰ ਦੇ ਅਦਾਲਤੀ ਫੈਸਲੇ ਨੇ ਪਰਵਾਸ ਮਹਿਕਮੇਂ ਦੀ ਇਸ ਕਾਰਵਾਈ ਨੂੰ ਗੈਰ ਕਾਨੂੰਨੀ ਕਰਾਰ ਦੇ ਕੇ ਬੰਦੀ ਸਿਖਾਂ ਦੀ ਰਿਹਾਈ ਦਾ ਹੁਕਮ ਜਾਰੀ ਕਰ ਦਿੱਤਾ।

ਇਹਨਾਂ ਸਿੱਖਾਂ ਨੂੰ ਉੱਥੋਂ ਦੀ ਸਿੱਖ ਸੰਗਤ ਇੱਕ ਜਲੂਸ ਦੀ ਸ਼ਕਲ ਵਿੱਚ ਗੁਰਦੁਆਰੇ



39 ਸਿੱਖ ਵਿਕਟੋਰੀਆ ਦੀ ਹਵਾਲਾਤ ਵਿੱਚ

ਲੈ ਗਈ ਜਿੱਥੇ ਸੰਗਤਾਂ ਨੇ ਖੁਸ਼ੀਆਂ ਮਨਾਈਆਂ। ਉਹਨਾਂ ਨੇ ਭਾਈ ਬਲਵੰਤ ਸਿੰਘ ਨੂੰ (ਜੋ ਉਸ ਵੇਲੇ ਵਫਦ ਲੈਕੇ ਇੰਗਲੈਂਡ ਹੋਕੇ ਭਾਰਤ ਪਹੁੰਚੇ ਹੋਏ ਸਨ) ਤਾਰ ਰਾਹੀਂ ਇਹ ਖਬਰ ਭੇਜ ਦਿੱਤੀ: ਇਹੀ ਖ਼ਬਰ ਰੰਗੂਨ, ਪੇਨਾਂਗ, ਸਿੰਗਾਪੁਰ, ਹਾਂਗ-ਕਾਂਗ, ਸ਼ੰਘਾਈ ਵਿਖੇ ਨਸ਼ਰ ਕਰ ਦਿੱਤੀ ਗਈ, ਸਿੱਟੇ ਵਜੋਂ ਜਣਾ-ਖਣਾ ਕੈਨੇਡਾ ਜਾਣ ਲਈ ਤਿਆਰ ਹੋ ਗਿਆ।

## ਗੁਰੂ ਨਾਨਕ ਸਟੀਮਸ਼ਿਪ ਕੰਪਨੀ ਕਿਵੇਂ ਹੋਂਦ ਵਿੱਚ ਆਈ — ਸਰਕਾਰੀ ਅਟਕਲਾਂ

ਦੋ ਉਘੇ ਅੰਗ੍ਰੇਜ਼ ਅਧਿਕਾਰੀਆਂ, ਆਈਸਮੋਂਗਰ ਤੇ ਸਕਾਟਰੀ ਨੂੰ 1913-16 ਦੌਰਾਨ ਰਚੀ ਗਈ ਗ਼ਦਰ ਸਾਜਿਸ਼ ਬਾਰੇ ਰਿਪੋਰਟ ਤਿਆਰ ਕਰਨ ਲਈ ਕਿਹਾ ਗਿਆ ਸੀ, ਜਿਨ੍ਹਾਂ ਇਹ ਰਿਪੋਰਟ 1922 ਵਿੱਚ ਪੇਸ਼ ਕੀਤੀ ਸੀ।

ਹੋਰਨਾਂ ਮੁੱਦਿਆਂ ਤੋਂ ਇਲਾਵਾ ਇਸ ਰਿਪੋਰਟ ਵਿੱਚ 1913 ਦੌਰਾਨ ਕੈਨੇਡਾ ਤੋਂ ਪਰਵਾਸੀ ਭਾਰਤੀਆਂ ਵੱਲੋਂ ਇੰਗਲੈਂਡ ਅਤੇ ਭਾਰਤ ਭੇਜੇ ਗਏ ਵਫ਼ਦ ਦੀ ਭਾਰਤ ਫੇਰੀ ਦੌਰਾਨ ਹੀ ਗੁਰੂ ਨਾਨਕ ਸਟੀਮਸ਼ਿਪ ਕੰਪਨੀ ਦੇ ਕਿਆਮ ਦੀ ਗੰਢ-ਤੁਪ ਦਾ ਵੀ ਖੁਲਾਸਾ ਕੀਤਾ ਹੈ ਜਿਸ ਨੇ ਅੱਗੋਂ ਜਾਕੇ ਕੋਮਾਗਾਟਾ ਮਾਰੂ ਜਹਾਜ਼ ਦਾ ਪ੍ਰਬੰਧ ਆਪਣੇ ਹੱਥ 'ਚ ਲਿਆ ਸੀ।

ਰਿਪੋਰਟ ਅਨੁਸਾਰ, "ਇਸ ਵਫ਼ਦ ਦੀਆਂ (ਭਾਰਤ ਵਿੱਚ) ਸਰਗਰਮੀਆਂ ਦਾ ਉੱਲੇਖ ਜ਼ਰੂਰੀ ਹੈ; ਇਸ ਤਿੰਨ ਮੈਂਬਰੀ ਵਫ਼ਦ ਨੇ ਵਿਸ਼ਾਲ ਪੱਧਰ ਤੇ ਬੇਚੈਨੀ ਫੈਲਾਈ ਸੀ।

"ਇਹਨਾਂ ਦੁਆਰਾ ਕੀਤੀਆਂ ਗਈਆਂ ਮੀਟਿੰਗਾਂ ਲਈ ਹਰ ਪ੍ਰਕਾਰ ਦੇ ਜਨਤਕ ਪਲੇਟਫਾਰਮਾਂ ਅਤੇ ਧਾਰਮਿਕ ਅਸਥਾਨਾਂ ਦਾ ਭਰਪੂਰ ਲਾਭ ਉਠਾਇਆ ਗਿਐ ਤੇ ਹਰ ਵਰਗ ਦੇ ਆਗੂਆਂ, ਜਿਵੇਂ ਧਾਰਮਿਕ, ਪੱਤਰਕਾਰ, ਵਕੀਲ, ਸਾਰਿਆਂ ਦੇ ਸਹਿਯੋਗ ਨਾਲ ਪੰਜਾਬ ਦੇ ਕਈ ਸ਼ਹਿਰਾਂ ਵਿੱਚ ਜਲਸੇ-ਬੈਠਕਾਂ ਕਰਕੇ ਪਰਵਾਸ ਦੇ ਮੁੱਦੇ ਦੀ ਆੜ ਵਿੱਚ ਇਹ ਲੋਕੀ



ਵਾਵਰੋਲੇ ਵਾਂਗ ਛਾ ਗਏ ਸਨ। ਇਹਨਾਂ ਦੇ ਸਮਰਥਕਾਂ ਵਿੱਚ ਹੋਰਨਾਂ ਤੋਂ ਇਲਾਵਾ ਪ੍ਰਸਿੱਧ ਕੌਮੀ ਆਗੂ ਸੁਰਿੰਦਰ ਨਾਥ ਬੈਨਰਜੀ ਵੀ ਸ਼ਾਮਿਲ ਸਨ....... ਨਾਲੇ ਬਲਵੰਤ ਸਿੰਘ ਨੇ ਆਪਣੀ ਲਾਇਲਪੁਰ ਫੇਰੀ ਮੌਕੇ ਹਰਚੰਦ ਸਿੰਘ ਨਾਲ ਦੋਸਤੀ ਕਰ ਲਈ ਜਿਸ ਨੇ ਕਿ 1913-14 ਵੇਲੇ ਦਿੱਲੀ ਦੇ ਗੁਰਦੁਆਰਾ ਰਕਾਬ ਗੰਜ ਦੀ (ਸਰਕਾਰ ਵੱਲੋਂ) ਕੰਧ ਢਾਹੇ ਜਾਣ ਵਿਰੁੱਧ ਵਾਵੇਲਾ ਮਚਾਇਆ ਸੀ ਤੇ ਲਗਦੈ ਪਿਛੋਂ ਵੀ ਇਸ ਦਾ ਬਲਵੰਤ ਸਿੰਘ ਨਾਲ ਪੱਤਰ-ਵਿਹਾਰ ਚਲਦਾ ਹੀ ਰਿਹਾ ਸੀ ਤੇ ਜੋ ਸਰਕਾਰ ਪੱਖੀ ਚੀਫ਼ ਖਾਲਸਾ ਦੀਵਾਨ ਦੇ ਟਾਕਰੇ ਲਈ ਸਰਕਾਰ ਵਿਰੋਧੀ ਸਿੱਖ ਸੰਸਥਾ ਦੇ ਕਿਆਮ ਲਈ ਸਰਗਰਮ ਸੀ।

"ਓਸ ਪੜਾਅ ਤੇ ਸਾਡੇ ਵੱਲੋਂ ਇਹਨਾਂ ਨੁਮਾਇੰਦਿਆਂ ਦੀ ਭਾਰਤ ਫੇਰੀ ਦੀ ਅਹਿਮੀਅਤ ਦਾ ਅਹਿਸਾਸ ਨਹੀਂ ਸੀ ਕੀਤਾ ਗਿਆ, ਪਰ ਹੁਣ ਸਾਫ਼ ਜਾਹਿਰ ਹੋ ਗਿਆ ਹੈ ਕਿ ਇਹ ਫੇਰੀ ਇਨਕਲਾਬੀ ਸਾਜਿਸ਼ ਦੀ ਹੀ ਜੋੜਵੀਂ ਕੜੀ ਸੀ ਅਤੇ ਜੀਹਦਾ ਮੁੱਖ ਮਕਸਦ ਭਾਰਤ ਵਿਚਲੇ ਹਿੰਦੀਆਂ ਅਤੇ ਕੈਨੇਡਾ ਦੇ ਪਰਵਾਸੀਆਂ ਵਿਚਾਲੇ ਭਾਵੁਕ ਸਾਂਝ ਨੂੰ ਬੜ੍ਹਾਵਾ ਦੇਣਾ ਸੀ।"

ਇਸੇ ਰਿਪੋਰਟ ਵਿੱਚ ਭਾਈ ਬਲਵੰਤ ਸਿੰਘ ਦਾ ਉਚੇਚਾ ਉਲੇਖ ਕੀਤਾ ਗਿਆ ਹੈ:—

> "ਉਸਨੇ ਸਰਦਾਰ ਹਰਚੰਦ ਸਿੰਘ ਨੂੰ ਅੰਗ੍ਰੇਜ਼ ਸਰਕਾਰ ਵਿਰੁੱਧ ਡੱਟਣ, ਤੇ ਚੀਫ਼ ਖਾਲਸਾ ਦੀਵਾਨ ਦੀ ਸਾਖ ਨੂੰ ਮਿੱਟੀ 'ਚ ਰੋਲਣ ਲਈ ਪ੍ਰੇਰਿਆ, (ਕਿਉਂਕਿ)...ਉਹਨੇ ਆਪਣੀ ਭਾਰਤ ਫੇਰੀ ਦੌਰਾਨ ਇਹ ਭਲੀ-ਭਾਂਤ ਵੇਖ-ਸਮਝ ਲਿਆ ਸੀ ਕਿ ਚੀਫ਼ ਖਾਲਸਾ ਦੀਵਾਨੀਏ ਕੇਵਲ ਸਰਕਾਰ ਦਾ ਹੱਥ ਠੋਕਾਂ ਹੀ ਹਨ, ਜੀਹਦੇ ਬਦਲ ਵਜੋਂ ਉਹਨੇ ਇੱਕ ਨਵੀਂ ਸਿੱਖ ਸੋਸਾਇਟੀ ਕਾਇਮ ਕਰਨ ਦਾ ਸੁਝਾਅ ਦਿੱਤਾ ਸੀ, ਜੀਹਦਾ ਮੁੱਖ ਦਫਤਰ ਲਾਹੌਰ ਹੋਵੇ ਤੇ ਜੀਹਦੇ ਵਿੱਚ ਭਾਰਤ 'ਚ ਅਤੇ ਵਿਦੇਸ਼ੀਂ ਰਹਿੰਦੇ ਸਿੱਖਾਂ ਦੀ ਸ਼ਮੂਲਿਅਤ ਹੋਵੇ, ਅਤੇ ਜੋ ਇੱਕ ਰਸਾਲਾ ਵੀ ਸ਼ੁਰੂ ਕਰੇ; ਭਾਵ ਉਹਦੀ ਮਨਸ਼ਾ ਸੀ ਕਿ ਸਿੱਖ ਸੰਗਤ ਚੀਫ਼ ਖਾਲਸਾ ਦੀਵਾਨ ਵਰਗੀ ਸੰਸਥਾ, ਜੋ ਸਰਕਾਰੀ ਪਿਠੂਆਂ, ਵੱਡੇ ਜ਼ਿਮੀਂਦਾਰਾਂ ਅਤੇ ਧਨਾਡਾਂ ਦੀ ਜਮਾਤ ਹੈ ਉਹਦੀ ਥਾਂ ਤੇ ਸਾਧਾਰਨ ਸਿੱਖ ਕਿਰਸਾਨੀ ਅਤੇ ਆਮ ਲੋਕਾਂ ਦੇ ਹਿਤਾਂ ਦੀ ਰੱਖਵਾਲੀ ਕਰਨ ਵਾਲੀ ਜਥੇਬੰਦੀ ਹੋਂਦ ਵਿੱਚ ਆਵੇ। ਉਸ ਵੇਲੇ 'ਖਾਲਸਾ ਸਮਾਚਾਰ' ਹੀ ਇੱਕੋ-ਇੱਕ ਗੁਰਮੁੱਖੀ ਰਸਾਲਾ ਸੀ, ਜੋ ਚੀਫ਼ ਖਾਲਸਾ ਦੀਵਾਨ ਚਲਾਉਂਦਾ ਸੀ, ਤੇ ਜੋ ਕਦੇ ਭੁਲ ਕੇ ਵੀ ਪਰਵਾਸੀ ਸਿੱਖਾਂ ਦੇ ਦੁਖੜਿਆਂ ਦਾ ਜ਼ਿਕਰ ਨਹੀਂ ਸੀ ਕਰਦਾ। ਇਸ ਲਈ ਉਹ (ਬਲਵੰਤ ਸਿੰਘ) ਚਾਹੁੰਦਾ ਸੀ ਕਿ ਇਹਦੀ ਬਜਾਏ ਇੱਕ ਨਵੀਂ ਸੋਸਾਇਟੀ ਬਣੇ ਤੇ ਉਹ ਆਪਣਾ ਰਸਾਲਾ ਜਾਰੀ ਕਰੇ।"

ਰਿਪੋਰਟ ਵਿੱਚ ਖੁਲ੍ਹ ਕੇ ਕਿਹਾ ਗਿਆ ਸੀ ਕਿ "ਹਾਲਾਂਕਿ ਜਿਹੜਾ ਸ਼ਖਸ ਵੀ ਕੈਨੇਡੀਅਨ ਸਿੱਖਾਂ ਨਾਲ ਹਮਦਰਦੀ ਰੱਖਦਾ ਸੀ, ਉਹਨੂੰ ਸਰਕਾਰ ਵਿਰੋਧੀ ਤੇ ਬਾਗ਼ੀ ਸਮਝਿਆ ਗਿਆ ਸੀ, ਪਰ ਹਕੀਕਤ ਵਿੱਚ ਵੱਡੀ ਗਿਣਤੀ ਵਿੱਚ ਹਿੰਦੂਆਂ, ਸਿੱਖਾਂ ਅਤੇ ਮੁਸਲਮਾਨਾਂ ਨੇ ਇੱਕ ਆਵਾਜ਼ ਹੋਕੇ ਇਸ ਮੁੱਦੇ ਤੇ ਕੈਨੇਡੀਅਨ ਅਤੇ ਹਿੰਦ ਸਰਕਾਰ ਦੋਹਾਂ ਦੀ ਨਿਖੇਧੀ ਕੀਤੀ ਸੀ।"

ਭਾਵੇਂ ਕਿ ਇਸ ਸਿਲਸਿਲੇ 'ਚ 1911 ਵੇਲੇ ਭਾਈ ਬਲਵੰਤ ਸਿੰਘ ਹੋਰੀਂ ਭਾਰਤ

ਆਏ ਸਨ ਤਾਂ ਉਹਨਾਂ ਦਾ ਮਿਸਨ ਕੇਵਲ ਪਰਵਾਸੀ ਭਾਰਤੀਆਂ ਦੇ ਪਰਿਵਾਰਾਂ ਨੂੰ ਉਥੇ ਲੈ ਜਾਣ ਤੱਕ ਹੀ ਸੀਮਤ ਸੀ; ਉਹਨਾਂ ਸੁਝਾਇਆ ਤਾਂ ਉਦੋਂ ਵੀ ਸੀ ਕਿ ਜਿੰਨਾ ਚਿਰ ਆਪਣੀ ਜਹਾਜ਼ੀ ਕੰਪਨੀ ਨਹੀਂ ਹੋਵੇਗੀ ਉਨੀ ਦੇਰ ਇਹ ਸਥਿਤੀ ਜਿਉਂ ਦੀ ਤਿਉਂ ਹੀ ਬਣੀ ਰਹੇਗੀ।

ਇਹ ਸੱਚਮੁੱਚ ਹੀ ਵੇਲੇ ਦੇ ਆਗੂਆਂ ਲਈ ਇਮਤਿਹਾਨ ਦੀ ਘੜੀ ਸੀ।

ਹੁਣ (1913) ਉਸੇ ਤਰ੍ਹਾਂ ਦੇ ਵਫ਼ਦ ਨੇ ਸਾਰੇ ਪੰਜਾਬ ਦਾ ਦੌਰਾ ਕੀਤਾ ਤੇ ਖੁਲਮ-ਖੁਲ੍ਹਾ ਐਲਾਨ ਕੀਤਾ ਕਿ ਸਾਡੇ ਲਈ ਆਪਣੀ ਜਹਾਜ਼ੀ ਕੰਪਨੀ ਦਾ ਕਿਆਮ ਲਾਜ਼ਮੀ ਹੈ, ਜਿਹੜੀ ਸਿੱਧੀ ਕਲਕੱਤੇ ਤੋਂ ਵੈਨਕੂਵਰ ਦਰਮਿਆਨ ਚਲਦੀ ਹੋਵੇ।

ਜਦੋਂ ਭਾਈ ਬਲਵੰਤ ਸਿਘ ਫ਼ਿਰੋਜ਼ਪੁਰ ਗਏ ਤਾਂ ਉਥੇ ਖਾਲਸਾ ਗਰਲਜ਼ ਹਾਈ ਸਕੂਲ (ਕੰਨਿਆ ਮਹਾਵਿਦਾਲਿਆ) ਦੇ ਮੈਨੇਜਰ ਭਾਈ ਤਖਤ ਸਿੰਘ ਕੋਲ ਠਹਿਰੇ; ਭਾਈ ਤਖਤ ਸਿੰਘ ਤੋਂ ਇਲਾਵਾ ਸਰਦਾਰ ਹਰਚੰਦ ਸਿੰਘ ਲਾਇਲਪੁਰੀ, ਸਿੰਘ ਸਭਾ ਅੰਮ੍ਰਿਤਸਰ ਦੇ ਸਕੱਤਰ ਭਾਈ ਦੇਵਾ ਸਿੰਘ, ਚੀਫ਼ ਖਾਲਸਾ ਦੀਵਾਨ ਦੇ ਸੀਨੀਅਰ ਧਾਰਮਿਕ ਲੈਕਚਰਾਰ ਭਾਈ ਬੁੱਧ ਸਿੰਘ ਅਤੇ ਤਰਨਤਾਰਨ ਦੇ ਭਾਈ ਮੋਹਨ ਸਿੰਘ ਵੈਦ ਨੇ ਵੀ ਸੱਚੇ ਦਿਲੋਂ ਭਾਈ ਬਲਵੰਤ ਸਿੰਘ ਦੇ ਸੁਝਾਅ ਦੀ ਭਰਪੂਰ ਹਮਾਇਤ ਕੀਤੀ।

ਭਾਈ ਤਖਤ ਸਿੰਘ ਤਾਂ ਆਪਣੀ ਜਹਾਜ਼ੀ ਕੰਪਨੀ ਬਣਾਉਣ ਲਈ ਐਨੇ ਤੁਲੇ ਹੋਏ ਸਨ ਕਿ ਜਦੋਂ ਵਫ਼ਦ ਉਹਨਾਂ ਕੋਲ ਠਹਿਰਿਆ ਸੀ ਤਾਂ ਉਹਨਾਂ ਖੜ੍ਹੇ ਪੈਰੀਂ ਆਪਣੇ ਸਕੱਤਰ ਭਾਈ ਦਲਜੀਤ ਸਿੰਘ ਅਤੇ ਮੀਤ ਸਕੱਤਰ ਭਾਈ ਵੀਰ ਸਿੰਘ ਦੀਆਂ ਸੇਵਾਵਾਂ ਇਸ ਕਾਰਜ ਲਈ ਸੌਂਪ ਦਿੱਤੀਆਂ ਸੀ।

ਜਿਵੇਂ ਰਿਪੋਰਟ ਅਨੁਸਾਰ, "ਉਸ ਵੇਲੇ (1913 ਵਿੱਚ) ਵਫ਼ਦ ਤਾਂ ਅਜੇ ਭਾਰਤ ਵਿੱਚ ਹੀ ਸੀ ਅਤੇ ਇਹ ਅਚੰਭੇ ਜਹੇ ਵਾਲੀ ਗੱਲ ਹੈ ਕਿ ਜਦੋਂ ਗੁਰਦਿੱਤ ਸਿੰਘ ਹਾਂਗਕਾਂਗ ਪਹੁੰਚਿਆ ਤੇ ਜਹਾਜ ਠੇਕੇ 'ਤੇ ਲਿਆ, ਤਾਂ ਉਸ ਮੌਕੇ ਉਹਦੇ ਨਾਲ ਦਲਜੀਤ ਸਿੰਘ ਨਾਂ ਦਾ ਇੱਕ ਵਿਅਕਤੀ ਆ ਰਲ਼ਿਆ ਸੀ, ਜੋ ਕੁਝ ਹੀ ਚਿਰ ਪਹਿਲਾਂ 'ਪੰਜਾਬੀ ਭੈਣ' ਨਾਂਅ ਦੇ ਮਾਸਿਕ ਰਸਾਲੇ ਦਾ ਮੀਤ-ਸੰਪਾਦਕ ਸੀ, ਜੋ ਇਸਤਰੀ ਵਿੱਦਿਆ ਦਾ ਪ੍ਰਚਾਰ ਕਰਦਾ ਸੀ ਤੇ ਜੋ ਸਿੱਖ ਮਹਾਕੰਨਿਆ ਵਿਦਾਲਿਆ ਦੀ ਛੱਤਰ-ਛਾਇਆ ਹੇਠ ਹੀ ਪ੍ਰਕਾਸ਼ਤ ਹੁੰਦਾ ਸੀ। ਜਿਵੇਂ ਕਿ ਉਪਰ ਜ਼ਿਕਰ ਆਇਆ ਹੈ ਕਿ ਇਹ ਸੰਸਥਾ ਤਖਤ ਸਿੰਘ ਹੀ ਚਲਾਉਂਦਾ ਹੈ ਜੀਹਦੇ ਕੋਲ ਫ਼ਿਰੋਜ਼ਪੁਰ 'ਚ ਵਫ਼ਦ ਠਹਿਰਿਆ ਸੀ; ਦਲਜੀਤ ਸਿੰਘ ਗੁਰਦਿੱਤ ਸਿੰਘ ਦਾ ਸਕੱਤਰ ਬਣ ਗਿਐ, ਤੇ ਉਹਦੀ ਹਰੇਕ ਸਰਗਮੀ ਦਾ 'ਚ ਸਾਥੀ ਰਿਹਾ ਸੀ।

"ਇਸ ਤੋਂ ਸਾਫ਼ ਜ਼ਾਹਿਰ ਹੁੰਦਾ ਹੈ ਕਿ ਤਖਤ ਸਿੰਘ ਅਤੇ ਗੁਰਦਿੱਤ ਸਿੰਘ ਨੇ ਜਹਾਜ਼ੀ ਕੰਪਨੀ ਦੀ ਗੋਂਦ ਬਲਵੰਤ ਸਿੰਘ ਦੇ ਭਾਰਤ ਵਿੱਚ ਵਿਚਰਦਿਆਂ ਹੀ ਗੁੰਦ ਲਈ ਸੀ।"

ਦੱਸਣਯੋਗ ਹੈ ਕਿ ਜਦੋਂ ਕੋਮਾਗਾਟਾ ਮਾਰੂ ਜਾਪਾਨੀ ਬੰਦਰਗਾਹ, ਮੋਜੀ 'ਤੇ ਲਗਾ ਸੀ ਤਾਂ ਭਾਈ ਬਲਵੰਤ ਸਿੰਘ ਨੇ ਵੀ ਮੋਜੀ ਤੋਂ ਕੋਮਾਗਾਟਾ ਮਾਰੂ ਤੇ ਸਫ਼ਰ ਕੀਤਾ ਸੀ ਅਤੇ ਯੋਕੋਹਾਮਾ ਪਹੁੰਚ ਕੇ ਉਹ ਉਥੋਂ ਇੱਕ ਤੇਜ਼ ਜਹਾਜ਼ ਰਾਹੀਂ ਏਸ ਦੇ ਵੈਨਕੂਵਰ ਪਹੁੰਚਣ ਤੋਂ ਪਹਿਲਾਂ ਉਥੇ ਪਹੁੰਚ ਗਏ ਸੀ। ਉਥੇ ਉਹਨਾਂ ਦੇ ਪਹੁੰਚਣ ਤੇ ਇੱਕ ਹੱਥ-ਲਿਖਤੀ ਇਸ਼ਤਿਹਾਰ ਵੰਡਿਆ ਗਿਆ ਸੀ, ਜਿਸ ਵਿੱਚ ਮੁਸਾਫਰਾਂ ਦੇ ਨਾਂਅ ਅਤੇ ਪਤੇ ਦਰਜ ਸਨ ਤੇ ਉਹਨਾਂ ਲਈ ਖੁਲੇ ਯੋਗਦਾਨ (donations) ਦੀ ਅਪੀਲ ਕੀਤੀ ਗਈ ਸੀ।



**ਇਨਕੁਆਇਰੀ ਰਿਪੋਰਟ ਅਨੁਸਾਰ:**

"...1913 ਦੇ ਅਖੀਰ ਜਹੇ ਵਿੱਚ ਕਈ ਕੈਨੇਡਾ ਜਾਣ ਦੇ ਚਾਹਵਾਨ ਭਾਰਤੀ ਹਾਂਗਕਾਂਗ, ਸ਼ੰਘਾਈ, ਮਨੀਲਾ ਅਤੇ ਕੁੱਝ ਹੋਰਨੀਂ ਥਾਈਂ ਕੈਨੇਡਾ ਜਾਣ ਦੀ ਝਾਕ ਵਿੱਚ ਅਟਕੇ ਹੋਏ ਸਨ। ਇਹ ਯਕੀਨੀ ਤੌਰ ਤੇ ਕਿਹਾ ਜਾ ਸਕਦੈ ਕਿ ਵੈਨਕੂਵਰ ਦੇ ਪਰਵਾਸੀ ਭਾਰਤੀਆਂ ਦੇ ਆਗੂ ਜਿਨ੍ਹਾਂ ਵਿੱਚ ਬਲਵੰਤ ਸਿੰਘ, ਭਾਗ ਸਿੰਘ ਅਤੇ ਹਸਨ ਰਹੀਮ ਬੜੇ ਉਤਾਵਲੇ ਸਨ ਕਿ ਪਰਵਾਸੀ ਭਾਰਤੀਆਂ ਦੀ ਦਸ਼ਾ ਦੇ ਮੁੱਦੇ ਨੂੰ ਕਿਸੇ ਫੈਸਲਾਕੁਨ ਮੋੜ 'ਤੇ ਪੁਚਾਉਣ ਲਈ, ਵੱਡੀ ਗਿਣਤੀ 'ਚ ਹਿੰਦੋਸਤਾਨ ਤੋਂ ਲੋੜਵੰਦਾਂ ਨੂੰ ਮੰਗਵਾਇਆ ਜਾਏ ਤੇ ਅੰਗ੍ਰੇਜ਼ੀ ਸਰਕਾਰ ਨੂੰ ਹਰਕਤ ਵਿੱਚ ਲਿਆਂਦਾ ਜਾਏ। ਸੱਚਮੁੱਚ ਹੀ ਇਸ ਮਕਸਦ ਦਾ ਪ੍ਰਸਤਾਵ ਕੈਨੇਡੀਅਨ ਵਫ਼ਦ ਦੇ ਭਾਰਤੋਂ ਵਾਪਸ ਪਰਤਣੋਂ ਪਹਿਲਾਂ ਹੀ ਤੈਅ ਕੀਤਾ ਗਿਆ ਹੋਇਆ ਸੀ।"

(**ਭਾਈ ਹਸਨ ਰਹੀਮ** ਮੂਲ ਰੂਪ 'ਚ ਗੁਜਰਾਤ ਦੇ ਕਾਠਿਆਵਾੜ ਦੀ ਪੋਰਬੰਦਰ ਰਿਆਸਤ ਦੇ ਵਸਨੀਕ ਸਨ, ਜੋ 15 ਜਨਵਰੀ 1910 ਨੂੰ ਵੈਨਕੂਵਰ ਪਹੁੰਚੇ ਸੀ ਤੇ ਉੱਥੇ ਆਪਣੀ ਅਸਲੀ ਪਹਿਚਾਣ ਲੁਕਾਉਣ ਲਈ ਆਪਣੇ ਆਪ ਨੂੰ ਹਸਨ ਰਹੀਮ ਨਾਂ ਦੇ ਮੁਸਲਮਾਨ ਵਜੋਂ ਦਰਸਾਇਆ, ਜਦਕਿ ਉਹਨਾਂ ਦਾ ਅਸਲੀ ਨਾਂ ਛੱਗਣ ਖੈਰਾਜ ਵਰਮਾ ਸੀ। ਉਹਨਾਂ ਆਪਣੇ ਆਪ ਨੂੰ ਇੱਕ ਟੂਰਿਸਟ ਦਸਦਿਆਂ ਮੌਂਟਰੀਅਲ (ਕੈਨੇਡਾ) ਉਤਰਣ ਦੀ ਆਗਿਆ ਲੈ ਲਈ ਸੀ।



ਭਾਈ ਹਸਨ ਰਹੀਮ

ਅਸਲ ਵਿੱਚ ਉਹ ਇੱਕ ਇਨਕਲਾਬੀ ਸਨ, ਜਿਨ੍ਹਾਂ ਦੀ ਭਾਰਤ ਸਰਕਾਰ ਨੂੰ ਉਹਨਾਂ ਦੀਆਂ 1905 ਵਾਲੀ ਬੰਗਾਲ ਤਕਸੀਮ ਵਿਰੁੱਧ ਸਰਗਰਮੀਆਂ ਕਰਕੇ ਤਲਾਸ਼ ਸੀ। ਉਹ ਪਹਿਲਾਂ ਜਾਪਾਨ ਅਤੇ ਫਿਰ ਅਮਰੀਕਾ ਤੋਂ ਦੂਰ-ਦਰੇਡੇ ਟਾਪੂ ਹੋਨੂਲੂਲੂ ਚਲੇ ਗਏ। ਉਹ ਐਸੇ ਟਿਕਾਣੇ ਦੀ ਭਾਲ ਵਿੱਚ ਸਨ ਜਿੱਥੇ ਟਿਕ ਕੇ ਉਹ ਭਾਰਤ 'ਚ ਅੰਗ੍ਰੇਜ਼ੀ ਰਾਜ ਦਾ ਮਲੀਆ ਮੇਟ ਕਰਨ ਲਈ ਆਪਣੀਆਂ ਵਿਦਰੋਹੀ ਸਰਗਰਮੀਆਂ ਜਾਰੀ ਰੱਖ ਸਕਣ। ਉਸ ਪੜਾਅ ਤੇ ਬੀ.ਸੀ. ਵਿੱਚ ਲੱਗਭੱਗ 6000 ਸਿੱਖ ਕਾਮੇ ਸਨ ਤੇ ਓਹਨਾਂ ਵੈਨਕੂਵਰ ਵਿੱਚ ਗੁਰਦੁਆਰਾ ਵੀ ਸਥਾਪਤ ਕਰ ਲਿਆ ਹੋਇਆ ਸੀ। ਭਾਈ ਹਸਨ ਰਹੀਮ ਨੂੰ ਆਪਣੇ ਮਕਸਦ ਲਈ ਵੈਨਕੂਵਰ ਅਤੇ ਵਿਕਟੋਰੀਆ ਨਾਲੋਂ ਬਿਹਤਰ ਕੋਈ ਅੱਡਾ ਨਾ ਮਿਲਿਆ ਤੇ ਉਹਨਾਂ ਉਥੇ ਰਹਿ ਰਹੇ ਬੇਚੈਨ ਸਿੱਖਾਂ ਵਿਚਾਲੇ ਵਿਚਰਣ ਦੀ ਧਾਰ ਲਈ।

ਉਹਨਾਂ ਵਿਰੁੱਧ 2 ਅਕਤੂਬਰ 1911 ਸੋਮਵਾਰ ਵਾਲੇ ਦਿਨ ਦੇਸ਼ ਨਿਕਾਲੇ ਦਾ ਹੁਕਮ ਜਾਰੀ ਕਰ ਦਿੱਤਾ ਗਿਆ, ਪਰ ਜਸਟਿਸ ਮੋਰੀਸਨ ਨੇ ਉਹਨਾਂ ਦੀ 'ਹੇਬੀਅਸ ਕਾਰਪਸ' ਪਟੀਸ਼ਨ ਪ੍ਰਵਾਨ ਕਰਦਿਆਂ ਪਰਵਾਸ ਮਹਿਕਮੇ ਨੂੰ ਇਸ ਬਾਰੇ ਅਗਲੀ ਕਾਰਵਾਈ ਕਰਨੋ ਵਰਜ ਦਿੱਤਾ ਸੀ।)

ਇਹ ਬਿਲਕੁਲ ਦਰੁਸਤ ਹੈ ਕਿ ਭਾਈ ਗੁਰਦਿੱਤ ਸਿੰਘ ਅਤੇ ਭਾਈ ਦਲਜੀਤ ਸਿੰਘ ਦੋਵੇਂ ਜਨਵਰੀ 1914 ਵਿੱਚ ਇਕੱਠੇ ਹਾਂਗਕਾਂਗ ਵਿੱਚ ਮੌਜੂਦ ਸਨ, ਉਹਨਾਂ ਗੁਰੂ ਨਾਨਕ ਸਟੀਮਸ਼ਿਪ ਕੰਪਨੀ ਬਨਾਈ ਤੇ ਭਾਈ ਦਲਜੀਤ ਸਿੰਘ ਉਸ ਕੰਪਨੀ ਦੇ ਸਕੱਤਰ-ਖਜ਼ਾਨਚੀ ਬਣੇ ਸੀ: ਭਾਈ ਗੁਰਦਿੱਤ ਸਿੰਘ ਹਾਂਗਕਾਂਗ ਤੋਂ ਸਿੰਗਾਪੁਰ ਵਾਪਸ ਆਉਣੋਂ ਪਹਿਲਾਂ ਭਾਈ ਦਲਜੀਤ ਸਿੰਘ ਨੂੰ ਵੈਨਕੂਵਰ ਦੇ ਸਿਰਕੱਢ ਆਗੂਆਂ ਦੇ ਨਾਂਅ-ਪਤੇ ਦੇ ਕੇ ਉਹਨਾਂ ਨਾਲ ਚਿੱਠੀ ਪੱਤਰ ਕਰਨ ਲਈ ਕਹਿ ਗਏ ਸੀ, ਜੋ ਉਹਨਾਂ ਨੂੰ ਭਾਈ ਬਲਵੰਤ ਸਿੰਘ ਤੋਂ ਹੀ ਮਿਲੇ ਹੋਣਗੇ।


ਬਾਬਾ ਗੁਰਦਿੱਤ ਸਿੰਘ

ਭਾਈ ਗੁਰਦਿੱਤ ਸਿੰਘ ਨੇ ਭਾਰਤ 'ਚ ਸੂਚਨਾ ਦਿੱਤੀ ਇੱਕ ਹਿੰਦੋਸਤਾਨੀ ਜਹਾਜ਼ੀ ਕੰਪਨੀ ਕਲਕੱਤੇ ਤੋਂ ਸਿੱਧੇ ਵੈਨਕੂਵਰ ਲਈ ਜਹਾਜ਼ ਮੁਹੀਆ ਕਰਾਏਗੀ ਜੋ ਕੈਨੇਡਾ ਸਰਕਾਰ ਵੱਲੋਂ ਲਾਈ ਸਿੱਧੇ ਸਫ਼ਰ ਦੀ ਸ਼ਰਤ ਪੂਰੀ ਕਰਦੀ ਹੋਵੇਗੀ। ਉਹਨਾਂ ਇਸ ਮਕਸਦ ਲਈ ਕਲਕੱਤੇ ਆਪਣਾ ਇੱਕ ਏਜੰਟ ਵੀ ਨਿਯੁਕਤ ਕੀਤਾ ਜੋ ਇਛੁਕ ਮੁਸਾਫਰਾਂ ਦੀ ਸੂਚੀ ਤਿਆਰ ਕਰੇਗਾ।

ਭਾਈ ਗੁਰਦਿੱਤ ਸਿੰਘ ਸਿੰਗਾਪੁਰੋਂ ਹਾਂਗਕਾਂਗ ਪਹੁੰਚੇ ਤੇ ਬਯੂਨੇ ਨਾਂਅ ਦੇ ਜਰਮਨ ਜਹਾਜ਼ੀ ਏਜੰਟ ਰਾਹੀਂ ਜਾਪਾਨ ਦੀ The Shiner Kishen Goshi Kaishi ਤੋਂ 11,000/- ਪੌਂਡ ਮਹੀਨੇ ਦੇ ਕਿਰਾਏ 'ਤੇ ਜਹਾਜ਼ ਲੈ ਲਿਆ ਸੀ।

### ਜਹਾਜ਼ ਬਾਰੇ ਸਰਕਾਰੀ ਜਾਂਚ ਰਿਪੋਰਟ

ਬਜ ਬਜ ਦੇ ਘਲੂਘਾਰੇ ਪਿਛੋਂ ਸਰਕਾਰ ਵੱਲੋਂ ਇਸ ਸਾਰੇ ਕਾਂਡ ਦੀ ਪੁਣ-ਛਾਣ ਲਈ ਇੱਕ ਕਮੇਟੀ ਬਣਾਈ ਗਈ ਸੀ, ਜੀਹਦੀ ਰਿਪੋਰਟ 3.12.1914 ਨੂੰ ਪੇਸ਼ ਕੀਤੀ ਗਈ ਸੀ।

ਇਹਦੇ ਪੈਰਾ ਨੰ. 15 ਅਨੁਸਾਰ, "5 ਜਨਵਰੀ 1914 ਨੂੰ ਕੋਮਾਗਾਟਾ ਮਾਰੂ ਮੁਹਿਮ ਦਾ ਆਗੂ ਗੁਰਦਿੱਤ ਸਿੰਘ ਹਾਂਗ ਕਾਂਗ ਆਇਆ। ਉਹਦੇ ਪਿਛੋਕੜ ਬਾਰੇ ਸਾਨੂੰ ਐਨਾ ਕੁ ਹੀ ਪਤਾ ਹੈ ਕਿ ਉਹ ਅੰਮ੍ਰਿਤਸਰ ਜ਼ਿਲ੍ਹੇ ਦਾ ਹੈ ਤੇ ਸਾਧਾਰਨ ਜਹੀ ਮਾਲੀ ਹੈਸੀਅਤ ਵਾਲਾ ਹੈ, ਜੋ ਕੁੱਝ ਕੁ ਏਕੜ ਜ਼ਮੀਨ ਦਾ ਮਾਲਕ ਸੀ। ਉਹ ਹਿੰਦੋਸਤਾਨ 20-30 ਸਾਲ ਪਹਿਲਾਂ ਛੱਡ ਗਿਆ ਸੀ ਤੇ ਕੁਝ ਸਾਲ ਸਿੰਗਾਪੁਰ-ਮਲਾਇਆ 'ਚ ਠੇਕੇਦਾਰੀ ਕਰਦਾ ਰਿਹੈ। ਉਹ 1909-1912 ਦੌਰਾਨ ਵਾਪਸ ਭਾਰਤ ਆਉਂਦਾ-ਜਾਂਦਾ ਵੀ ਰਿਹੈ, ਪਰ 1913 'ਚ ਉਹ ਸਿੰਗਾਪੁਰ ਵਾਪਸ ਆ ਗਿਆ ਸੀ। ਸਾਡੇ ਕੋਲ ਉਹਦੀ ਮਾਲੀ ਹੈਸੀਅਤ ਬਾਰੇ ਪੱਕੀ ਜਾਣਕਾਰੀ ਨਹੀਂ ਹੈ, ਪਰ ਲਗਦੈ ਉਹਦੇ ਕੋਲ ਵਸੀਲੇ ਸੀਮਤ ਹੀ ਸਨ, ਪਰ ਸੀ ਉਹ ਦ੍ਰਿੜ ਇਰਾਦੇ ਵਾਲਾ ਬੰਦਾ ਏ ਤੇ ਥੋੜ੍ਹੇ ਅਰਸੇ ਵਿੱਚ ਹੀ ਉਹਨੇ ਹਾਂਗ ਕਾਂਗ ਵਾਲੇ ਹਮਵਤਨਾਂ ਦਾ ਭਰੋਸਾ ਜਿੱਤ ਲਿਆ ਸੀ। ਬਸ ਫਿਰ ਕੀ ਸੀ, ਉਹ ਪਰਵਾਸ ਦੀਆਂ ਸਮਸਿਆਵਾਂ ਵਿੱਚ ਡੂੰਘੀ ਦਿਲਚਸਪੀ ਲੈਣ ਲਗ ਪਿਆ ਅਤੇ ਸਾਡੇ ਕੋਲ ਇਸ ਬਾਰੇ ਸਬੂਤ ਮੌਜੂਦ ਹਨ ਕਿ ਜਹਾਜ਼ ਕਿਰਾਏ ਤੇ ਲੈਣ



ਦੇ ਮਾਮਲੇ 'ਚ ਉਹ ਕੈਨੇਡਾ ਰਹਿ ਰਹੇ ਭਾਰਤੀਆਂ ਅਤੇ ਇਧਰਲੇ ਪਰਵਾਸ ਕਰਨ ਦੇ ਇਛੁਕ ਵਿਅਕਤੀਆਂ ਨਾਲ ਲਗਾਤਾਰ ਸੰਪਰਕ ਵਿੱਚ ਸੀ। ਜ਼ਿਕਰਯੋਗ ਹੈ ਕਿ ਜਨਵਰੀ 1914 ਦੇ ਅਖੀਰਲੇ ਦਿਨੀਂ ਹਾਂਗ ਕਾਂਗ ਦੇ ਗੁਰਦੁਆਰੇ ਅੰਦਰ ਪਰਵਾਸ ਦੀ ਮਨਸ਼ਾ ਨਾਲ ਉਥੇ ਠਹਿਰੇ ਹੋਏ ਕੋਈ 150 ਸਿੱਖ ਮੌਜੂਦ ਸਨ, ਤੇ ਉਦੋਂ ਹੀ ਗੁਰਦਿੱਤ ਸਿੰਘ ਉਹਨਾਂ ਨੂੰ ਜਹਾਜ਼ ਮੁਹਈਆ ਕਰਾਉਣ ਦਾ ਭਰੋਸਾ ਦੇਕੇ ਵਾਪਸ ਸਿੰਗਾਪੁਰ ਆ ਗਿਆ ਸੀ।

"ਉਦੋਂ ਇਹ ਸਪਸ਼ਟ ਨਹੀਂ ਸੀ ਕਿ ਕੀ ਉਹ ਜਹਾਜ਼ ਹਾਂਗਕਾਂਗ ਤੋਂ ਕਿਰਾਏ ਤੇ ਲਏਗਾ ਜਾਂ ਪਹਿਲੋਂ ਕਲਕੱਤੇ ਤੋਂ ਮੁਸਾਫਿਰ ਲਵੇਗਾ, ਤੇ ਅਸਲ ਵਿੱਚ ਉਹਦੇ ਹਾਂਗਕਾਂਗ ਤੋਂ ਚੱਲਣ ਵੇਲੇ ਇਸ ਬਾਰੇ ਮਤ ਭੇਦ ਸਨ; ਉਹਨੇ ਇੱਕ ਚਿੱਠੀ ਰਾਹੀਂ ਹਾਂਗਕਾਂਗ ਦੀ ਸਿੱਖ ਸੰਗਤ ਨੂੰ ਕਲਕੱਤੇ ਤੋਂ ਜਹਾਜ਼ ਲੈ ਕੇ ਚਲਣ ਦੇ ਹੱਕ ਵਿੱਚ ਦਲੀਲਾਂ ਦਿੱਤੀਆਂ ਤੇ ਨਾਲ ਹੀ ਉਥੋਂ ਦੀ ਗੁਰਦੁਆਰਾ ਕਮੇਟੀ ਨੂੰ ਜਹਾਜ਼ ਕਿਰਾਏ ਤੇ ਲੈਣ ਖ਼ਾਤਰ 11,000/- ਪੌਂਡ ਪੇਸ਼ਗੀ ਉਪਲਬਦ ਕਰਾਉਣ ਲਈ ਵੀ ਕਿਹਾ ਸੀ। ਇੰਜ ਲਗਦੈ ਕਿ ਏਸ ਦੌਰਾਨ ਗੁਰਦਿੱਤ ਸਿੰਘ ਨੇ ਕਲਕੱਤੇ ਤੋਂ ਜਹਾਜ਼ ਹਾਸਲ ਕਰਨ ਦੇ ਜਤਨ ਜਾਰੀ ਰੱਖੇ ਤੇ 13 ਫਰਵਰੀ ਨੂੰ ਪਰਸਤਾਵਤ ਯਾਤਰਾ ਦੇ ਵੇਰਵਿਆਂ ਸਹਿਤ ਇਸਤਿਹਾਰ ਵੀ ਦਿੱਤੇ ਜਿਨ੍ਹਾਂ ਦੀ ਇਬਾਰਤ ਤੋਂ ਇੰਜ ਲਗਦੈ ਕਿ ਉਹਨੂੰ ਕੈਨੇਡਾ ਪਰਵਾਸ ਦੇ ਰਾਹ ਵਿੱਚ ਕਾਨੂੰਨੀ ਰੁਕਾਵਟਾਂ ਬਾਰੇ ਜਾਣਕਾਰੀ ਸੀ, ਤੇ ਉਹਨੇ ਅਜੇਹੇ ਸ਼ੰਕਿਆਂ ਨੂੰ ਦੂਰ ਕਰਨ ਲਈ 24 ਨਵੰਬਰ 1913 ਵਾਲੇ ਜਸਟਿਸ ਹੰਟਰ ਦੇ ਫ਼ੈਸਲੇ (ਜਿਸ ਦਾ ਪਿੱਛੇ ਜ਼ਿਕਰ ਆਇਆ ਹੈ) ਦਾ ਹਵਾਲਾ ਵੀ ਦੇ ਦਿੱਤਾ ਹੋਇਆ ਸੀ।

"ਕੁੱਝ ਵੀ ਹੋਵੇ ਉਹਨੇ ਕਾਨੂੰਨੀ ਅੜਿਚਣਾਂ ਤੋਂ ਮੁਕਤ ਹੋਣ ਸੰਬੰਧੀ ਕਲਕੱਤੇ ਤੋਂ ਵੈਨਕੂਵਰ ਸਿੱਧੇ ਸਫ਼ਰ ਦੀਆਂ ਸ਼ਰਤਾਂ ਪੂਰੀਆਂ ਕਰਨ ਤੇ ਲੱਕ ਬੱਧਾ ਹੋਇਆ ਸੀ, ਜਿਨ੍ਹਾਂ ਵਿੱਚ 200/- ਪੌਂਡ ਨਕਦੀ ਵਾਲੀ ਸ਼ਰਤ ਵੀ ਸ਼ਾਮਿਲ ਸੀ।"

ਉਧਰ ਬਾਬਾ ਗੁਰਦਿੱਤ ਸਿੰਘ ਨੇ ਪਹਿਲਾਂ ਮਲਾਇਆ ਦੀਆਂ ਜਹਾਜ਼ੀ ਕੰਪਨੀਆਂ ਤੋਂ ਜਹਾਜ਼ ਲੈਣ ਦੀ ਕੋਸ਼ਿਸ਼ ਕੀਤੀ, ਪਰ ਕੋਈ ਭਰੋਸੇਯੋਗ ਜਹਾਜ਼ ਨਜ਼ਰ ਨਾ ਆਇਆ। ਹਾਂਗ ਕਾਂਗ ਪਹੁੰਚ ਕੇ ਇੱਕ ਜੋਰਡਨ ਨਾਂ ਦੀ ਅੰਗ੍ਰੇਜ਼ੀ ਕੰਪਨੀ ਨਾਲ ਸਭ ਕੁੱਝ ਤੈਅ ਹੋ ਗਿਆ, ਪਰ ਦਸਖ਼ਤ ਕਰਨ ਵੇਲੇ ਕੰਪਨੀ ਨੇ ਨਾਂਹ ਕਰ ਦਿੱਤੀ; ਸ਼ਾਇਦ ਅੰਗ੍ਰੇਜ਼ ਸਰਕਾਰ ਦੇ ਇਸ਼ਾਰੇ ਤੇ ਹੀ। ਹੁਣ ਇਹ ਸਾਫ਼ ਦਿਸ ਰਿਹਾ ਸੀ ਕਿ ਅੰਗ੍ਰੇਜ਼ੀ ਹਾਕਮ ਇਸ ਜਹਾਜ਼ੀ ਸਫ਼ਰ ਨੂੰ ਸਾਬੋਤਾਜ ਕਰਨ ਲਈ ਕੋਈ ਕਸਰ ਬਾਕੀ ਨਹੀਂ ਛੱਡਣਗੇ, ਪਰ ਇਸਦੇ ਬਾਵਜੂਦ ਬਾਬਾ ਜੀ ਨੇ ਆਪਣੇ ਜਤਨ ਜਾਰੀ ਰੱਖੇ ਤੇ ਅਖੀਰ ਜਹਾਜ਼ੀ ਕੰਪਨੀ ਦੇ ਇੱਕ ਬਯੂਨ ਨਾਂਉਂ ਦੇ ਜਰਮਨ ਏਜੰਟ ਰਾਹੀਂ ਇੱਕ ਜਾਪਾਨੀ ਕੰਪਨੀ ਤੋਂ ਕੋਮਾਗਾਟਾ ਮਾਰੂ ਨਾਂ ਦਾ ਜਹਾਜ਼ ਕਿਰਾਏ ਤੇ ਲੈ ਲਿਆ: ਚੂੰਕਿ ਉਨ੍ਹੀਂ ਦਿਨੀਂ ਇੰਗਲੈਂਡ ਅਤੇ ਜਰਮਨੀ ਆਸਪੀ ਜੰਗ ਲਈ ਤੁਲੇ ਹੋਏ ਸਨ, ਇਸ ਮਾਮਲੇ 'ਚ ਜਰਮਨ ਏਜੰਟ ਦੀ ਭੂਮਿਕਾ ਨੂੰ ਪਿਛੋਂ ਜਾਕੇ, ਸਪੈਸ਼ਲ ਟ੍ਰਿਬਿਉਨਲ ਦੇ ਜੱਜਾਂ ਨੇ ਇਸ ਜਹਾਜ਼ੀ ਸਫ਼ਰ ਪਿੱਛੇ ਵੀ ਜਰਮਨੀ ਦਾ ਹੱਥ ਹੋਣ ਦੀ ਸ਼ੰਕਾ ਵੀ ਜਤਾਈ ਸੀ।

ਜਹਾਜ਼ ਦਾ ਮਹੀਨੇ ਦਾ ਭਾੜਾ 11,000/- ਪੌਂਡ ਸੀ ਤੇ ਦੋ ਮਹੀਨਿਆਂ ਦੇ ਕਿਰਾਏ ਦਾ ਭੁਗਤਾਨ ਪੇਸਗੀ ਕੀਤਾ ਜਾਣਾ ਤੈਅ ਹੋਇਆ ਸੀ; ਅਗਲੇ ਦੋ ਮਹੀਨਿਆਂ ਦਾ ਕਿਰਾਇਆ ਜਹਾਜ਼ ਦੇ ਰਵਾਨਾ ਹੋਣ ਤੋਂ ਦੋ ਮਹੀਨੇ ਪਿੱਛੋਂ, ਤੇ ਅਖੀਰਲੇ ਇੱਕ ਮਹੀਨੇ ਦਾ ਮਾਲਕਾਂ ਨੂੰ ਜਹਾਜ਼ ਵਾਪਸ ਸੌਂਪਣ ਵੇਲੇ। ਮਾਹਿਰ ਇਨਜੀਨਰਾਂ ਦੇ ਮੁਆਇਨੇ ਪਿਛੋਂ

Passenger Officer ਤੋਂ ਜਹਾਜ਼ ਲਈ ਮੁਸਾਫਰੀ ਜਹਾਜ਼ (Passenger ship) ਹੋਣ ਦਾ ਸਰਟੀਫਿਕੇਟ ਹਾਸਲ ਕਰ ਲਿਆ ਗਿਆ। ਜਹਾਜ਼ੀ ਮੁਸਾਫਰਾਂ ਦੀ ਸਿਹਤ ਦੀ ਦੇਖ-ਭਾਤ ਲਈ ਇੱਕ ਇੰਡੀਅਨ ਮੈਡੀਕਲ ਸਰਵਿਸ ਦੇ ਸਾਬਕਾ ਡਾਕਟਰ ਰਘੁਨਾਥ ਸਿੰਘ ਦਾ ਨਾਲ ਜਾਣਾ ਨਿਸ਼ਚਿਤ ਹੋਇਆ।

(ਨੋਟ: ਜਿਵੇਂ ਕਿ ਅਸੀਂ ਅੱਗੇ ਚਲ ਕੇ ਵੇਖਾਂਗੇ ਇਹ ਨਿਯੁਕਤੀ ਹਿੰਦ ਸਰਕਾਰ ਦੀ ਗਿਣੀ-ਮਿਥੀ ਚਾਲ ਮੁਤਾਬਕ ਹੋਈ ਸੀ, ਜਿਸ ਨੇ ਪਹਿਲੇ ਦਿਨ ਤੋਂ ਹੀ ਜਹਾਜ਼ੀ ਮੁਸਾਫਰਾਂ 'ਚ ਬਾਬਾ ਗੁਰਦਿੱਤ ਸਿੰਘ ਵਿਰੁੱਧ ਚੋਰੀ-ਛਿਪੇ ਪ੍ਰਚਾਰ ਕਰਕੇ ਕੁਝ ਮੁਸਾਫਰਾਂ ਨੂੰ ਨਾਲ ਗੰਢ ਲਿਆ ਤੇ ਪਿਛੋਂ ਹਰ ਪੜਾਅ ਤੇ ਧੋਖਾ ਦਿੱਤਾ ਅਤੇ ਦੂਜੇ ਸਪਲੀਮੈਂਟਰੀ ਲਾਹੌਰ ਸਾਜਿਸ਼ ਮੁਕਦਮੇ ਦੌਰਾਨ ਸਰਕਾਰੀ ਗਵਾਹ ਵਜੋਂ ਵੀ ਭੁਗਤਿਆ ਸੀ।)

ਹੁਣ ਜਹਾਜ਼ ਸਫ਼ਰ 'ਤੇ ਚਲਣ ਲਈ ਤਿਆਰ ਸੀ; ਪ੍ਰਬੰਧਕ ਲੋੜੀਂਦੀ ਸਮਗਰੀ ਜਿਵੇਂ ਲੰਗਰ ਪਕਾਉਣ ਲਈ ਰਾਸ਼ਣ, ਪਾਣੀ, ਬਰਤਨ, ਜਹਾਜ਼ ਲਈ ਕੋਲਾ ਵਗ਼ੈਰਾ ਲਦਾਉਣ ਲੱਗ ਪਏ; ਡਾਕਟਰ ਵੱਲੋਂ ਤਜਵੀਜ਼ ਕੀਤੀਆਂ ਦਵਾਈਆਂ ਆਦਿ ਵੀ ਲੈ ਲਈਆਂ ਸੀ।

ਆਮ ਜਨਤਾ ਦੀ ਜਾਣਕਾਰੀ ਲਈ 'ਪੋਸਟ ਆਫ਼ਿਸ ਸ਼ੈਡਿਊਲ' ਅਖ਼ਬਾਰ ਵਿੱਚ ਜਹਾਜ਼ ਦੇ 30 ਮਾਰਚ 1914 ਨੂੰ ਵੈਨਕੂਵਰ ਲਈ ਰਵਾਨਾ ਹੋਣ ਦੀ ਸੂਚਨਾ ਨਸ਼ਰ ਕਰ ਦਿੱਤੀ ਗਈ; ਹੁਣ ਜੇ ਕੋਈ ਕਸਰ ਬਾਕੀ ਸੀ, ਤਾਂ ਉਹ ਸੀ ਗਵਰਨਰ ਹਾਂਗ ਕਾਂਗ ਤੋਂ ਰਵਾਨਗੀ ਦਾ 'ਆਗਿਆ ਪੱਤਰ', ਜੋ ਇੱਕ ਰਸਮੀ ਜਹੀ ਕਾਰਵਾਈ ਹੁੰਦੀ ਸੀ, ਪਰ ਇਹੀ ਮਿਲਣ ਤੇ ਨਾਂ ਆਵੇ ਅਤੇ ਬਾਬਾ ਜੀ ਦੀਆਂ ਇਸ ਬਾਰੇ ਪਾਈਆਂ ਅਰਜ਼ੀਆਂ ਵੀ ਬੇਸਿੱਟਾ ਰਹੀਆਂ ਤੇ ਅਖੀਰ ਅੱਕ ਕੇ ਉਹਨਾਂ ਗਵਰਨਰ ਦੇ ਸੈਕਟਰੀ ਨੂੰ ਚਿੱਠੀ ਲਿਖੀ, ਉਹਦਾ ਵੀ ਕੋਈ ਵਰ ਜੁਆਬ ਨਾ ਮਿਲਿਆ।

27 ਮਾਰਚ 1914 ਨੂੰ ਜਦੋਂ ਬਾਬਾ ਜੀ ਜਹਾਜ਼ ਵਿੱਚ ਸਾਮਾਨ ਵਗ਼ੈਰਾ ਲਦਾਉਣ ਦੇ ਆਹਰ ਵਿੱਚ ਸਨ, ਪੁਲਿਸ ਸੁਪਰੀਡੈਂਟ ਕਿੰਗ ਦੀ ਕਮਾਨ ਹੇਠ ਪੁਲਿਸ ਨੇ ਬਾਬਾ ਜੀ ਦੇ ਗੁਰਦੁਆਰੇ ਸਥਿਤ ਟਿਕਾਣੇ ਤੇ ਛਾਪਾ ਮਾਰਿਆ; ਬਾਬਾ ਜੀ ਦਾ ਨਿੱਜੀ ਦਫ਼ਤਰ ਵੀ ਗੁਰਦੁਆਰੇ ਵਿੱਚ ਹੀ ਸੀ, ਜੋ ਸ. ਵੀਰ ਸਿੰਘ ਦੇ ਚਾਰਜ ਅਧੀਨ ਸੀ, ਪੁਲਿਸ ਨੇ ਦਫ਼ਤਰ ਦੀ ਵੀ ਚੰਗੀ ਤਰ੍ਹਾਂ ਤਲਾਸ਼ੀ ਲਈ, ਪਰ ਕੋਈ ਇਤਰਾਜ਼ਯੋਗ ਚੀਜ਼ ਨਹੀਂ ਮਿਲੀ। ਬਾਬਾ ਜੀ ਨੂੰ ਇਹ ਇਤਲਾਹ ਉਦੋਂ ਮਿਲੀ ਜਦੋਂ ਉਹ ਬੰਦਰਗਾਹ 'ਤੇ ਸਨ; ਕੁੱਝ ਸ਼ੁਭ ਚਿੰਤਕਾਂ ਨੇ ਸੁਝਾਇਆ ਕਿ ਬਾਬਾ ਜੀ 'ਇਧਰ-ਉਧਰ' ਹੋ ਜਾਣ, ਪਰ ਬਾਬਾ ਜੀ ਵੀ ਕੋਈ ਕਚੀਆਂ ਗੋਲੀਆਂ ਨਹੀਂ ਸੀ ਖੇਡਣ ਵਾਲੇ। ਉਹ 'ਖਿਸਕੂ' ਨੀਤੀ ਦਾ ਸੁਝਾਅ ਠੁਕਰਾ ਕੇ ਰਾਤ ਦੇ ਪਿਛਲੇ ਪਹਿਰ ਦੋ ਵਜੇ ਗੁਰਦੁਆਰੇ ਪਰਤੇ ਤਾਂ ਉਹਨਾਂ ਵੇਖਿਆ ਕਿ ਕੈਨੇਡਾ ਜਾਣ ਵਾਲੇ ਉਥੇ ਠਹਿਰੇ ਹੋਏ ਯਾਤਰੀ ਬੌਂਦਲੇ ਪਏ ਸਨ; ਬਾਬਾ ਜੀ ਨੇ ਉਹਨਾਂ ਨੂੰ ਵਾਹਿਗੁਰੂ ਤੇ ਟੇਕ ਰੱਖਣ ਲਈ ਕਿਹਾ।

ਥੋੜ੍ਹੀ ਹੀ ਦੇਰ ਪਿਛੋਂ ਦੋ ਪੁਲਿਸ ਦੇ ਸਿਪਾਹੀ ਆਏ, ਜਿਨ੍ਹਾਂ ਬਾਬਾ ਜੀ ਨੂੰ ਦੱਸਿਆ ਕਿ ਸੁਪਰੀਡੈਂਟ ਪੁਲਿਸ, ਪੁਲਿਸ ਪੋਸਟ ਨੰ. 2 ਵਿੱਚ ਕਿੰਨੀ ਦੇਰ ਤੋਂ ਉਹਨਾਂ ਦੀ ਉਡੀਕ ਕਰ ਰਿਹੈ; ਬਾਬਾ ਜੀ ਨੇ ਤਸੱਲੀ ਨਾਲ ਪ੍ਰਸ਼ਾਦਾ-ਪਾਣੀ ਛਕਿਆ ਤੇ ਪੁਲਸੀਆਂ ਨਾਲ ਥਾਣੇ ਵੱਲ



ਨੂੰ ਚਲ ਪਏ, ਤੇ ਜਾਂਦੇ ਹੋਏ ਯਾਤਰੀਆਂ ਨੂੰ ਧਰਵਾਸ ਵੀ ਦੇਂਦੇ ਗਏ। ਓਧਰ ਬਾਬਾ ਜੀ ਦੇ ਵਰਜਣ ਦੇ ਬਾਵਜੂਦ ਯਾਤਰੀਆਂ 'ਚੋਂ ਕਈ ਯਾਰਤੀ ਬਾਬਾ ਜੀ ਦੇ ਪਿੱਛੇ-ਪਿੱਛੇ ਤੁਰਦਿਆਂ ਪੁਲਿਸ ਪੋਸਟ ਜਾ ਪਹੁੰਚੇ।

ਖ਼ੈਰ ਮਾਮਲਾ ਤਾਂ ਰਫ਼ਾ-ਦਫ਼ਾ ਹੋ ਗਿਆ, ਪਰ ਦੂਰਦਰਸ਼ੀ ਬਾਬਾ ਜੀ ਨੇ ਭਾਂਪ ਲਿਆ ਕਿ ਦਾਲ ਵਿੱਚ ਕੁੱਝ ਕਾਲਾ ਜ਼ਰੂਰ ਹੈ, ਤਾਂ ਉਹਨਾਂ ਪੇਸ਼ਬੰਦੀ ਵੱਜੋਂ ਆਪਣੇ ਵਕੀਲ ਮਿ. ਹੈਰਿਸ ਰਾਹੀਂ ਗਵਰਨਰ ਨੂੰ ਕਾਨੂੰਨੀ ਨੋਟਿਸ ਭਿਜਵਾ ਦਿੱਤਾ ਕਿ ਇਸ ਬੇਵਜ੍ਹਾ ਦੇਰੀ ਕਾਰਨ ਕਾਫ਼ੀ ਸਾਰੇ ਹੋ ਰਹੇ ਵਾਧੂ ਖਰਚੇ ਦੀ ਭਰਪਾਈ ਲਈ ਉਹ ਗਵਰਨਰ 'ਤੇ ਦੀਵਾਨੀ ਦਾਅਵਾ ਕਰਨਗੇ। ਤੀਹ ਮਾਰਚ ਦਾ ਦਿਨ ਵੀ ਲੰਘ ਗਿਆ, ਜਹਾਜ਼ ਉਸੇ ਦਾ ਉਸੇ ਤਰ੍ਹਾਂ ਸਮੁੰਦਰ ਕੰਢੇ ਖੜ੍ਹਾ ਸੀ। ਗਵਰਨਰ ਦੇ ਇਸ ਕਠੋਰ ਰਵਈਏ ਤੋਂ ਹਾਂਗਕਾਂਗ ਦੇ ਭਾਰਤੀ ਵਸਨੀਕ ਉਤੇਜਿਤ ਹੋ ਰਹੇ ਸਨ; ਗੁਰਦੁਆਰੇ ਦੇ ਹਰੇਕ ਦੀਵਾਨ ਵਿੱਚ ਇਸਦੀ ਚਰਚਾ ਹੁੰਦੀ; ਏਥੋਂ ਤੀਕ ਕਿ ਜਦੋਂ ਇਹਦੀ ਭਿਣਕ ਉਥੇ ਤਾਈਨਾਤ ਫੌਜੀਆਂ ਦੇ ਕੰਨੀਂ ਪਈ ਤਾਂ ਉਹਨਾਂ 'ਚ ਵੀ ਰੋਸ ਦੀ ਲਹਿਰ ਦੌੜ ਗਈ; ਖ਼ਾਸ ਕਰਕੇ 26 ਨੰਬਰ ਪੰਜਾਬ ਰਜਮੈਂਟ ਦੇ ਸਿਪਾਹੀਆਂ ਨੂੰ ਤਾਂ ਗੁਰਦੁਆਰੇ ਜਾਣ ਤੋਂ ਰੋਕ ਦਿੱਤਾ ਗਿਆ। ਇਥੇ ਹੀ ਬਸ ਨਹੀਂ ਹੋਈ, ਕੁਝ ਹੀ ਚਿਰ ਪਿੱਛੋਂ ਇਸ ਪਲਟਣ ਨੂੰ ਵਾਪਸ ਆਪਣੇ ਡੀਪੂ ਕਰਾਚੀ ਭੇਜ ਦਿੱਤਾ ਗਿਆ। ਜ਼ਿਕਰਯੋਗ ਹੈ ਕਿ ਇਹ ਓਹੀ ਰਜਮੈਂਟ ਸੀ ਜਿਹੜੀ 19 ਫਰਵਰੀ 1915 ਵਾਲੇ ਗ਼ਦਰ ਹੰਭਲੇ ਵੇਲੇ ਫ਼ਿਰੋਜ਼ਪੁਰ ਛਾਉਣੀ 'ਚ ਡਾਈਨਾਤ ਸੀ ਤੇ ਉਥੇ ਕਰਤਾਰ ਸਿੰਘ ਸਰਾਭਾ ਵਰਗੇ ਗ਼ਦਰੀਆਂ ਦਾ ਅੱਡਾ ਸੀ। ਗ਼ਦਰ ਸਾਜਿਸ਼ ਕੇਸ ਵਿੱਚ ਕੋਮਾਗਾਟਾ ਮਾਰੂ ਦੇ ਰੇੜਕੇ ਤੇ ਇਹਦੇ ਫੌਜੀ ਸਿਪਾਹੀਆਂ 'ਤੇ ਪਏ ਪ੍ਰਭਾਵ ਦਾ ਉਚੇਚੇ ਉਲੇਖ ਕੀਤਾ ਗਿਆ ਹੋਇਐ।

ਆਪਣੇ ਪ੍ਰੋਗ੍ਰਾਮ ਅਨੁਸਾਰ ਤਾਂ ਜਹਾਜ਼ ਨੇ 28 ਮਾਰਚ ਨੂੰ ਹਾਂਗਕਾਂਗੋਂ ਚਲਣਾ ਸੀ, ਪਰ ਹਾਂਗਕਾਂਗ ਦਾ ਗਵਰਨਰ ਕੈਨੇਡੀਅਨ ਸਰਕਾਰ ਕੋਲੋਂ ਸਲਾਹ ਲੈਣ ਦਾ ਬਹਾਨਾ ਬਣਾ ਕੇ ਪਸੈਜਰ ਸਰਟੀਫਿਕੇਟ (Passenger Certificate) ਜਾਰੀ ਕਰਨ 'ਚ ਟਾਲ-ਮਟੋਲ ਕਰ ਰਿਹਾ ਸੀ। ਉਹਨੇ ਕੈਨੇਡੀਅਨ ਸਰਕਾਰ ਨੂੰ ਸੂਚਿਤ ਕੀਤਾ ਕਿ ਗੁਰਦਿੱਤ ਸਿੰਘ ਨਾਂ ਦਾ ਇੱਕ ਸਿੱਖ ਇਥੇ ਮਾਰਚ ਦੇ ਅੱਧ ਜਹੇ 'ਚ ਆਇਆ ਸੀ, ਜਿਸ ਨੇ ਸ਼੍ਰੀ ਗੁਰੂ ਨਾਨਕ ਸਟੀਮਸ਼ਿਪ ਕੰਪਨੀ ਕਾਇਮ ਕਰਕੇ ਇੱਕ ਜਾਪਾਨੀ ਕੰਪਨੀ ਤੋਂ ਕੋਮਾਗਾਟਾ ਮਾਰੂ ਨਾਂ ਦਾ ਜਹਾਜ਼ ਕਿਰਾਏ ਤੇ ਲੈ ਲਿਆ ਹੈ। ਇਸ ਜਹਾਜ਼ ਨੇ 28 ਮਾਰਚ ਨੂੰ ਵੈਨਕੂਵਰ ਲਈ ਰਵਾਨਾ ਹੋਣਾ ਸੀ, ਪਰ ਮੈਂ ਪਸੈਂਜਰ ਸਰਟੀਫਿਕੇਟ ਜਾਰੀ ਕਰਨ ਵਿੱਚ ਦੇਰੀ ਕਰ ਰਿਹਾ ਸਾਂ; ਮੈਨੂੰ ਹੁਣ ਪਤਾ ਲਗਿਐ ਕਿ ਮੇਰੇ ਕੋਲ ਸਰਟੀਫਿਕੇਟ ਦੇਣ ਤੋਂ ਇਨਕਾਰ ਕਰਨ ਦਾ ਇਖਤਿਆਰ ਹੀ ਨਹੀਂ।

ਗਵਰਨਰ ਨੇ ਕੈਨੇਡੀਅਨ ਸਰਕਾਰ ਤੋਂ ਇਹ ਵੀ ਪੁਛਿਆ ਕਿ ਜਿਨ੍ਹਾਂ ਮੁਸਾਫਰਾਂ ਕੋਲ ਹਿੰਦੋਸਤਾਨ ਤੋਂ ਵੈਨਕੂਵਰ ਲਈ ਸਿਧੀਆਂ ਟਿਕਟਾਂ ਨਹੀਂ, ਕੀ ਉਹਨਾਂ ਨੂੰ ਵੀ ਕੈਨੇਡਾ ਉਤਰਣ ਦਿੱਤਾ ਜਾਏਗਾ?

ਪਰ ਜਦੋਂ ਉਹਨੂੰ ਕੈਨੇਡਾ ਸਰਕਾਰ ਵੱਲੋਂ ਕੋਈ ਵਰ ਜੁਆਬ ਨਾ ਆਇਆ ਤਾਂ ਉਹਨੇ ਲੋੜੀਂਦਾ ਸਰਟੀਫਿਕੇਟ ਜਾਰੀ ਕਰ ਦਿੱਤਾ।

ਹੁਣ ਸਰਟੀਫਿਕੇਟ ਹਾਸਿਲ ਕਰਕੇ ਬਾਬਾ ਜੀ ਸਿੱਧੇ ਗੁਰਦੁਆਰੇ ਵੱਲ ਨੂੰ ਦੌੜੇ, ਜਿੱਥੇ ਸਾਰੇ ਯਾਤਰੀ ਸਾਹ ਰੋਕੀ ਉਹਨਾਂ ਦੀ ਉਡੀਕ ਕਰ ਰਹੇ ਸੀ। ਜਿਉਂ ਹੀ ਜਹਾਜ਼ੀ ਕਮੇਟੀ ਦੇ

ਸਕੱਤਰ, ਦਲਜੀਤ ਸਿੰਘ ਨੇ ਇਹ ਖੁਸ਼ਖ਼ਬਰੀ ਸੁਨਾਈ ਤਾਂ ਆਪ ਮੁਹਾਰੇ 'ਬੋਲੇ ਸੋ ਨਿਹਾਲ' 'ਸਤਿ ਸ੍ਰੀ ਅਕਾਲ' ਦੇ ਜੈਕਾਰਿਆਂ ਨਾਲ ਇਹਦਾ ਸੁਆਗਤ ਕੀਤਾ ਗਿਆ। ਬਾਬਾ ਜੀ ਨੇ ਉਹਨਾਂ ਨੂੰ ਸਫ਼ਰ ਬਾਰੇ ਜ਼ਰੂਰੀ ਹਦਾਇਤਾਂ ਦਿੱਤੀਆਂ ਅਤੇ ਦੱਸਿਆ ਕਿ ਜਹਾਜ਼ ਅੱਜ ਹੀ ਚਲ ਪਵੇਗਾ; ਮੁਸਾਫਰਾਂ ਨੇ ਵੀ ਕੋਈ ਢਿਲ ਨਹੀਂ ਕੀਤੀ ਤੇ ਅਰਦਾਸਾ ਸੋਧ ਕੇ ਜਹਾਜ਼ ਦਾ ਨਾਂ ਰੱਖ ਲਿਆ 'ਗੁਰੂ ਨਾਨਕ ਜਹਾਜ਼'।

ਬਾਬਾ ਜੀ ਨੇ ਆਪਣੇ ਤੌਰ ਤੇ ਤਾਂ ਕੁਲ 500 ਯਾਤਰੀ ਲੈ ਜਾਣ ਦਾ ਪ੍ਰਬੰਧ ਕੀਤਾ ਹੋਇਆ ਸੀ, ਕੋਈ 360 ਤਾਂ ਹਾਂਗ-ਕਾਂਗ ਵਿੱਚ ਹੀ ਮੌਜੂਦ ਸਨ; ਪਰ ਦੂਜੇ ਪਾਸੇ ਸਰਕਾਰ ਦੇ ਖੁਫ਼ੀਆ ਏਜੰਟਾਂ ਨੇ ਅਫਵਾਹ ਫੈਲਾ ਦਿੱਤੀ ਕਿ ਅੱਵਲ ਤਾਂ ਜਹਾਜ਼ ਨੂੰ ਚਲਣ ਹੀ ਨਹੀਂ ਦਿੱਤਾ ਜਾਣਾ ਤੇ ਜੇ ਚਲ ਵੀ ਪਿਆ ਤਾਂ ਕਿਸੇ ਨਾ ਕਿਸੇ ਬਹਾਨੇ ਇਹਨੂੰ ਮੰਜ਼ਿਲ ਤੇ ਨਹੀਂ ਪਹੁੰਚਣ ਦਿੱਤਾ ਜਾਏਗਾ। ਉਪਰ ਦੱਸੇ ਪੁਲਿਸ ਛਾਪੇ ਵਾਲੀ ਘਟਨਾ ਕਰਕੇ ਕਈਆਂ ਨੂੰ ਇਹਨਾਂ ਅਫਵਾਹਾਂ ਵਿੱਚ ਕੁੱਝ ਸਚਾਈ ਦਾ ਝੌਲਾ ਵੀ ਪੈ ਰਿਹਾ ਸੀ ਤੇ ਸਿੱਟੇ ਵਜੋਂ 350 ਚੋਂ ਸਿਰਫ਼ 165 ਯਾਤਰੀ ਹੀ ਸਫ਼ਰ ਲਈ ਦ੍ਰਿੜ ਰਹੇ ਸਨ। ਬਾਬਾ ਜੀ ਨੇ ਇਸ ਕਮੀ ਦੀ ਪੂਰਤੀ ਲਈ ਮੀਤ-ਸਕੱਤਰ, ਭਾਈ ਵੀਰ ਸਿੰਘ ਨੂੰ ਇੱਕ ਤੇਜ਼ ਜਹਾਜ਼ ਰਾਹੀਂ ਸ਼ੰਘਾਈ ਭੇਜਿਆ ਅਤੇ ਸ. ਹਰਨਾਮ ਸਿੰਘ ਕਹੂਟਾ ਨੂੰ ਮਨੀਲਾ, ਤਾਕਿ ਉਹ ਉਥੋਂ ਦੇ ਇੱਛੁਕ ਯਾਤਰੀਆਂ ਨੂੰ ਜਾਪਾਨ ਦੀ ਮੋਜੀ ਬੰਦਰਗਾਹ ਤੇ ਲੈ ਆਉਣ।

8 ਅਪ੍ਰੈਲ ਸਵੇਰੇ ਜਹਾਜ਼ ਸ਼ੰਘਾਈ ਪਹੁੰਚਿਆ; ਇਹ ਚੀਨੀ ਸ਼ਹਿਰ ਅੰਗ੍ਰੇਜ਼ਾਂ ਦੇ ਅਧੀਨ ਸੀ, ਜੋ ਵੱਡਾ ਵਿਉਪਾਰਕ ਕੇਂਦਰ ਵੀ ਸੀ; ਏਥੋਂ ਚੋਖੀ ਗਿਣਤੀ 'ਚ ਭਾਵ 111 ਯਾਤਰੀ ਜਹਾਜ਼ ਤੇ ਸੁਆਰ ਹੋਏ; ਜਹਾਜ਼ ਇਥੇ 6 ਦਿਨ ਟਿਕਿਆ ਸੀ; ਇੱਕ ਦਿਨ ਇਥੋਂ ਦੇ ਗੁਰਦੁਆਰੇ ਦੇ ਦੀਵਾਨ ਵਿੱਚ ਭਾਈ ਦਲਜੀਤ ਸਿੰਘ ਨੇ ਸੰਗਤ ਨੂੰ ਬਾਬਾ ਜੀ ਨਾਲ ਸਰਕਾਰ ਵੱਲੋਂ ਹਾਂਗ ਕਾਂਗ ਵਿਖੇ ਕੀਤੀਆਂ ਗਈਆਂ ਜ਼ਿਆਦਤੀਆਂ ਬਾਰੇ ਦੱਸਿਆ, ਜਿਥੇ ਕੁੱਝ ਪੱਤਰਕਾਰ ਵੀ ਮੌਜੂਦ ਸਨ; ਉਹਨਾਂ ਨੂੰ ਵੀ ਬਾਬਾ ਜੀ ਨੇ ਸਾਰੇ ਹਾਲਾਤ ਵੇਰਵਿਆਂ ਸਹਿਤ ਦੱਸੇ, ਜੋ ਕਈ ਅਖ਼ਬਾਰਾਂ ਵਿੱਚ ਪ੍ਰਕਾਸ਼ਤ ਵੀ ਹੋਏ ਸਨ। ਇੱਕ ਅਮਰੀਕਨ ਪੱਤਰਕਾਰ ਨੇ ਸਰਕਾਰ ਦੀਆਂ ਨੀਚ ਹਰਕਤਾਂ ਖੋਲ੍ਹ ਕੇ ਬਿਆਨ ਕੀਤੀਆਂ। ਬਾਬਾ ਜੀ ਨੇ ਇਹਨਾਂ ਅਖ਼ਬਾਰਾਂ ਦੀਆਂ ਕਾਪੀਆਂ ਲੈ ਕਿ ਪਿੱਛੇ ਹਿੰਦੋਸਤਾਨ ਅਤੇ ਬਾਹਰਲੇ ਭਾਰਤੀਆਂ ਨੂੰ ਪੁਚਾ ਦਿੱਤੀਆਂ।

ਇਸ ਪੜਾਅ ਤੇ ਅਮਰੀਕਾ ਤੋਂ ਗ਼ਦਰ ਪਾਰਟੀ ਦਾ ਸਾਹਿਤ ਵੀ ਪੂਰਬੀ ਏਸ਼ੀਆਂ ਦੇ ਮੁਲਕਾਂ ਵਿੱਚ ਪਹੁੰਚਣ ਲੱਗ ਪਿਆ ਹੋਇਆ ਸੀ, ਜੋ ਵੱਡੇ ਪੈਮਾਨੇ ਤੇ ਮੁਫ਼ਤ ਵੰਡਿਆ ਜਾ ਰਿਹਾ ਸੀ, ਜਿਨ੍ਹਾਂ ਰਾਹੀਂ ਹਿੰਦੋਸਤਾਨ ਅੰਦਰ ਅੰਗ੍ਰੇਜ਼ੀ ਰਾਜ ਦੀ 'ਬਰਕਤਾਂ' ਦੀ ਪੋਲ ਖੋਲ੍ਹੀ ਜਾ ਰਹੀ ਸੀ; ਖਾਸ ਕਰਕੇ 'ਗ਼ਦਰ ਦੀ ਗੂੰਜ' ਵਾਲੀਆਂ ਕਵਿਤਾਵਾਂ ਤਾਂ ਪੂਰਬੀ ਏਸ਼ੀਆ ਦੇ ਸਾਰੇ ਗੁਰਦੁਆਰਿਆਂ ਦੇ ਹਫ਼ਤਾਵਾਰੀ ਦੀਵਾਨਾਂ ਵਿੱਚ ਸਟੇਜਾਂ ਤੋਂ ਪੜ੍ਹੀਆਂ ਜਾਂਦੀਆਂ, ਜਿਨ੍ਹਾਂ ਨੂੰ ਸੰਗਤਾਂ ਵਲੋਂ ਭਰਪੂਰ ਹੁੰਗਾਰਾ ਮਿਲ ਰਿਹਾ ਸੀ। ਕਈ ਅਨਪੜ੍ਹਾਂ ਨੇ ਵੀ ਇੱਕ ਇੱਕ, ਦੋ ਦੋ ਕਵਿਤਾਵਾਂ ਯਾਦ ਕਰ ਲਈਆਂ ਸੀ, ਜੋ ਮੌਕਾ ਮਿਲਣ ਤੇ ਘਰਾਂ, ਹੋਟਲਾਂ ਅਤੇ ਮਹਿਫ਼ਲਾਂ ਵਿੱਚ ਸੁਨਾਈਆਂ ਜਾਂਦੀਆਂ ਸਨ।

ਖੈਰ!

ਜਹਾਜ਼ 19 ਅਪ੍ਰੈਲ ਨੂੰ ਜਾਪਾਨ ਦੀ ਮੋਜੀ ਬੰਦਰਗਾਹ ਤੇ ਪਹੁੰਚਿਆ, ਜੋ ਸ਼ੰਘਾਈ



ਵਾਂਗ ਹੀ ਵਿਉਪਾਰ ਦਾ ਗੜ੍ਹ ਸੀ; ਉਧਰ ਜਹਾਜ਼ ਦੀ ਦੂਜੀ ਕਿਸ਼ਤ ਦਾ ਭੁਗਤਾਨ ਵੀ ਕਰਨਾ ਸੀ, ਜੋ ਕਰ ਦਿੱਤਾ ਗਿਆ। ਏਥੋਂ ਕੋਲੇ ਦਾ ਵੱਡਾ ਭੰਡਾਰ ਵੀ ਖਰੀਦ ਕੇ ਜਹਾਜ਼ 'ਚ ਲੱਦ ਲਿਆ ਗਿਆ, ਜੋ 100 ਫ਼ੀਸਦੀ ਮੁਨਾਫ਼ੇ ਤੇ ਕੈਨੇਡਾ 'ਚ ਵੇਚਿਆ ਜਾ ਸਕਦਾ ਸੀ। ਸਬੰਧਤ ਜਾਪਾਨੀ ਜਹਾਜ਼ ਕੰਪਨੀ ਦਾ ਵੱਡਾ ਦਫ਼ਤਰ ਵੀ ਉਥੇ ਹੀ ਸੀ; ਪਰ ਮਾੜੀ ਗੱਲ ਇਹ ਹੋਈ ਕਿ ਜਹਾਜ਼ ਦਾ ਪਹਿਲਾ ਕਪਤਾਨ ਜੋ ਬਾਬਾ ਜੀ ਨੂੰ ਪੂਰਾ ਸਹਿਯੋਗ ਦੇਂਦਾ ਆ ਰਿਹਾ ਸੀ, ਬਦਲ ਦਿੱਤਾ ਗਿਆ ਅਤੇ ਉਹਦੀ ਥਾਂ ਤੇ ਇੱਕ ਯਾਮਾਮਾਟੋ ਨਾਂਅ ਦਾ ਕਪਤਾਨ ਥੋਪ ਦਿੱਤਾ ਗਿਆ, ਜੋ ਸਾਰੀ ਯਾਤਰਾ ਦੌਰਾਨ ਬਾਬਾ ਜੀ ਲਈ ਮੁਸੀਬਤ ਹੀ ਬਣਿਆ ਰਿਹਾ ਤੇ ਪੈਰ-ਪੈਰ ਤੇ ਉਹਨਾਂ ਦੇ ਰਾਹ ਵਿੱਚ ਰੋੜੇ ਹੀ ਅਟਕਾਉਂਦਾ ਰਿਹਾ ਸੀ।

ਇਥੇ ਮਨੀਲਾ ਤੋਂ ਆਏ 86 ਮੁਸਾਫਰ ਜਹਾਜ਼ ਤੇ ਸੁਆਰ ਹੋਏ। ਏਥੋਂ ਭਾਈ ਬਲਵੰਤ ਸਿੰਘ ਖੁਰਦਪੁਰ ਵਾਲੇ ਵੀ ਜਹਾਜ਼ ਵਿੱਚ ਸੁਆਰ ਹੋਏ ਜਿਨ੍ਹਾਂ ਕੋਬੇ ਬੰਦਰਗਾਹ ਤੱਕ ਬਾਬਾ ਜੀ ਨਾਲ ਹੀ ਸਫਰ ਕੀਤਾ ਸੀ, ਜਿਥੋਂ ਉਹਨਾਂ ਇੱਕ ਤੇਜ ਰਫ਼ਤਾਰ ਜਹਾਜ਼ ਤੇ ਸੁਆਰ ਹੋਣੋਂ ਪਹਿਲਾਂ ਹੀ ਤਾਰ ਰਾਹੀਂ ਵੈਨਕੂਵਰ ਦੇ ਭਾਰਤੀਆਂ ਦੇ ਹਿੱਤਾਂ ਦੇ ਰੱਖਵਾਲੇ ਖਾਲਸਾ ਦੀਵਾਨ ਵੈਨਕੂਵਰ ਨੂੰ ਸੂਚਨਾ ਭੇਜ ਦਿੱਤੀ ਕਿ "ਕੋਮਾਗਾਟਾ ਮਾਰੂ ਜਹਾਜ਼ ਹਿੰਦੀ ਮੁਸਾਫਰਾਂ ਨੂੰ ਲੈ ਕੇ ਪਹੁੰਚ ਰਿਹਾ ਹੈ। ਉਹਨਾਂ ਦੇ ਸੁਆਗਤ ਲਈ ਤਿਆਰੀ ਕੀਤੀ ਜਾਏ ਤੇ ਓਗਰਾਹੀ ਵੀ ਕਰ ਲਈ ਜਾਏ।"

ਏਸ ਘਟਨਾਕ੍ਰਮ ਦਾ ਉਲੇਖ ਦੂਜੇ ਸਪਲੀਮੈਂਟਰੀ ਲਾਹੌਰ ਸਾਜਿਸ਼ ਕੇਸ ਵਿਚਲੇ ਸਰਕਾਰੀ ਗਵਾਹ ਡਾਕਟਰ ਰਘੁਨਾਥ ਸਿੰਘ ਦੀ ਗਵਾਹੀ ਅੰਦਰ ਵਿਸਥਾਰ ਨਾਲ ਕੀਤਾ ਗਿਆ ਹੈ, ਜੀਹਨੇ ਇਹ ਵੀ ਦੱਸਿਆ ਸੀ ਕਿ ਉਸਨੇ ਮੁਸਾਫਰੋਂ ਕੋਲੋਂ ਸੁਣਿਆ ਸੀ ਕਿ ਬਲਵੰਤ ਸਿੰਘ ਅਨੁਸਾਰ "ਹਿੰਦੋਸਤਾਨ 'ਚ ਹਰੇਕ ਸ਼ਖ਼ਸ ਸਰਕਾਰ ਦਾ ਵਿਰੋਧੀ ਹੈ ਤੇ ਭਾਰਤਵਾਸੀ ਵਿਦੇਸ਼ੀ ਸਰਕਾਰ 'ਤੇ ਮਾਰੂ ਵਾਰ ਕਰਨ ਦੀ ਤਾਕ ਵਿੱਚ ਹਨ।"

ਜਿਥੋਂ ਤੀਕ ਗਿਆਨੀ ਭਗਵਾਨ ਸਿੰਘ ਦਾ ਸੰਬੰਧ ਹੈ ਉਹਨਾਂ ਨੂੰ ਕੈਨੇਡਾ 'ਚੋਂ ਤਾਂ ਕੱਢ ਦਿੱਤਾ ਗਿਆ ਸੀ, ਤੇ ਓਹਨੀਂ ਦਿਨੀਂ ਉਹ ਮੌਲਵੀ (ਪ੍ਰੋਫ਼ੈਸਰ) ਬਰਕਤਉੱਲਾ ਭੋਪਾਲੀ ਕੋਲ ਯੋਕੋਹਾਮਾ ਠਹਿਰੇ ਹੋਏ ਸਨ। ਇਹ ਦੋਵੇ ਅਮਰੀਕਾ ਵਿਖੇ ਗ਼ਦਰ ਪਾਰਟੀ ਦਫ਼ਤਰ ਪਹੁੰਚਣ ਦੀ ਤਾਕ ਵਿੱਚ ਸਨ, ਕਿਉਂਕਿ ਬਾਬਾ ਸੋਹਨ ਸਿੰਘ 23 ਜੁਲਾਈ ਨੂੰ ਉਥੋਂ ਭਾਰਤ ਲਈ ਰਵਾਨਾ ਹੋ ਚੁਕੇ ਸਨ।

ਗਿਆਨੀ ਜੀ ਨੇ ਵੀ ਬਾਬਾ ਗੁਰਦਿੱਤ ਸਿੰਘ ਨੂੰ ਕੈਨੇਡੀਅਨ ਸਰਕਾਰ ਵੱਲੋਂ ਉਥੇ ਰਹਿੰਦੇ ਹਿੰਦੀਆਂ ਨਾਲ ਕੀਤੇ ਜਾਂਦੇ ਘਟੀਆ ਵਰਤਾਓ ਬਾਰੇ ਵਿਸਥਾਰ ਨਾਲ ਦੱਸਿਆ, ਤੇ ਆਪਣੇ ਉਥੋਂ ਕੱਢੇ ਜਾਣ ਦੇ ਪਿਛੋਕੜ ਦਾ ਵੀ ਖੁਲਾਸਾ ਕੀਤਾ, ਤੇ ਇਹ ਵੀ ਸਪਸ਼ਟ ਕੀਤਾ ਕਿ ਇਸ ਮਾਮਲੇ 'ਚ ਕੈਨੇਡੀਅਨ ਅਤੇ ਅੰਗ੍ਰੇਜ਼ ਸਰਕਾਰਾਂ ਘਿਓ ਖਿਚੜੀ ਹਨ। ਕੈਨੇਡੀਅਨ ਸਰਕਾਰ ਨੇ ਇਹ ਤਹਈਆ ਕੀਤਾ ਹੋਇਐ ਕਿ ਇੱਕ ਵੀ ਭਾਰਤੀ ਇਥੇ ਨਹੀਂ ਵੜਣ ਦੇਣਾ। ਇਹਨਾਂ ਹਾਲਾਤ ਵਿੱਚ ਕੋਮਾਗਾਟਾ ਮਾਰੂ ਦੇ ਮੁਸਾਫਰਾਂ ਦਾ ਉਥੇ ਉਤਰ ਸਕਣਾ ਸੰਭਵ ਨਹੀਂ ਲਗਦਾ।

ਬਾਬਾ ਜੀ ਦਾ ਜਵਾਬ ਸੀ, "ਮੈਂ ਤਾਂ ਵਾਹਿਗੁਰੂ ਤੇ ਟੇਕ ਰੱਖਦਿਆਂ ਆਪਣੀ ਪੂਰੀ ਵਾਹ ਲਾ ਦੇਣੀ ਹੈ ਤੇ ਮੇਰਾ ਅੱਟਲ ਵਿਸ਼ਵਾਸ ਹੈ ਕਿ ਅਸੀਂ ਜੋ ਚਾਹੁੰਦੇ ਹਾਂ, ਉਹ ਕਾਨੂੰਨ ਦੇ ਹੱਦ-ਬੰਨੇ ਤੋਂ ਬਾਹਰ ਨਹੀਂ, ਅੰਦਰ ਹੀ ਹੈ।

ਗਿਆਨੀ ਜੀ ਨੇ ਆਪਣੀ ਗੱਲ ਨੂੰ ਸਮੇਟਦਿਆਂ ਕਿਹਾ ਕਿ "ਮੈਨੂੰ ਇਸ ਮਾਮਲੇ 'ਚ ਕੋਈ ਆਸ ਦੀ ਕਿਰਨ ਨਹੀਂ ਦਿਸ ਰਹੀ, ਬਾਕੀ ਪਰਮਾਤਮਾ ਦੇ ਹੱਥ ਵੱਸ ਹੈ।"

ਬਾਬਾ ਜੀ ਬੋਲੇ, "ਪਰਮਾਤਮਾ ਨਾ ਕਰੇ ਜੇ ਕੋਮਾਗਾਟਾ ਮਾਰੂ ਨੂੰ ਬੰਨੇ ਨਾ ਲਗਣ ਦਿੱਤਾ ਗਿਆ ਤਾਂ ਮੈਂ ਬਰਤਾਨਵੀ ਰਾਜ ਦਾ ਅਸਲੀ ਕਰੂਪ ਚਿਹਰਾ ਦੇਸ਼ਵਾਸੀਆਂ ਮੂਹਰੇ ਨੰਗਾ ਕਰਾਂਗਾ ਕਿ ਜਿਹੜੇ ਹਾਕਮਾਂ ਖਾਤਰ ਤੁਸੀਂ ਭਾਰਤ ਦੇ ਅੰਦਰ ਅਤੇ ਬਾਹਰ ਜਾਨਾਂ ਹਲੂਣਦੇ ਆ ਰਹੇ ਹੋ, ਉਹ ਤੁਹਾਨੂੰ ਕਿੰਨਾ ਕੁ ਨੀਚ ਸਮਝਦਾ ਹੈ।"

ਗਿਆਨੀ ਜੀ ਨੇ ਹਾਮੀ ਭਰਦਿਆਂ ਕਿਹਾ ਕਿ "ਹਾਂ ਕੁਝ ਵੀ ਹੋਵੇ ਇਹ ਵਰਤਾਰਾ ਅੰਗ੍ਰੇਜ਼ੀ ਰਾਜ ਪ੍ਰਤੀ ਭਾਰਤੀਆਂ ਦੇ ਭੁਲੇਖਿਆਂ ਦੇ ਮਕੜ ਜਾਲ ਦਾ ਭੋਗ ਤਾਂ ਪਾ ਹੀ ਦੇਗਾ।"

ਅਖੀਰ ਕੋਮਾਗਾਟਾ ਮਾਰੂ 376 ਮੁਸਾਫਰਾਂ ਨਾਲ ਪ੍ਰਬੰਧਕਾਂ ਦੁਆਰਾ ਉਹਨਾਂ ਦੇ ਨਾਂ-ਪਤਿਆਂ ਦੀ ਸੂਚੀ ਅਤੇ ਵੇਰਵੇ ਦਰਜ ਕਰਕੇ, ਉਹਦੀ ਇੱਕ ਪਰਤ ਜਹਾਜ਼ ਕਪਤਾਨ ਨੂੰ ਸੌਂਪ, 2 ਮਈ 1914 ਨੂੰ ਯੋਕੋਹਾਮਾ ਤੋਂ ਕੈਨੇਡਾ ਲਈ ਰਵਾਨਾ ਹੋ ਗਿਆ।

**ਹੱਕ ਸੱਚ ਦੀ ਆਵਾਜ਼** — 'ਦੀ ਟ੍ਰਿਬਿਊਨ' ਅਖ਼ਬਾਰ ਦੀ ਸੰਪਾਦਕੀ ਟਿੱਪਣੀ (ਮਿਤੀ 29 ਅਪ੍ਰੈਲ 1914):—

**ਚਾਰ ਸੌ ਹਿੰਦੁਸਤਾਨੀ**

ਚਾਰ ਸੌ ਹਿੰਦੋਸਤਾਨੀਆਂ ਜਿਨ੍ਹਾਂ ਚੋਂ ਬਹੁਤੇ ਸਿੱਖ ਹਨ ਨੇ ਇਹ ਜਾਣਦਿਆਂ ਹੋਇਆਂ ਵੀ ਕਿ ਉਹਨਾਂ ਨੂੰ ਜਹਾਜ਼ੋਂ ਉਤਰਨ ਨਹੀਂ ਦਿੱਤਾ ਜਾਵੇਗਾ, ਸੰਘਾਈ ਤੋਂ ਵੈਨਕੂਵਰ ਲਈ ਰਵਾਨਾ ਹੋਣ ਦੀ ਖਬਰ ਨੂੰ ਐਨਾ ਗੌਲਿਆ ਨਹੀਂ ਗਿਆ, ਜਿੰਨਾ ਕਿ ਗੌਲਿਆ ਜਾਣਾ ਚਾਹੀਦਾ ਸੀ। ਕੈਨੇਡੀਅਨ ਸਰਕਾਰ ਨੇ ਪਰਵਾਸ ਮਹਿਕਮੇ ਨੂੰ ਕਹਿ ਦਿੱਤਾ ਹੋਇਆ ਹੈ ਕਿ ਇਹਨਾਂ ਨੂੰ ਜਹਾਜੋਂ ਉਤਰਨ ਨਹੀਂ ਦੇਣਾ। ਹਿੰਦ ਸਰਕਾਰ ਦੀ ਇਹ ਧਾਰਨਾ ਜਾਪਦੀ ਏ ਕਿ ਇਹਨਾਂ 400 ਭਾਰਤੀਆਂ ਨੇ, ਇਹ ਜਾਣਦਿਆਂ ਹੋਇਆਂ ਵੀ ਕਿ ਕੈਨੇਡਾ ਸਰਕਾਰ ਸਪਸ਼ਟ ਤੌਰ ਤੇ ਕਹਿ ਚੁੱਕੀ ਹੈ ਕਿ ਸਾਨੂੰ ਹੋਰ ਕਾਮੇ-ਕਾਰੀਗਰ ਨਹੀਂ ਚਾਹੀਦੇ, ਫਿਰ ਵੀ ਖ਼ਾਹ-ਮਖ਼ਾਹ ਕਿਉਂ ਪੰਗਾ ਲਿਆ ਹੈ; ਪਰ ਸਵਾਲਾ ਦਾ ਸਵਾਲ ਤਾਂ ਇਹ ਹੈ ਕਿ ਹਿੰਦੋਸਤਾਨੀਆਂ ਦੇ ਬਤੌਰ ਅੰਗ੍ਰੇਜ਼ੀ ਪਰਜਾ ਦੇ ਕੀ ਅਧਿਕਾਰ ਹਨ? ਇਹਨਾਂ ਭਾਰਤੀਆਂ ਨੇ ਬਹੁਤ ਖਰਚੀਲਾ ਅਤੇ ਕਠਨ ਖਤਰਾ ਮੁਲ ਲਿਆ ਹੈ ਅਤੇ ਅਸੀਂ ਆਸ ਕਰਦੇ ਹਾਂ ਕਿ ਉਹਨਾਂ ਨੂੰ ਵਾਪਸ ਮੋੜਿਆ ਨਹੀਂ ਜਾਏਗਾ। ਅਜੇਹਾ ਵਿਤਕਰੇ ਭਰਿਆ ਕਦਮ ਸਰਕਾਰ ਨੂੰ ਮਹਿੰਗਾ ਪੈ ਸਕਦਾ ਹੈ ਅਤੇ ਵਕਤ ਆ ਪੁਜਾ ਹੈ ਜਦ ਕੈਨੇਡੀਅਨ ਸਰਕਾਰ ਨੂੰ ਇਹ 'ਲਗਾਤਾਰ ਸਫਰ' ਵਾਲੀ ਨਾਜਾਇਜ਼ ਸ਼ਰਤ ਹਟਾ ਦੇਣੀ ਚਾਹੀਦੀ ਹੈ। ਇਹੀ ਸ਼ਰਤ ਹੈ ਜਿਸ ਕਰਕੇ ਸਿੱਖਾਂ ਨੂੰ ਸਰਕਾਰੀ ਵਿਰੋਧ ਦਾ ਸਾਹਮਣਾ ਕਰਨਾ ਪਿਆ ਹੈ ਅਤੇ ਜਿਹੜੇ ਲੋਕੀ ਇਹਨਾਂ ਨਿਆਸਰਿਆਂ 'ਤੇ ਹੀ ਦੋਸ਼ ਮੜ੍ਹ ਰਹੇ ਹਨ, ਬੇਸ਼ਕ ਬੁਜ਼ਦਿਲ ਹਨ, ਜਿਨ੍ਹਾਂ ਅੰਦਰ ਇਸ ਲੁਕਵੇ ਤਰੀਕੇ ਦੁਆਰਾ ਬਰਤਾਨਵੀ ਸਲਤਨਤ ਦੀ ਰਿਆਇਆ ਨੂੰ ਸਾਕ-ਸੰਬੰਧੀਆਂ ਨਾਲ ਉਥੇ ਜਾਕੇ ਰਹਿਣ ਤੋਂ ਰੋਕਿਆ ਜਾ ਰਿਹਾ ਹੈ, ਉਸਦੀ ਨਿਖੇਧੀ ਕਰਨ ਦੀ ਜੁਰਅਤ ਨਹੀਂ ਰੱਖਦੇ।



4

# ਵੈਨਕੂਵਰ — ਜ਼ੋਰ ਅਜ਼ਮਾਈ

ਜਹਾਜ਼ 2 ਮਈ ਨੂੰ ਵੈਨਕੂਵਰ ਵੱਲ ਚਲ ਤਾਂ ਪਿਆ, ਪਰ ਇਹਦੇ ਮਿਸ਼ਨ ਦੀ ਕਾਮਯਾਬੀ ਬਾਰੇ ਸ਼ੰਕੇ ਨਵਿਰਤ ਨਹੀਂ ਸੀ ਹੋ ਰਹੇ; ਕੈਨੇਡਾਵਾਸੀ ਭਾਰਤੀਆਂ ਨੂੰ ਦਿਨ-ਰਾਤ ਇਹੀ ਫ਼ਿਕਰ ਪਰੇਸ਼ਾਨ ਕਰੀ ਜਾ ਰਿਹਾ ਸੀ ਕਿ ਕੀਤਾ ਕੀ ਜਾਏ? ਇਸ ਸ਼ੰਕੇ ਤਹਿਤ ਭਾਰਤੀਆਂ ਦੇ ਹਿੱਤਾਂ ਦੇ ਮੁਦਈ ਖਾਲਸਾ ਦੀਵਾਨ ਨੇ ਵਾਇਸਰਾਏ ਹਿੰਦ ਨੂੰ ਬੇਨਤੀ ਕੀਤੀ ਕਿ ਕੈਨੇਡੀਅਨ ਸਰਕਾਰ ਨੂੰ ਆਖੇ ਕਿ ਇਹਨਾਂ ਮੁਸਾਫਰਾਂ ਨੂੰ ਉਤਰਣ ਦੇਵੇ; ਪਰ ਭਾਰਤੀ ਸਰਕਾਰ ਦਾ ਦੋ ਟੁਕ ਜਵਾਬ ਸੀ ਕਿ ਪਰਵਾਸ ਬਾਰੇ ਕੈਨੇਡੀਅਨ ਕਾਨੂੰਨ ਜਗ-ਜਾਹਿਰ ਨੇ ਤੇ ਇਹਨਾਂ ਤੋਂ ਇਹ ਮੁਸਾਫਰ ਵੀ ਜਾਣੂ ਨੇ ਕਿ ਕਾਨੂੰਨ ਇਹਨਾਂ ਦੇ ਪਰਵਾਸ ਦੀ ਆਗਿਆ ਨਹੀਂ ਦੇਂਦੇ।

**ਕੁਝ ਮੁਸਾਫਰਾਂ ਵੱਲੋਂ ਖਾਲਸਾ ਦੀਵਾਨ ਕੋਲ ਲਿਖਤੀ ਫਰਿਆਦ:—**

"ੴ ਸ੍ਰੀ ਵਾਹਿਗੁਰੂ ਜੀ ਕੀ ਫਤਿਹ, ਖਾਲਸਾ ਦੀਵਾਨ ਵੈਨਕੂਵਰ, ਸ਼੍ਰੀਮਾਨ ਜਥੇਦਾਰ ਸਾਹਿਬ ਦੀ ਸੇਵਾ ਵਿੱਚ ਬੇਨਤੀ ਹੈ ਕਿ ਕਿਰਪਾ ਕਰਕੇ ਕਿਸੇ ਕੀਮਤ ਦੀ ਖਾਤਰ ਸਾਨੂੰ ਮੋੜਿਆ ਨਾ ਜਾਵੇ। ਅਸੀਂ (ਕੋਮਾਗਾਟਾ ਮਾਰੂ ਦਾ) ਕੁਲ ਖਰਚੇ ਜੋ ਤੁਸੀਂ ਕਰੋਗੇ, ਜਦ ਤੱਕ ਅਸੀਂ ਆਪ ਦਾ ਨੌਕਰੀ ਕਰਕੇ ਅਦਾ ਨਾ ਕਰੀਏ ਅਸੀਂ ਆਪ ਦੇ ਗੁਲਾਮ ਹਾਂ। ਬਾਰ-ਬਾਰ ਤਗੀਦ ਹੈ ਕਿ ਸਾਨੂੰ ਪਿਛੇ ਨਾ ਮੋੜਿਆ ਜਾਏ, ਸਾਨੂੰ ਹਰ ਤਰ੍ਹਾਂ ਮਦਦ ਕਰਕੇ ਓਤਾਰ ਲੌ ਅਸੀਂ ਹੇਠ ਲਿਖਣ ਵਾਲੇ ਇਕਰਾਰ ਕਰਦੇ ਹਾਂ ਕਿ ਅਸੀਂ (2000) ਡਾਲੇ ਵਾਸਤੇ ਹਰ ਤਰ੍ਹਾਂ ਆਪਦੀ ਸੇਵਾ ਕਰਨ ਲਈ ਤਿਆਰ ਹਾਂ ਭਾਵੇਂ ਸਾਡੀ ਪਿਛਲੀ ਜੈਦਾਦ ਵੀ ਲੈ ਲਉ।"

ਇਨ੍ਹਾਂ ਮੁਸਾਫਰਾਂ ਦੇ ਨਾਂ, ਵੇਰਵੇ ਅਤੇ ਅੰਗੂਠੇ/ਦਸਖ਼ਤ ਆਦਿ ਇਸ ਪ੍ਰਕਾਰ ਹਨ:

**ਪਹਿਲੀ ਲਿਸਟ — ਖਾਲਸਾ ਦੀਵਾਨ ਵਾਸਤੇ**

**ਪਹਿਲਾ ਪੰਨਾ**

| | ਨਾਂਅ | ਪਿੰਡ | ਜ਼ਿਲ੍ਹਾ | ਤਹਿਸੀਲ | ਦਸਤਖ਼ਤ |
|---|---|---|---|---|---|
| 1 | ਭਾਈ ਸੱਦਾ ਸਿੰਘ | ਚੂਹੜ ਚੱਕ | ਫ਼ਿਰੋਜ਼ਪੁਰ | ਮੋਗਾ | ਪੰਜਾਬੀ |
| 2 | ਬਿਸ਼ਨ ਸਿੰਘ ਸਪੁੱਤਰ ਭਾਈ ਸੱਦਾ ਸਿੰਘ | | | | ਅੰਗ੍ਰੇਜ਼ੀ |
| 3 | ਇੰਦਰ ਸਿੰਘ | ਚੜਿਕ ਚੌਬਾਰ | ਫ਼ਿਰੋਜ਼ਪੁਰ | ਮੋਗਾ | ਪੰਜਾਬੀ |
| 4 | ਸੂਬਾ ਸਿੰਘ | ਦੂਲੋਂ | ਲੁਧਿਆਣਾ | ਲੁਧਿਆਣਾ | ਪੰਜਾਬੀ |
| 5 | ਅਰਜਨ ਸਿੰਘ | ਢੱਡੇ | ਜਲੰਧਰ | ਜਲੰਧਰ | ਪੰਜਾਬੀ |

| | | | | | |
|---|---|---|---|---|---|
| 6 | ਮਿਤ ਸਿੰਘ | ਬੁਘੀਪੁਰ | ਫ਼ਿਰੋਜ਼ਪੁਰ | ਮੋਗਾ | ਅੰਗ੍ਰੇਜ਼ੀ |
| 7 | ਈਸ਼ਰ ਸਿੰਘ | ਸੰਧੂਆਂ ਦੇ ਮਾਣੁਕੇ | ਲੁਧਿਆਣਾ | ਜਗਰਾਉਂ | ਪੰਜਾਬੀ |
| 8 | ਕਰਮ ਸਿੰਘ | ਜਮਸ਼ੇਰ | ਜਲੰਧਰ | ਜਲੰਧਰ | ਪੰਜਾਬੀ |
| 9 | ਅਮਰੀਕ ਸਿੰਘ | ਝੰਡਿਆਣਾ | ਫ਼ਿਰੋਜ਼ਪੁਰ | ਮੋਗਾ | ਪੰਜਾਬੀ |
| 10 | ਵੀਰ ਸਿੰਘ | ਕਰਬਾਠ | ਲਾਹੌਰ | ਲਾਹੌਰ | ਪੰਜਾਬੀ |
| 11 | ਰਲ੍ਹਾ ਸਿੰਘ | ਢੈਪਈ | ਲੁਧਿਆਣਾ | ਲੁਧਿਆਣਾ | ਪੰਜਾਬੀ |
| 12 | ਨੱਥਾ ਸਿੰਘ | ਚੱਕਰ | ਲੁਧਿਆਣਾ | ਜਗਰਾਉਂ | ਪੰਜਾਬੀ |
| 13 | ਭਜਨ ਸਿੰਘ | ਰਾਜੀਆ | ਨਾਭਾ ਰਿਆਸਤ | ਧਨੌਲਾ | ਪੰਜਾਬੀ |
| 14 | ਪੂਰਨ ਸਿੰਘ | ਚੌਂ? | ਲੁਧਿਆਣਾ | ਲੁਧਿਆਣਾ | ਪੰਜਾਬੀ |
| 15 | ਪੂਰਨ ਸਿੰਘ | ਸਿਧੱਮ | ਜਲੰਧਰ | ਕਪੂਰਥਲਾ | ਪੰਜਾਬੀ |
| 16 | ਸੁੰਦਰ ਸਿੰਘ | ਕਾਲੇ | ਜਲੰਧਰ | ਫਿਲੌਰ | ਪੰਜਾਬੀ |
| 17 | ਇੰਦਰ ਸਿੰਘ | ਰਾਮਾ | ਫ਼ਿਰੋਜ਼ਪੁਰ | ਮੋਗਾ | ਪੰਜਾਬੀ |
| 18 | ਚੰਨਣ ਸਿੰਘ | ਵਜੀਦਕੇ | ਪਟਿਆਲਾ | ਬਰਨਾਲਾ | ਪੰਜਾਬੀ |
| 19 | ਲਛਮਣ ਸਿੰਘ | ਮਾਣੋਚਾਹਲ | ਅੰਮ੍ਰਿਤਸਰ | ਤਰਨ ਤਾਰਨ | ਪੰਜਾਬੀ |
| 20 | ਇੰਦਰ ਸਿੰਘ | ਸਿਧੱਮ | ਜਲੰਧਰ | ਕਪੂਰਥਲਾ | ਪੰਜਾਬੀ |
| 21 | ਬੀਨਾ? ਸਿੰਘ | ਘਲੋਟੀ | ਪਟਿਆਲਾ | ਪਾਇਲ | ਪੰਜਾਬੀ |
| 22 | ਮੇਲਾ ਸਿੰਘ | ਖੁਰਦਪੁਰ | ਜਲੰਧਰ | ਜਲੰਧਰ | ਪੰਜਾਬੀ |
| 23 | ਦਾਨ ਸਿੰਘ | ਅਚਰਵਾਲ | ਲੁਧਿਆਣਾ | ਜਗਰਾਉਂ | ਪੰਜਾਬੀ |
| 24 | ਮਲ ਸਿੰਘ | ਲਖਾ | ਲੁਧਿਆਣਾ | ਜਗਰਾਉਂ | ਅੰਗੂਠਾ |
| 25 | ਗੋਧਾ ਰਾਮ | ਅਚਰਵਾਲ | ਲੁਧਿਆਣਾ | ਜਗਰਾਉਂ | ਪੰਜਾਬੀ |
| 26 | ਵੀਰ ਸਿੰਘ | ਕੁਲਾਰ | ਜਲੰਧਰ | ਨਕੋਦਰ | ਪੰਜਾਬੀ |
| 27 | ਬਖਸ਼ੀ ਸਿੰਘ | ਪੰਡੋਰੀ | ਲੁਧਿਆਣਾ | ਜਗਰਾਉਂ | ਪੰਜਾਬੀ |
| 28 | ਪਾਖਰ ਸਿੰਘ | ਪੰਡੋਰੀ | ਲੁਧਿਆਣਾ | ਜਗਰਾਉਂ | ਪੰਜਾਬੀ |
| 29 | ਝਗੜ ਸਿੰਘ | ਸਰਾਵੀਂ | ਫ਼ਿਰੋਜ਼ਪੁਰ | ਰਿਆਸਤ ਫਰੀਦਕੋਟ | ਪੰਜਾਬੀ |
| 30 | ਹਰਨਾਮ ਸਿੰਘ | ਮਲ੍ਹਾ | ਲੁਧਿਆਣਾ | ਜਗਰਾਉਂ | ਪੰਜਾਬੀ |
| 31 | ਰਾਮ ਚੰਦ | ਜੰਡੋਲੀ | ਹੋਸ਼ਿਆਰਪੁਰ | ਹੋਸ਼ਿਆਰਪੁਰ | ਪੰਜਾਬੀ |
| 32 | ਮੰਗਲ ਸਿੰਘ | ਮਿਰਜ਼ਾਪੁਰ | ਹੋਸ਼ਿਆਰਪੁਰ | ਹੋਸ਼ਿਆਰਪੁਰ | ਪੰਜਾਬੀ |
| 33 | ਗਨੇਸ਼ ਸਿੰਘ | ਖਾਨਪੁਰ | ਅੰਮ੍ਰਿਤਸਰ | ਅੰਮ੍ਰਿਤਸਰ | ਪੰਜਾਬੀ |
| 34 | ਭਾਨ ਸਿੰਘ | ਕੋਟ ਰਾਏ ਬੁਢਾ | ਲਾਹੌਰ | ਕਸੂਰ | ਪੰਜਾਬੀ |
| 35 | ਬਿਸ਼ਨ ਸਿੰਘ | ਦਧੇਰ | ਅੰਮ੍ਰਿਤਸਰ | ਤਰਨਤਾਰਨ | ਪੰਜਾਬੀ |
| 36 | ਕਿਸ਼ਨ ਸਿੰਘ | ਜੋਧੇ | ਅੰਮ੍ਰਿਤਸਰ | ਅੰਮ੍ਰਿਤਸਰ | ਪੰਜਾਬੀ |
| 37 | ਟਹਿਲ ਸਿੰਘ | ਰਾਣੀਵਾਲਾ | ਅੰਮ੍ਰਿਤਸਰ | ਤਰਨ ਤਾਰਨ | ਪੰਜਾਬੀ |



| | | | | | |
|---|---|---|---|---|---|
| 38 | ਟਹਿਲ ਸਿੰਘ | ਚੋਹਲਾ | ਅੰਮ੍ਰਿਤਸਰ | ਤਰਨ ਤਾਰਨ | ਪੰਜਾਬੀ |
| 39 | ਬੀਰ ਸਿੰਘ | ਗੁੜੇ | ਲੁਧਿਆਣਾ | ਜਗਰਾਉਂ | ਪੰਜਾਬੀ |
| 40 | ਡ਼ੰਜਾ ਸਿੰਘ | ਲਾਮਕੇ | ਅੰਮ੍ਰਿਤਸਰ | ਤਰਨ ਤਾਰਨ | ਪੰਜਾਬੀ |
| 41 | ਭਾਨ ਸਿੰਘ | ਲੁਹਾਰਵਾਲਾ | ਅੰਮ੍ਰਿਤਸਰ | ਤਰਨ ਤਾਰਨ | ਪੰਜਾਬੀ |
| 42 | ਕਿਸ਼ਨ ਸਿੰਘ | ਡੱਲਾ | ਗੁਰਦਾਸਪੁਰ | ਬਟਾਲਾ | ਪੰਜਾਬੀ |
| 43 | ਇੰਦਰ ਸਿੰਘ | ਦਦੇਹਰ | ਅੰਮ੍ਰਿਤਸਰ | ਤਰਨ ਤਾਰਨ | ਪੰਜਾਬੀ |

**ਪੰਨਾ ਨੰ: 2**

| | | | | | |
|---|---|---|---|---|---|
| 1 | ਸ਼ੀਹਾਂ ਸਿੰਘ | ਭੈਲ ਸਿੰਘ | ਅੰਮ੍ਰਿਤਸਰ | ਵੈਰੋਵਾਲ | ਪੰਜਾਬੀ |
| 2 | ਬਹਾਦਰ ਸਿੰਘ | ਕਲੇਰ | ਅੰਮ੍ਰਿਤਸਰ | ਵੈਰੋਵਾਲ | ਪੰਜਾਬੀ |
| 3 | ਜਵੰਦ ਸਿੰਘ | ਫਤਿਹਗੜ੍ਹ | ਅੰਮ੍ਰਿਤਸਰ | ਵੈਰੋਵਾਲ | ਪੰਜਾਬੀ |
| 4 | ਬੁਧਾ ਸਿੰਘ | ਤੁੰਗਵਾਲ | ਫ਼ਿਰੋਜ਼ਪੁਰ | ਨਥਾਨਾ | ਪੰਜਾਬੀ |
| 5 | ਨੰਦ ਸਿੰਘ | ਗੰਗਾ ਅੰਬੋਕੀ | ਫ਼ਿਰੋਜ਼ਪੁਰ | ਕੋਟ ਕਪੂਰਾ | ਅੰਗੂਠਾ |
| 6 | ਨੌਰੰਗ ਸਿੰਘ | ਮੁੰਡਾ | ਅੰਮ੍ਰਿਤਸਰ | ਮੁੰਡਾ | ਅੰਗੂਠਾ |
| 7 | ਬਘੇਲ ਸਿੰਘ | ਪੂਰਨੀਆ | ਲਾਹੌਰ | ਵਲਟੋਹਾ | ਅੰਗੂਠਾ |
| 8 | ਭਗਤ ਸਿੰਘ | ਪੂਰਨੀਆ | ਲਾਹੌਰ | ਵਲਟੋਹਾ | ਪੰਜਾਬੀ |
| 9 | ਕਿਸ਼ਨ ਸਿੰਘ | ਮੁੰਡਾ | ਅੰਮ੍ਰਿਤਸਰ | ਮੁੰਡਾ | ਪੰਜਾਬੀ |
| 10 | ਮੰਨਾ ਸਿੰਘ | ਢੋਟੀਆ | ਅੰਮ੍ਰਿਤਸਰ | ਢੋਟੀਆ | ਪੰਜਾਬੀ |
| 11 | ਸੁਰੈਣ ਸਿੰਘ | ਪਧਾਨਾ | ਲਾਹੌਰ | ਪਧਾਨਾ | ਪੰਜਾਬੀ |
| 12 | ਗਨੇਸ਼ਾ ਸਿੰਘ | ਪਧਾਨਾ | ਲਾਹੌਰ | ਪਧਾਨਾ | ਪੰਜਾਬੀ |
| 13 | ਮਈਆ ਸਿੰਘ | ਪਧਾਨਾ | ਲਾਹੌਰ | ਪਧਾਨਾ | ਪੰਜਾਬੀ |
| 14 | ਮਹੈਨ ਸਿੰਘ | ਪਧਾਨਾ | ਲਾਹੌਰ | ਪਧਾਨਾ | ਪੰਜਾਬੀ |
| 15 | ਪਾਲਾ ਸਿੰਘ | ਬੋਪਾਰਾਏ | ਲੁਧਿਆਣਾ | ਬੋਪਾਰਾਏ | ਪੰਜਾਬੀ |
| 16 | ਨੱਥਾ ਸਿੰਘ | ਬੋਪਾਰਾਏ | ਲੁਧਿਆਣਾ | ਬੋਪਾਰਾਏ | ਅੰਗੂਠਾ |
| 17 | ਸੁਚਾ ਸਿੰਘ | ਸੁਰਸਿੰਘ | ਲਾਹੌਰ | ਸੁਰਸਿੰਘ | ਪੰਜਾਬੀ |
| 18 | ਅਰਜਨ ਸਿੰਘ | ਪਾਲੀਆ | ਲੁਧਿਆਣਾ | ਆਬਲੂ | ਪੰਜਾਬੀ |
| 19 | ਹਰਨਾਮ ਸਿੰਘ | ਪਾਲੀਆ | ਲੁਧਿਆਣਾ | ਆਬਲੂ | ਅੰਗੂਠਾ |
| 20 | ਭੂਮਨ ਸਿੰਘ | ਸੰਦੋਹਾ | ਪਟਿਆਲਾ | ਮੌੜ | ਪੰਜਾਬੀ |
| 21 | ਮੰਗਲ ਸਿੰਘ | ਧੂੰਨ | ਅੰਮ੍ਰਿਤਸਰ | ਸਰਹਾਲੀ | ਅੰਗੂਠਾ |
| 22 | ਧਿਆਨ ਸਿੰਘ | ਘੁਮਾਨ | ਲੁਧਿਆਣਾ | ਰਾਏਕੋਟ | ਅੰਗੂਠਾ |
| 23 | ਚੰਨਣ ਸਿੰਘ | ਕਿਸ਼ਨਪੁਰ | ਫ਼ਿਰੋਜ਼ਪੁਰ | ਕਿਸ਼ਨਪੁਰ | ਪੰਜਾਬੀ |
| 24 | ਕੁੰਦਨ ਸਿੰਘ | ਸਰਾਭਾ | ਲੁਧਿਆਣਾ | ਪਖੋਵਾਲ | ਅੰਗੂਠਾ |
| 25 | ਦਲੀਪ ਸਿੰਘ | ਮੋਰਾਂਵਾਲੀ | ਸਿਆਲਕੋਟ | ਮੋਰਾਂਵਾਲੀ | ਪੰਜਾਬੀ |
| 26 | ਹਰਬਿਸ਼ਨ ਸਿੰਘ | ਮੋਰਾਂਵਾਲੀ | ਸਿਆਲਕੋਟ | ਮੋਰਾਂਵਾਲੀ | ਪੰਜਾਬੀ |
| 27 | ਪਾਲਾ ਸਿੰਘ | ਲੁਹਾਰਾ | ਲੁਧਿਆਣਾ | ਲੁਧਿਆਣਾ | ਪੰਜਾਬੀ |

| | | | | | |
|---|---|---|---|---|---|
| 28 | ਸ਼ਿਵ ਸਿੰਘ | ਨਾਨੋਕੇ | ਅੰਮ੍ਰਿਤਸਰ | ਚਿਮਿਆਰੀ | ਦਸਖ਼ਤ |
| 29 | ਕਿਸ਼ਨ ਸਿੰਘ | ਠੀਕਰੀਵਾਲਾ | ਪਟਿਆਲਾ | ਬਰਨਾਲਾ | ਦਸਖ਼ਤ |
| 30 | ਕਿਹਰ ਸਿੰਘ | ਰੋਡੇ | ਫ਼ਿਰੋਜ਼ਪੁਰ | ਬਾਘਾਪੁਰਾਨਾ | ਅੰਗੂਠਾ |
| 31 | ਭਾਗ ਸਿੰਘ | ਮਾੜੀ ਸਮਰਾ | ਲਾਹੌਰ | ਖਾਲੜਾ | ਪੰਜਾਬੀ |
| 32 | ਅਰਜਨ ਸਿੰਘ | ਜਾਲੜ | ਸਾਹਪੁਰ | ਨੌਸ਼ਹਿਰਾ | ਪੰਜਾਬੀ |
| 33 | ਚੰਨਣ ਸਿੰਘ | ਤਲਵੰਡੀ (ਮੰਡੂਕੀ) | ਪਟਿਆਲਾ | ਭਦੌੜ | ਪੰਜਾਬੀ |
| 34 | ਦਿਆਲ ਸਿੰਘ | ਸ਼ਾਦੀ ਹਰੀ | ਪਟਿਆਲਾ | ਦਿੜਬਾ | ਪੰਜਾਬੀ |
| 35 | ਸੁੰਦਰ ਸਿੰਘ | ਬਚੋਕੀ | ਗੁਰਦਾਸਪੁਰ | ਬਟਾਲਾ | ਪੰਜਾਬੀ |
| 36 | ਗੇਂਦਾ ਸਿੰਘ | ਜਸਵਾਲ | ਲੁਧਿਆਣਾ | ਜਸਪਾਲ | ਪੰਜਾਬੀ |
| 37 | ਚੰਨਣ ਸਿੰਘ | ? | ਫ਼ਿਰੋਜ਼ਪੁਰ | ਬੁਟਰ | ਪੰਜਾਬੀ |
| 38 | ਮਲ ਸਿੰਘ | ਅਚਰਵਾਲ | ਲੁਧਿਆਣਾ | ਬਸੀਆ | ਅੰਗੂਠਾ |
| 39 | ਪ੍ਰਤਾਪ ਸਿੰਘ | ? | ਫ਼ਿਰੋਜ਼ਪੁਰ | ਬਾਘਾਪੁਰਾਨਾ | ਪੰਜਾਬੀ |
| 40 | ਪ੍ਰਤਾਪ ਸਿੰਘ | ਨਥੋਵਾਲ | ਪਟਿਆਲਾ | ਨਥੋਵਾਲ | ਅੰਗੂਠਾ |
| 41 | ਪੂਰਨ ਸਿੰਘ | ਬਿੰਜਲ | ਲੁਧਿਆਣਾ | ਰਾਏਕੋਟ | ਪੰਜਾਬੀ |
| 42 | ਸੰਤੋਖ ਸਿੰਘ | ਕਮਾਲੁਪੁਰ | ਲੁਧਿਆਣਾ | ਕਮਾਲਪੁਰ | ਅੰਗੂਠਾ |
| 43 | ਸ਼ੇਰ ਸਿੰਘ | ਕਮਾਲੁਪੁਰ | ਲੁਧਿਆਣਾ | ਕਮਾਲਪੁਰ | ਪੰਜਾਬੀ |
| 44 | ਮਸਤ ਸਿੰਘ | ਲੀਣਾ | ਲੁਧਿਆਣਾ | ਜਗਰਾਵਾਂ | ਪੰਜਾਬੀ |
| 45 | ਕਾਕਾ ਸਿੰਘ | ਤਾਬਾ | ਲੁਧਿਆਣਾ | ਲੁਧਿਆਣਾ | ਪੰਜਾਬੀ |
| 46 | ਮੁਨਸ਼ੀ ਰਾਮ | ਘੋਲੀਆ | ਫ਼ਿਰੋਜ਼ਪੁਰ | ਮੋਗਾ | ਉਰਦੂ |
| 47 | ਜਾਤਾ ਸਿੰਘ | ਬੋਪਾਰਾਏ | ਲੁਧਿਆਣਾ | ਰਾਏਕੋਟ | ਪੰਜਾਬੀ |
| 48 | ਮਸਤਾਨ ਸਿੰਘ | ਮੂਮ | ਪਟਿਆਲਾ | ਭਦੌੜ | ਪੰਜਾਬੀ |
| 49 | ਹੀਰਾ ਸਿੰਘ | ਰਾਮਗੜ੍ਹ | ਪਟਿਆਲਾ | ਭਦੌੜ | ਪੰਜਾਬੀ |
| 50 | ਮਿਤ ਸਿੰਘ | ਖਰਾਜ | ਫ਼ਿਰੋਜ਼ਪੁਰ | ਭਾਈ ਕੀ ਸਮਾਧ | ਪੰਜਾਬੀ |
| 51 | ਆਲਾ ਸਿੰਘ | ਭਰੋਵਾਲ | ਅੰਮ੍ਰਿਤਸਰ | ਫਤਿਆਬਾਦ | ਪੰਜਾਬੀ |
| 52 | ਗੁਰਮੁਖ ਸਿੰਘ | ਲਲਤੋ ਛੋਟੀ | ਲੁਧਿਆਣਾ | ਲਲਤੋ ਵੱਡੀ | ਅੰਗ੍ਰੇਜ਼ੀ |
| 53 | ਸ਼ੇਰ ਸਿੰਘ | ਕੋਟ (ਸੈਦੇ?) | ਅੰਮ੍ਰਿਤਸਰ | ਅੰਮ੍ਰਿਤਸਰ | ਪੰਜਾਬੀ |
| 54 | ਕਰਤਾਰ ਸਿੰਘ | ਮੇਲੀ | ਜਲੰਧਰ | ਫਰਾਲਾ | ਉਰਦੂ |
| 56 | ਅਮਰ ਸਿੰਘ | ਸਾਨਪੁਰ | ਲਾਹੌਰ | ਖਰੜਾ | ਪੰਜਾਬੀ |
| 57 | ਅਮਰ ਸਿੰਘ | ਰੁੜੀਵਾਲਾ | ਅੰਮ੍ਰਿਤਸਰ | ਸਰਹਾਲੀ | ਪੰਜਾਬੀ |
| 58 | ਬੂੜਾ ਸਿੰਘ | ਭੇਲ | ਅੰਮ੍ਰਿਤਸਰ | | × |
| 59 | ਸੁੰਦਰ ਸਿੰਘ | ਮਿਤੋਵਾਲ | ਅੰਮ੍ਰਿਤਸਰ | ਤਿਮੋਵਾਲ | ਪੰਜਾਬੀ |
| 60 | ਕਿਹਰ ਸਿੰਘ | ਖੋਮੋਵਾਲ | ਫਰੀਦਕੋਟ | ਕੋਟਕਪੂਰਾ | ਪੰਜਾਬੀ |
| 61 | ਪੂਰਨ ਸਿੰਘ | ਜਨੇਤਪੁਰਾ | ਲੁਧਿਆਣਾ | ਜਗਰਾਵਾਂ | ਪੰਜਾਬੀ |



## ਦੂਜੀ ਲਿਸਟ — ਜਹਾਜ਼ ਦੇ ਰਿਕਾਰਡ ਵਜੋਂ

**ਇੱਕ ਹੋਰ ਤਰ੍ਹਾਂ ਦੀ ਲਿਸਟ — ਅੰਗ੍ਰੇਜ਼ੀ 'ਚ — ਯਕੀਨੀ ਤੌਰ ਤੇ ਇਹ ਲਿਸਟ ਜਹਾਜ਼ ਦੇ ਨਿਯਮਤ ਰਿਕਾਰਡ ਦਾ ਹਿੱਸਾ ਹੀ ਹੋਵੇਗੀ, ਜੀਹਦਾ ਪਹਿਲੀ ਲਿਸਟ ਨਾਲ ਕੋਈ ਸੰਬੰਧ ਨਹੀਂ ਜਾਪਦਾ।**

| ਲੜੀ | ਨਾਂਅ | ਪਿੰਡ | ਜ਼ਿਲ੍ਹਾ | ਦਸਖ਼ਤ/ਅੰਗੂਠਾ |
|---|---|---|---|---|
| 1 | ਬਖਤਾਵਰ ਸਿੰਘ | ਬੁਰਜ ਹਰੀਕੇ | ਪਟਿਆਲਾ | ਅੰਗੂਠਾ |
| 2 | ਹਰਦਿੱਤ ਸਿੰਘ | ਢੱਡੇ | ਸੰਗਰੂਰ | ਅੰਗੂਠਾ |
| 3 | ਪੂਰਨ ਸਿੰਘ | ਘੋਲੀਆ | ਫ਼ਿਰੋਜ਼ਪੁਰ | ਅੰਗੂਠਾ |
| 4 | ਸੁੰਦਰ ਸਿੰਘ | ਖੋਟੇ | ਫ਼ਿਰੋਜ਼ਪੁਰ | ਅੰਗੂਠਾ |
| 5 | ਸ਼ੇਰ ਸਿੰਘ | ਆਲਮਵਾਲਾ | ਫ਼ਿਰੋਜ਼ਪੁਰ | ਅੰਗੂਠਾ |
| 6 | ਮੱਲਾ ਸਿੰਘ | ਜੈਮਲਵਾਲਾ | ਫ਼ਿਰੋਜ਼ਪੁਰ | ਅੰਗੂਠਾ |
| 7 | ਭਗਤ ਸਿੰਘ | ਰਾਜਿਆਨਾ | ਫ਼ਿਰੋਜ਼ਪੁਰ | ਅੰਗੂਠਾ |
| 8 | ਕੇਹਰ ਸਿੰਘ | ਰੋਡੇ | ਫ਼ਿਰੋਜ਼ਪੁਰ | ਅੰਗੂਠਾ |
| 9 | ਦੇਵਾ ਸਿੰਘ | ਲੋਗੋਆਨਾ | ਫ਼ਿਰੋਜ਼ਪੁਰ | ਅੰਗੂਠਾ |
| 10 | ਰੁੜ ਸਿੰਘ | ਲੋਗੋਆਨਾ | ਫ਼ਿਰੋਜ਼ਪੁਰ | ਅੰਗੂਠਾ |
| 11 | ਨਰਾਇਨ ਸਿੰਘ | ਰੋਡੇ | ਫ਼ਿਰੋਜ਼ਪੁਰ | ਅੰਗੂਠਾ |
| 12 | ਹੀਰਾ ਸਿੰਘ | ਤੰਗਵਾਲ | ਫ਼ਿਰੋਜ਼ਪੁਰ | ਅੰਗੂਠਾ |
| 13 | ਸਰੂਪ ਸਿੰਘ | ਬਾਨਾਵਾਲਾ | ਪਟਿਆਲਾ | ਅੰਗੂਠਾ |
| 14 | ਜੀਵਨ ਸਿੰਘ | ਬਾਂਦਰ | ਪਟਿਆਲਾ | ਅੰਗੂਠਾ |
| 15 | ਸੁਚਾ ਸਿੰਘ | ਮਾਛੀਕੇ | ਪਟਿਆਲਾ | ਅੰਗੂਠਾ |
| 16 | ਕਰਤਾ ਰਾਮ | ਤੁੰਗਾਵਾਲਾ | ਪਟਿਆਲਾ | ਅੰਗੂਠਾ |
| 17 | ਸ਼ੇਰ ਸਿੰਘ | -- | -- | ਅੰਗੂਠਾ |
| 18 | ਕਿਹਰ ਸਿੰਘ | -- | -- | ਅੰਗੂਠਾ |
| 19 | ਗੁਰਮੁਖ ਸਿੰਘ | -- | -- | ਅੰਗੂਠਾ |
| 20 | ਰਾਮਜੀ | -- | -- | ਅੰਗੂਠਾ |
| 21 | ਹੀਰਾ ਸਿੰਘ | ਬਾਂਦਰ | ਪਟਿਆਲਾ | ਅੰਗੂਠਾ |
| 22 | ਨੰਦਾ ਸਿੰਘ | -- | -- | ਅੰਗੂਠਾ |
| 23 | ਬਿਜਲਾ ਸਿੰਘ | ਜਾਤਰੀ | -- | ਅੰਗੂਠਾ |
| 24 | ਸ਼ਹਿਜ਼ਾਦਾ ਸਿੰਘ | ਅਬਲੂ | ਫ਼ਿਰੋਜ਼ਪੁਰ | ਅੰਗੂਠਾ |
| 25 | ਜੈਮਲ ਸਿੰਘ | ਸੇਖਾ | ਫ਼ਿਰੋਜ਼ਪੁਰ | ਅੰਗੂਠਾ |
| 26 | ਬਚਿੱਤਰ ਸਿੰਘ | ਖੇੜੀ | ਪਟਿਆਲਾ | ਅੰਗੂਠਾ |
| 27 | ਸੰਤ ਸਿੰਘ | ਕਪੂਰਥਲਾ | | ਅੰਗ੍ਰੇਜ਼ੀ |

| | | | | |
|---|---|---|---|---|
| 28 | ਗੱਜਣ ਸਿੰਘ | ਬੁਟਰ | ਫ਼ਿਰੋਜ਼ਪੁਰ | ਅੰਗੂਠਾ |
| 29 | ਖਾਨ ਮੁਹੱਮਦ | ਜਾਬੇਹ | ਸ਼ਾਹਪੁਰ | ਅੰਗੂਠਾ |
| 30 | ਕਰਮ ਇਲਾਹੀ | ਧਨੇਰ-ਪਦਾਵਰ | ਅੰਬਾਲਾ | ਅੰਗੂਠਾ |
| 31 | ਪੀਰ ਬਖਸ਼ | ਨੂਰ ਮਹਿਲ | ਜਲੰਧਰ | ਅੰਗੂਠਾ |
| 32 | ਕਪੂਰ ਸਿੰਘ | ਖਿਆਲਾ | ਪਟਿਆਲਾ | ਅੰਗੂਠਾ |
| 33 | ਪਾਲਾ ਸਿੰਘ | ਜਲਾਲਦੀਵਾਲ | -- | ਅੰਗੂਠਾ |
| 34 | ਮਹਿਮਾ ਸਿੰਘ | ਸਿਹਾਲ | -- | ਅੰਗੂਠਾ |
| 35 | ਸੁੰਦਰ ਸਿੰਘ | ਜਲੋਵਾਲ | ਫ਼ਿਰੋਜ਼ਪੁਰ | ਅੰਗ੍ਰੇਜ਼ੀ |
| 36 | ਭਗਵਾਨ ਸਿੰਘ | ਆਲਮਵਾਲਾ | -- | ਅੰਗੂਠਾ |
| 37 | ਬਹਾਉਦੀਨ | ਜਾਬਿਹ | | ਅੰਗੂਠਾ |
| 38 | ਪੋਹਲਾ | ? | | ਅੰਗੂਠਾ |
| 39 | ਕਰਮ ਲਾਲ | ਝੰਡੂ | ? | ਅੰਗੂਠਾ |
| 40 | ਸਮੀਰ ਸਿੰਘ | ਸਰਹਾਲੀ | ਅੰਮ੍ਰਿਤਸਰ | ਅੰਗੂਠਾ |
| 41 | ਪੁਰਬਾ ਸਿੰਘ | ਬਹਾਦਰਗੜ੍ਹ | ਪਟਿਆਲਾ | ਅੰਗੂਠਾ |
| 42 | ਅਮੀਰ ਮੁਹੱਮਦ ਖਾਂ | ਲੁਧਿਆਣਾ | ਲੁਧਿਆਣਾ | ਅੰਗ੍ਰੇਜ਼ੀ |
| 43 | ਲਾਲ ਸਿੰਘ | ਖਿਆਲੀ | ਲੁਧਿਆਣਾ | ਅੰਗੂਠਾ |
| 44 | ਦਰਬਾ ਸਿੰਘ | ? | ਫ਼ਿਰੋਜ਼ਪੁਰ | ਅੰਗੂਠਾ |
| 45 | ਵਜੀਰ ਸਿੰਘ | ਰਲਾ | ਪਟਿਆਲਾ | ਅੰਗੂਠਾ |
| 46 | ਪੰਜਾਬ ਸਿੰਘ | ਕੋਟਲੀ? | ਜਲੰਧਰ | ਅੰਗੂਠਾ |
| 47 | ਠਾਕਰ ਸਿੰਘ | ਓਦੋਨੰਗਲ | ਅੰਮ੍ਰਿਤਸਰ | ਅੰਗੂਠਾ |
| 48 | ਮੱਖਣ ਸਿੰਘ | ਲਧੇਵਾ | ਅੰਮ੍ਰਿਤਸਰ | ਅੰਗੂਠਾ |
| 49 | ਕਿਸ਼ਨ ਸਿੰਘ | ਛਜਲਵੱਡੀ | ਅੰਮ੍ਰਿਤਸਰ | ਅੰਗੂਠਾ |
| 50 | ਦਿਆਲ | ਕਕੜ | ਅੰਮ੍ਰਿਤਸਰ | ਅੰਗੂਠਾ |
| 51 | ਰਾਮ ਸਿੰਘ | ਦਪੜ | ਅੰਬਾਲਾ | ਅੰਗੂਠਾ |
| 52 | ਹਾਕਮ ਸਿੰਘ | ਨਨਹੇਰੀਆ | ਥਾਨਾ: ਖਰੜ | ਅੰਗੂਠਾ |
| | | | ਅੰਬਾਲਾ | ਅੰਗੂਠਾ |
| 53 | ਨੰਦ ਸਿੰਘ | ਸਲਾਬਤਪੁਰ | ਅੰਬਾਲਾ | ਅੰਗੂਠਾ |
| 54 | ਕਿਹਰ ਸਿੰਘ | ਪਲੋ | ਅੰਬਾਲਾ | ਅੰਗੂਠਾ |
| 55 | ਇੰਦਰ ਸਿੰਘ | ਭਿਖੀਵਿੰਡ | ਲਾਹੌਰ | ਅੰਗੂਠਾ |
| 56 | ਸੁਰਜਨ ਸਿੰਘ | | | ਅੰਗੂਠਾ |
| 57 | ਸ਼ੀਹਾਂ ਸਿੰਘ | ਕੋਟ ਦਾਤਾ | ਅੰਮ੍ਰਿਤਸਰ | ਅੰਗੂਠਾ |
| 58 | ਕਿਹਰ ਸਿੰਘ | ਅਚਰਵਲ | ਅੰਮ੍ਰਿਤਸਰ | ਅੰਗੂਠਾ |
| 59 | ਪ੍ਰੇਮ ਸਿੰਘ | ਪੰਡੋਰੀ | ਪਟਿਆਲਾ | ਅੰਗੂਠਾ |
| 60 | ਹਰਨਾਮ ਸਿੰਘ | ਗੁਜਰਵਾਲ | ਲੁਧਿਆਣਾ | ਅੰਗੂਠਾ |



| | | | | |
|---|---|---|---|---|
| 61 | ਦਲੀਪ ਸਿੰਘ | ਵਡਾਲਾ | ਜਲੰਧਰ | ਅੰਗੂਠਾ |
| 62 | ਬਦਨ ਸਿੰਘ | ਸਲਾਮਤਪੁਰ | ਅੰਬਾਲਾ | ਅੰਗੂਠਾ |
| 63 | ਹਰਨਾਮ ਸਿੰਘ | ਪਲਗੋਟਾ | ਅੰਮ੍ਰਿਤਸਰ | ਅੰਗੂਠਾ |
| 64 | ਨੌਰੰਗ ਸਿੰਘ | ਡਲੇਵਾਲ | ਲੁਧਿਆਣਾ | ਅੰਗੂਠਾ |
| 65 | ਸ਼ੀਹਾ ਸਿੰਘ | ਸਰਹਾਲੀ | ਅੰਮ੍ਰਿਤਸਰ | ਅੰਗੂਠਾ |
| 66 | ਰਾਮ ਸਿੰਘ | ਮੌੜ | ਪਟਿਆਲਾ | ਅੰਗੂਠਾ |
| 67 | ਜੈ ਸਿੰਘ | ਵਹੀਲਾ | ਪਟਿਆਲਾ | ਅੰਗੂਠਾ |
| 68 | ਜਹਾਂਗੀਰ ਸਿੰਘ | | | ਅੰਗੂਠਾ |
| 69 | ਪ੍ਰਤਾਪ ਸਿੰਘ | | | ਅੰਗੂਠਾ |
| 70 | ਚੰਦਾ ਸਿੰਘ | ਠੀਕਰੀਵਾਲਾ | ਪਟਿਆਲਾ | ਅੰਗੂਠਾ |
| 71 | ਬੇਸ਼ਰ ਸਿੰਘ? | ਖਡੀ | ਪਟਿਆਲਾ | ਅੰਗੂਠਾ |
| 72 | ਇੰਦਰ ਸਿੰਘ | ਲਧੇਕੇ | ਫ਼ਿਰੋਜ਼ਪੁਰ | ਅੰਗੂਠਾ |
| 73 | ਮਾਲ੍ਹਾ ਸਿੰਘ | ਸੇਖਾ | ਫ਼ਿਰੋਜ਼ਪੁਰ | ਅੰਗੂਠਾ |
| 74 | ਮੇਵਾ ਸਿੰਘ | ਨਕੋਵਾਲਾ | ਫ਼ਿਰੋਜ਼ਪੁਰ | ਅੰਗੂਠਾ |
| 75 | ਅਰਜਨ ਸਿੰਘ | ਮਹਿਨਾ | ਫ਼ਿਰੋਜ਼ਪੁਰ | ਅੰਗੂਠਾ |
| 76 | ਪ੍ਰੇਮ ਸਿੰਘ | ਜਵੱਦੀ | ਲੁਧਿਆਣਾ | ਅੰਗੂਠਾ |
| 77 | ਜੈਮਲ ਸਿੰਘ | ਲੋਂਗੇਆਨਾ | ਫ਼ਿਰੋਜ਼ਪੁਰ | ਅੰਗੂਠਾ |
| 78 | ਈਸ਼ਰ ਸਿੰਘ | ਰੌਲੀ | ਫ਼ਿਰੋਜ਼ਪੁਰ | ਅੰਗੂਠਾ |
| 79 | ਬਚਨ ਸਿੰਘ | ਮਹਿਰਾਜ | ਫ਼ਿਰੋਜ਼ਪੁਰ | ਅੰਗੂਠਾ |
| 80 | ਗੁਰਦਿੱਤ ਸਿੰਘ | ਕੁਲਾਰ | ਜਲੰਧਰ | ਅੰਗੂਠਾ |
| 81 | ਬੇਅੰਤ ਸਿੰਘ | ਸਲੋਨ | -- | ਅੰਗੂਠਾ |
| 82 | ਕਾਬਲ ਸਿੰਘ | ਹਰੀਪੁਰ | -- | ਅੰਗੂਠਾ |
| 83 | ਅਮਰ ਸਿੰਘ | ਕਾਲਵਾਂ | ਕਪੂਰਥਲਾ | ਅੰਗੂਠਾ |
| 84 | ਦਲੀਪ ਸਿੰਘ | ਮੂਸਾਪੁਰ | ਜਲੰਧਰ | ਅੰਗੂਠਾ |
| 85 | ਰਲ੍ਹਾ ਸਿੰਘ | ਮਹੇੜੂ | ਜਲੰਧਰ | ਅੰਗੂਠਾ |
| 86 | ਨਰ ਸਿੰਘ | ਰਲੇ | ਪਟਿਆਲਾ | ਅੰਗੂਠਾ |
| 87 | ਹਰਨਾਮ ਸਿੰਘ | ਸੰਧਵਾਂ | ਜਲੰਧਰ | ਅੰਗੂਠਾ |
| 88 | ਮੋਹਾ ਸਿੰਘ | ਮਹੇੜ | ਜਲੰਧਰ | ਅੰਗੂਠਾ |
| 89 | ਰਲ੍ਹਾ ਸਿੰਘ | ਲਾਦਪੁਰ | ਜਲੰਧਰ | ਅੰਗੂਠਾ |
| 90 | ਹਰਨਾਮ ਸਿੰਘ | ਕੁੰਬਾਪਿੰਡ | ਪਟਿਆਲਾ | ਅੰਗੂਠਾ |
| 91 | ਗੁਰਬਖਸ਼ ਸਿੰਘ | ਭੜੌਲੀ | ਜਲੰਧਰ | ਅੰਗੂਠਾ |
| 92 | ਮੋਤਾ ਸਿੰਘ | ਭੜੌਲੀ | ਜਲੰਧਰ | ਅੰਗੂਠਾ |
| 93 | ਸੁਰਜਨ ਸਿੰਘ | ਖਮਾਨੋਂ | ਨਾਭਾ? | ਅੰਗੂਠਾ |
| 94 | ਕਾਕਾ ਸਿੰਘ | ਪਾਖੜੀ | ਫ਼ਿਰੋਜ਼ਪੁਰ | ਅੰਗੂਠਾ |

| | | | | |
|---|---|---|---|---|
| 95 | ਭਾਗ ਸਿੰਘ | ਸਹਿਮਾ | ਲੁਧਿਆਣਾ | ਅੰਗੂਠਾ |
| 96 | ਗੇਂਦਾ ਸਿੰਘ | ਬਾੜੇ | ਫਿਰੋਜ਼ਪੁਰ | ਅੰਗੂਠਾ |
| 97 | ਨਰ ਸਿੰਘ | ਜੋਗਾ | ਪਟਿਆਲਾ | ਅੰਗੂਠਾ |
| 98 | ਸ਼ੇਰ ਸਿੰਘ | ਟਲੇਵਾਲ | ਜਲੰਧਰ | ਅੰਗੂਠਾ |
| 99 | ਗੁਰਮੁਖ ਸਿੰਘ | ਵਾਰੀ | ਫ਼ਿਰੋਜ਼ਪੁਰ | ਅੰਗੂਠਾ |
| 100 | ਭਾਨ ਸਿੰਘ | ਹਰਦੋਵਾਲ | ਜਲੰਧਰ | ਅੰਗੂਠਾ |
| 101 | ਤਾਰਾ ਸਿੰਘ | ਅਲੂਣੀ ਮਿਆਨੀ | ਲੁਧਿਆਣਾ | ਅੰਗੂਠਾ |
| 102 | ਸੁੰਦਰ ਸਿੰਘ | ਝਿੰਗੜ | ਜਲੰਧਰ | ਅੰਗੂਠਾ |
| 103 | ਗੰਡਾ ਸਿੰਘ | ਬੱਲ | ਜਲੰਧਰ | ਅੰਗੂਠਾ |
| 104 | ਚੇਤ ਸਿੰਘ | ਵਡਾਲੀ ਆਲਾ ਸਿੰਘ | ਪਟਿਆਲਾ | ਅੰਗੂਠਾ |
| 105 | ਪਾਲ ਸਿੰਘ | ਰੂਮੀ | ਲੁਧਿਆਣਾ | ਅੰਗੂਠਾ |
| 106 | ਕਿਰਪਾ ਸਿੰਘ | ਡਰੌਲੀ | ਜਲੰਧਰ | ਅੰਗੂਠਾ |
| 107 | ਨਰੈਣ ਸਿੰਘ | ਗੋਨਿਆਨਾ | ਫ਼ਰੀਦਕੋਟ | ਅੰਗੂਠਾ |
| 108 | ਹਜ਼ਾਰਾ ਸਿਘ | ਪਾਂਛਟਾ | ਜਲੰਧਰ | ਅੰਗੂਠਾ |
| 109 | ਪੂਰਨ ਸਿੰਘ | ਤਦੂਕੇ | ਫ਼ਿਰੋਜ਼ਪੁਰ | ਅੰਗੂਠਾ |
| 110 | ਮੀਹਾ ਸਿੰਘ | ਰਾਏਪੁਰ ਡੱਬਾ | ਜਲੰਧਰ | ਅੰਗੂਠਾ |
| 111 | ਮੁਨਸ਼ੀ | ਗੁਲਪੁਰ | ਹੋਸ਼ਿਆਰਪੁਰ | ਅੰਗੂਠਾ |
| 112 | ਕਰਤਾਰ ਸਿੰਘ | ਮੂਸਾਪੁਰ | ਜਲੰਧਰ | ਅੰਗੂਠਾ |
| 113 | ਭਗਵਾਨ ਸਿੰਘ | ਰਾਏਪੁਰ ਡੱਬਾ | ਜਲੰਧਰ | ਅੰਗੂਠਾ |
| 114 | ਇੰਦਰ ਸਿੰਘ | ਬਿੰਜੋਂ | ਹੋਸ਼ਿਆਰਪੁਰ | ਅੰਗੂਠਾ |
| 115 | ਸੁੰਦਰ ਸਿੰਘ | ਚਿਮਨਾ | ਲੁਧਿਆਣਾ | ਅੰਗੂਠਾ |
| 116 | ਚੰਦਾ ਸਿੰਘ | ਕੋਟ ਫਤੂਹੀ | ਹੋਸ਼ਿਆਰਪੁਰ | ਅੰਗੂਠਾ |
| 117 | ਲਾਲ ਸਿੰਘ | ਜੜਤੌਲੀ | ਲੁਧਿਆਣਾ | ਅੰਗੂਠਾ |
| 118 | ਦਾਨ ਸਿੰਘ | ਫੂਲੇਵਾਲ | ਲੁਧਿਆਣਾ | ਅੰਗੂਠਾ |
| 119 | ਬੇਲਾ ਸਿੰਘ | ਕੰਚਾਬੜੀ | ਅੰਮ੍ਰਿਤਸਰ | ਅੰਗੂਠਾ |
| 120 | ਕਿਰਪਾ ਸਿੰਘ | ਮੀਆਂਪੁਰ | ਅੰਬਾਲਾ | ਅੰਗੂਠਾ |
| 121 | ਮੁਨਸ਼ਾ ਸਿੰਘ | ਚਠੇਰੀ | ਪਟਿਆਲਾ | ਅੰਗੂਠਾ |
| 122 | ਸੁੰਦਰ ਸਿੰਘ | ਇਛੋਗਿਲ | ਲਾਹੌਰ | ਅੰਗੂਠਾ |
| 123 | ਨੰਦ ਸਿੰਘ | ਲਹਿਰਾ | ਫ਼ਿਰੋਜ਼ਪੁਰ | ਅੰਗੂਠਾ |
| 124 | ਬਰਕਤ ਸਿੰਘ | ਸੰਤਪੁਰਾ | ਗੁਜਰਾਂਵਾਲਾ | ਅੰਗੂਠਾ |
| 125 | ਨਾਰਾਇਨ ਸਿੰਘ | ਸੰਤਪੁਰਾ | ਗੁਜਰਾਂਵਾਲਾ | ਅੰਗੂਠਾ |
| 126 | ਸੁੰਦਰ ਸਿੰਘ | ਕਾਲੇ | ਜਲੰਧਰ | ਅੰਗੂਠਾ |
| 127 | ਲਾਲ ਸਿੰਘ | -- | -- | ਅੰਗੂਠਾ |
| 128 | ਜਵੰਤ ਸਿੰਘ | ਕੋਟ ਦਾਤਾ | ਅੰਮ੍ਰਿਤਸਰ | ਅੰਗੂਠਾ |



| | | | | |
|---|---|---|---|---|
| 129 | ਨਾਰਾਇਨ ਸਿੰਘ | ਲੋ.ਗੋਦਵਾ | ਫ਼ਿਰੋਜ਼ਪੁਰ | ਅੰਗੂਠਾ |
| 130 | ਵਜ਼ੀਰ ਸਿੰਘ | ਬੱਲਾ (ਭਿਖੀ) | ਪਟਿਆਲਾ | ਅੰਗੂਠਾ |
| 131 | ਇੰਦਰ ਸਿੰਘ | ਠੀਕਰੀਵਾਲਾ | ਪਟਿਆਲਾ | ਅੰਗੂਠਾ |
| 132 | ਕਰਤਾਰ ਸਿੰਘ | ਰਾਏਪੁਰ | ਜਲੰਧਰ | ਅੰਗੂਠਾ |
| 133 | ਹੁਕਮ ਸਿੰਘ | ਨੱਤ | ਜਲੰਧਰ | ਅੰਗੂਠਾ |
| 134 | ਸੁਰਜਨ ਸਿੰਘ | ਬੁਰਜ ਗਿਲ | ਨਾਭਾ | ਅੰਗੂਠਾ |
| 135 | ਮੰਗਲ ਸਿੰਘ | ਦਯਾਪੁਰ | ਅੰਬਾਲਾ | ਅੰਗੂਠਾ |
| 136 | ਰਾਮ ਰਤਨ | ਤੰਗਵਾਲੀ | ਫ਼ਿਰੋਜ਼ਪੁਰ | ਅੰਗੂਠਾ |
| 137 | ਬੰਸੀ ਲਾਲ | ਤੰਗਵਾਲੀ | ਫ਼ਿਰੋਜ਼ਪੁਰ | ਅੰਗੂਠਾ |
| 138 | ਨਾਜਰ ਸਿੰਘ | | ਲਾਹੌਰ | ਅੰਗੂਠਾ |
| 139 | ਡੋਗਰ ਸਿੰਘ | ਕਾਮੋਕੇ-ਭਾਈ ਫੇਰੂ | ਲਾਹੌਰ | ਅੰਗੂਠਾ |
| 140 | ਵੀਰ ਸਿੰਘ | ਰਤਾ ਗੁਦਾਨੀ, ਕਸੂਰ | ਲਾਹੌਰ | ਪੰਜਾਬੀ |
| 141 | ਬਾਰੂ ਖਾਂ | ਢੋਲੇਵਾਲ | ਲੁਧਿਆਣਾ | ਅੰਗੂਠਾ |
| 142 | ਬੇਲਾ ਸਿੰਘ | ਕਕੜ | ਲਾਇਲਪੁਰ | ਪੰਜਾਬੀ |
| 143 | ਸੁਰੈਣ ਸਿੰਘ | ਪੰਡੋਰੀ ਵੜੈਚ | ਅੰਮ੍ਰਿਤਸਰ | ਪੰਜਾਬੀ |
| 144 | ਸੰਤਾ ਸਿੰਘ | ਕਾਲੇਕੇ | ਪਟਿਆਲਾ | ਪੰਜਾਬੀ |
| 145 | ਬਹਾਦਰ ਸਿੰਘ | ਗਿਲਾਂਵਾਲੀ | ਪਟਿਆਲਾ | ਅੰਗੂਠਾ |
| 146 | ਅਜੈਬ ਸਿੰਘ | ਕਸੇਲ | ਅੰਮ੍ਰਿਤਸਰ | ਪੰਜਾਬੀ |
| 147 | ਸੰਤਾ ਸਿੰਘ | ਨੰਗਲ? | ਹੋਸ਼ਿਆਰਪੁਰ | ਪੰਜਾਬੀ |
| 148 | ਤੇਜਾ ਸਿੰਘ | ਕਸੇਲ | ਅੰਮ੍ਰਿਤਸਰ | ਪੰਜਾਬੀ |
| 149 | ਸੰਤਾ ਸਿੰਘ | ਕਾਦ ਗਿਲ | ਅੰਮ੍ਰਿਤਸਰ | ਪੰਜਾਬੀ |
| 150 | ਕਿਹਰ ਸਿੰਘ | ਕੋਟ ਦਾਤਾ | ਅੰਮ੍ਰਿਤਸਰ | ਉਰਦੂ |
| 151 | ਸਾਧੂ ਸਿੰਘ | ਕੋਟ ਦਾਤਾ | ਅੰਮ੍ਰਿਤਸਰ | ਅੰਗੂਠਾ |
| 152 | ਕਿਸ਼ਨ ਸਿੰਘ | ਜਿਉਨਵਾਲਾ | ਫ਼ਿਰੋਜ਼ਪੁਰ | ਪੰਜਾਬੀ |
| 153 | ਨਰੈਣ ਸਿੰਘ | ਧੁੰਨ | ਲਾਹੌਰ | ਅੰਗੂਠਾ |
| 154 | ਬੱਗਾ ਸਿੰਘ | ਰਾਮਪੁਰ ਫੂਲ | ਪਟਿਆਲਾ | ਪੰਜਾਬੀ |
| 155 | ਨੰਦ ਸਿੰਘ | ਬਲੇਰ | ਲਾਹੌਰ | ਪੰਜਾਬੀ |
| 156 | ਸੇਵਾ ਸਿੰਘ | ਫੁਰਵਾਹੀ | ਲੁਧਿਆਣਾ | ਅੰਗ੍ਰੇਜ਼ੀ |
| 157 | ਦੇਵਾ ਸਿੰਘ | ਸੇਰੋਂ | ਅੰਮ੍ਰਿਤਸਰ | ਪੰਜਾਬੀ |
| 158 | ਚੰਦਾ ਸਿੰਘ | ਬੀਲਾ | ਪਟਿਆਲਾ | ਅੰਗੂਠਾ |
| 159 | ਬੰਤਾ ਸਿੰਘ | ਠੱਠਾ | ਲਾਹੌਰ | ਅੰਗੂਠਾ |
| 160 | ਆਸਾ ਸਿੰਘ | ਕੋਟ ਦਾਤਾ | ਅੰਮ੍ਰਿਤਸਰ | ਅੰਗੂਠਾ |
| 161 | ਭਗਵਾਨ ਸਿੰਘ | ਮੂਸੇ | ਅੰਮ੍ਰਿਤਸਰ | ਅੰਗੂਠਾ |
| 162 | ਸੁਰੈਣ ਸਿੰਘ | ਸਰਹਾਲੀ | ਅੰਮ੍ਰਿਤਸਰ | ਪੰਜਾਬੀ |

| | | | | |
|---|---|---|---|---|
| 163 | ਇੰਦਰ ਸਿੰਘ | ਘਣੀਏਕੇ ਬਾਗਰ | ਗੁਰਦਾਸਪੁਰ | ਅੰਗੂਠਾ |
| 164 | ਅਤਰ ਸਿੰਘ | ਘੜਕਾ | ਅੰਮ੍ਰਿਤਸਰ | ਅੰਗੂਠਾ |
| 165 | ਵੀਰ ਸਿੰਘ | ਝਬਾਲ | ਅੰਮ੍ਰਿਤਸਰ | ਅੰਗੂਠਾ |
| 166 | ਤਾਰਾ ਸਿੰਘ | ਜਮੀਅਤਪੁਰ | ਅੰਮ੍ਰਿਤਸਰ | ਅੰਗੂਠਾ |
| 167 | ਬੂਟਾ ਸਿੰਘ | ਮਾਨੋਚਾਹਲ | ਅੰਮ੍ਰਿਤਸਰ | ਅੰਗੂਠਾ |
| 168 | ਵਧਾਵਾ ਸਿੰਘ | ਪਚਕੁਆ | ਅੰਮ੍ਰਿਤਸਰ | ਅੰਗੂਠਾ |
| 169 | ਮਹਿੰਗਾ? | ਬਿੰਗਾ | ਸਿਆਲਕੋਟ | ਅੰਗੂਠਾ |
| 170 | ਨੰਦ ਸਿੰਘ | ਸੁਰਸਿੰਘ | ਲਾਹੌਰ | ਅੰਗੂਠਾ |
| 171 | ਕਿਹਰ ਸਿੰਘ | ਸੋਠਾ | ਫ਼ਿਰੋਜ਼ਪੁਰ | ਅੰਗੂਠਾ |
| 172 | ਸੰਪੂਰਨ ਸਿੰਘ | ਨਾਥਾਪੁਰ ਟਾਡਾ | ਅੰਬਾਲਾ | ਅੰਗੂਠਾ |
| 173 | ਹਰਨਾਮ ਸਿੰਘ | ਖਾਲੜਾ | ਲਾਹੌਰ | ਅੰਗੂਠਾ |
| 174 | ਨਾਦਰ ਸਾਹ | ਜਾਲਾਰ | ਸ਼ਾਹਪੁਰ | ਅੰਗੂਠਾ |
| 175 | ਅਨਵਰ ਖਾਂ | ਜਾਲਾਰ | ਸ਼ਾਹਪੁਰ | ਅੰਗੂਠਾ |
| 176 | ਫਤਿਹ ਸ਼ੇਰ | ਜਾਲਾਰ | ਸ਼ਾਹਪੁਰ | ਅੰਗੂਠਾ |
| 177 | ਸਿਰਕੜ ਖਾਂ | ਜਾਲਾਰ | ਸ਼ਾਹਪੁਰ | ਅੰਗੂਠਾ |
| 178 | ਯਾਸੀਨ | ਜਾਲਾਰ | ਸ਼ਾਹਪੁਰ | ਅੰਗੂਠਾ |
| 179 | ਸਿਰਕਰੂ | ਜਾਲਾਰ | ਸ਼ਾਹਪੁਰ | ਅੰਗੂਠਾ |
| 180 | ਰਮਜਾਨ (ਮਿਰਾਸੀ) | ਜਾਲਾਰ | ਸ਼ਾਹਪੁਰ | ਅੰਗੂਠਾ |
| 181 | ਕਾਸਿਮ | ਜਾਲਾਰ | ਸ਼ਾਹਪੁਰ | ਅੰਗੂਠਾ |
| 182 | ਮਿਆਂ ਮੁਹੱਮਦ | ਜਾਲਾਰ | ਸ਼ਾਹਪੁਰ | ਅੰਗੂਠਾ |
| 183 | ਜੋਵਾਇਆ | ਜਾਲਾਰ | ਸ਼ਾਹਪੁਰ | ਅੰਗੂਠਾ |
| 184 | ਹਾਜੀ | ਜਾਲਾਰ | ਸ਼ਾਹਪੁਰ | ਅੰਗੂਠਾ |
| 185 | ਬੇਗ ਅਲੀ | ਜਾਲਾਰ | ਸ਼ਾਹਪੁਰ | ਅੰਗੂਠਾ |
| 186 | ਸ਼ੇਰ ਅਲੀ ਖਾਂ | ਜਾਲਾਰ | ਸ਼ਾਹਪੁਰ | ਅੰਗੂਠਾ |
| 187 | ਨੂਰ ਮੁਹੱਮਦ (ਨਾਈ) | ਜਾਲਾਰ | ਸ਼ਾਹਪੁਰ | ਅੰਗੂਠਾ |
| 188 | ਗੌਹਰ | ਉਚਾਲੀ | ਸ਼ਾਹਪੁਰ | ਅੰਗੂਠਾ |
| 189 | ਫਕੀਰ ਮੁਹੱਮਦ | ਚਾਇਕੀ | ਸ਼ਾਹਪੁਰ | ਅੰਗੂਠਾ |
| 190 | ਬਸ਼ਰ ਦਾਦ | ਚਾਇਕੀ | ਸ਼ਾਹਪੁਰ | ਅੰਗੂਠਾ |
| 191 | ਗੁਲਾਬ ਸਿੰਘ | ਜਾਲਾਰ | ਸ਼ਾਹਪੁਰ | ਅੰਗੂਠਾ |
| 192 | ਹਿਦਾਇਤ | ਬੁਟੇਵਾਲ | ਸ਼ਾਹਪੁਰ | ਅੰਗੂਠਾ |
| 193 | ਰਲਾ | ਸੁਮ | ਹੋਸਿਆਰਪੁਰ | ਅੰਗੂਠਾ |

ਜਹਾਜ਼ 22 ਮਈ ਨੂੰ ਵੈਨਕੂਵਰ ਪੁਜਾ, ਜੀਹਦੀ ਆਮਦ ਦੀ ਅਗਾਊਂ ਸੂਚਨਾ ਪਹਿਲਾਂ ਹੀ ਪਹੁੰਚ ਚੁਕੀ ਸੀ। ਪਰਵਾਸ ਮਹਿਕਮੇ ਵੱਲੋਂ ਕਿਸੇ ਇੱਕ ਮੁਸਾਫਰ ਨੂੰ ਵੀ ਕਿਸੇ



ਕੀਮਤ ਤੇ ਉਤਰਨ ਤੋਂ ਰੋਕਣ ਲਈ ਪੂਰੀ ਪੇਸ਼ਬੰਦੀ ਕੀਤੀ ਜਾ ਰਹੀ ਸੀ; ਗਿਣੀ-ਮਿਥੀ ਨੀਤੀ ਅਨੁਸਾਰ ਜਹਾਜ਼ ਨੂੰ ਸਾਹਿਲ ਤੋਂ ਕਾਫ਼ੀ ਹਟਵੀਂ ਇੱਕ ਨਦੀ 'ਚ ਰੋਕ ਦਿੱਤਾ ਗਿਆ ਤੇ ਕਿਸੇ ਨੂੰ ਵੀ ਜਹਾਜ਼ੋ ਉਤਰਨ-ਚੜ੍ਹਣ ਨਹੀਂ ਸੀ ਦਿੱਤਾ ਜਾ ਰਿਹਾ, ਇਥੋਂ ਤੱਕ ਕਿ ਨਿਯਮਾਂ ਅਨੁਸਾਰ ਜਹਾਜ਼ ਦੇ ਸੰਚਾਲਕ ਬਾਬਾ ਗੁਰਦਿੱਤ ਸਿੰਘ ਨੂੰ ਬੰਦਰਗਾਹ ਦੇ ਕਰਤਾ-ਧਰਤਾ (Harbour Master) ਕੋਲ ਜਹਾਜ਼ ਦੇ ਪਹੁੰਚਣ ਦੀ ਸੂਚਨਾ ਦੇਣ ਲਈ ਵੀ ਨਹੀਂ ਸੀ ਜਾਣ ਦਿੱਤਾ ਜਾ ਰਿਹਾ।

ਕੇਵਲ ਡਾ. ਰਘੁਨਾਥ ਸਿੰਘ ਅਤੇ ਉਹਦੇ ਸਿਫ਼ਾਰਸ਼ੀ 20 ਮੁਸਾਫਰਾਂ ਨੂੰ ਕੈਨੇਡੀਅਨ ਨਿਵਾਸੀ ਸਵੀਕਾਰਿਆਂ ਉਤਰਨ ਦਿੱਤਾ ਗਿਆ, ਪਰ ਉਹਦੇ ਚਾਟੜੇ ਭਾਨ ਸਿੰਘ ਨੂੰ ਕਥਿਤ ਤੌਰ ਤੇ ਬਾਕੀ ਦੇ ਮੁਸਾਫਰਾਂ ਨੇ ਉਤਰਨ ਨਹੀਂ ਸੀ ਦਿੱਤਾ।

ਸਥਿਤੀ ਦੀ ਪੇਚੀਦਗੀ ਦੇ ਮੱਦੇਨਜ਼ਰ ਬਾਬਾ ਜੀ ਨੇ ਅਧਿਕਾਰੀਆਂ ਨੂੰ ਉਹਨਾਂ ਦੇ ਇਸ ਰਵਈਏ ਕਾਰਨ ਪਹੁੰਚੀ ਹਾਣੀ ਦੀ ਭਰਪਾਈ ਕਰਨ ਬਾਰੇ ਕਾਨੂੰਨੀ ਨੋਟਿਸ ਦੇ ਦਿੱਤਾ। ਸੰਬੰਧਤ ਅਧਿਕਾਰੀਆਂ ਵੱਲੋਂ ਜਵਾਬ ਆਇਆ, "ਤਹਿਕੀਕਾਤ ਜਾਰੀ ਹੈ, ਤੁਹਾਨੂੰ ਸੂਚਿਤ ਕੀਤਾ ਜਾਏਗਾ।"

ਪੰਦਰਾ ਦਿਨ ਬੀਤ ਗਏ, ਜਿਸ ਦੌਰਾਨ ਮੁਸਾਫਰਾਂ ਦਾ ਰਾਸ਼ਨ ਪਾਣੀ ਵੀ ਖਤਮ ਹੋਣ ਲੱਗਾ, ਕਿਉਂਕਿ ਕਿਸੇ ਬਾਹਰਲੇ ਨੂੰ ਵੀ ਸਾਹਿਲ ਨੇੜੇ ਢੁਕਣ ਨਹੀਂ ਸੀ ਦਿੱਤਾ ਜਾ ਰਿਹਾ; ਨਾ ਹੀ ਬਾਬਾ ਜੀ ਨੂੰ ਵੇਚਣ ਲਈ ਲਿਆਂਦਾ ਕੋਲਾ ਹੀ ਉਤਾਰਨ ਦਿੱਤਾ ਗਿਆ। ਹੋਰ ਤਾਂ ਹੋਰ ਬਾਬਾ ਜੀ ਨੂੰ ਵਕੀਲ ਨਾਲ ਸਲਾਹ-ਮਸ਼ਵਰਾ ਵੀ ਨਹੀਂ ਕਰਨ ਦਿੱਤਾ ਗਿਆ ਅਤੇ ਨਾ ਹੀ ਪੱਤਰਕਾਰਾਂ ਨੂੰ ਮੁਸਾਫਰਾਂ ਨਾਲ ਗੱਲਬਾਤ ਕਰਨ ਦੀ ਆਗਿਆ ਦਿੱਤੀ ਗਈ। ਬਾਬਾ ਜੀ ਨੇ ਲੰਡਨ ਸਥਿਤ ਨੌਆਬਾਦੀਆਂ ਦੇ ਮੁੱਖ ਸਕੱਤਰ ਨੂੰ ਪਹੁੰਚ ਕੀਤੀ, ਪਰ ਕੋਈ ਸੁਣਵਾਈ ਨਾ ਹੋਈ।

ਇਸ ਵਿਚਾਲੇ ਵੈਨਕੂਵਰ ਵਾਲੇ ਭਾਰਤੀ, ਮੁਸਾਫਰਾਂ ਨੂੰ ਉਤਾਰੇ ਜਾਣ ਦੇ ਹੱਕ ਵਿੱਚ ਲੋਕ ਰਾਏ ਨੂੰ ਲਾਮਬੰਦ ਕਰਨ ਲੱਗ ਪਏ; ਭਾਰੀ ਗਿਣਤੀ ਵਿੱਚ ਭਾਰਤੀ ਜਿਨ੍ਹਾਂ ਵਿੱਚ ਬਹੁਤੇ ਸਿੱਖ ਸੀ, ਰੋਜ਼ ਮੁਸਾਫਰਾਂ ਨਾਲ ਇਕਜੁਟਤਾ ਦਰਸਾਉਣ ਲਈ ਸਾਹਿਲ ਤੇ ਇਕੱਠੇ ਹੁੰਦੇ।

## ਉਗਰਾਹੀ ਲਈ ਅਪੀਲ

ਹੁਣ ਚੂੰਕਿ ਬਾਬਾ ਜੀ ਨੂੰ ਵੇਚਣ ਲਈ ਲਿਆਂਦਾ ਮਾਲ ਉਤਾਰਨ ਨਹੀਂ ਸੀ ਦਿੱਤਾ ਜਾ ਰਿਹਾ, ਤੇ ਉਧਰ ਜਹਾਜ਼ 11,000 ਪੌਂਡ ਦੀ ਦੂਜੀ ਕਿਸ਼ਤ ਦਾ ਭੁਗਤਾਨ ਕਰਨ ਦੀ ਮਿਆਦ ਪੁਗ ਰਹੀ ਸੀ, ਇਸ ਖਾਤਰ ਸੰਬੰਧਤ ਦਸਤਾਵੇਜ਼ਾਂ ਵਿੱਚ ਲੋੜੀਂਦੀ ਤਬਦੀਲੀ ਕਰਕੇ ਬਾਬਾ ਜੀ ਦੀ ਬਜਾਏ ਖਾਲਸਾ ਦੀਵਾਨ ਸੋਸਾਇਟੀ ਦੇ ਪ੍ਰਧਾਨ, ਭਾਈ ਭਾਗ ਸਿੰਘ ਅਤੇ ਯੂਨਾਈਟਿਡ ਇੰਡੀਆ ਲੀਗ ਦੇ ਮੁੱਖੀ, ਸ਼੍ਰੀ ਹਸਨ ਰਹੀਮ ਨੂੰ ਜਹਾਜ਼ ਦਾ ਸੰਚਾਲਕ ਬਣਾ ਲਿਆ ਗਿਆ ਤਾਂ ਫਿਰ ਉਹਨਾਂ ਨੇ ਇਸ ਹੈਸੀਅਤ ਵਿੱਚ ਕਿਰਾਏ ਦੀ ਬਣਦੀ ਰਕਮ ਤਾਰਦੇ ਹੋਏ ਲੋਕਾਂ ਤੋਂ ਇਸਤਿਹਾਰ ਦੁਆਰਾ ਉਗਰਾਹੀ ਦੀ ਯਾਚਨਾ ਵੀ ਕਰ ਦਿੱਤੀ।

**ਇਹ ਅਪੀਲ ਇਸ ਪ੍ਰਕਾਰ ਸੀ:—**

ੴ ਸਤਿਗੁਰ ਪ੍ਰਸਾਦ

ਸੂਰਾ ਸੋ ਪਹਿਚਾਣੀਏ ਜੋ ਲੜੇ ਦੀਨ ਕੇ ਹੇਤ,

ਪੁਰਜਾ ਪੁਰਜਾ ਕਟ ਮਰੇ ਕਬਹੂੰ ਨਾ ਛਾਡੇ ਖੇਤ…

ਹੇਠਾਂ ਵਿਸਥਾਰ ਸਹਿਤ ਸੰਬੰਧਤ ਹਾਲਾਤ ਦਾ ਉਲੇਖ ਕਰਦਿਆਂ, ਸਥਾਨਕ ਭਾਰਤੀਆਂ ਸਨਮੁੱਖ ਹੋਕੇ ਹੋਕਾ ਦਿੱਤਾ ਗਿਆ ਹੈ; ਕਿ:—

"ਇਸ ਵਕਤ ਇਹ ਸਵਾਲ ਸਾਡੀ ਜ਼ਿੰਦਗੀ ਅਤੇ ਮੌਤ ਦਾ ਟਾਕਰਾ ਕਰ ਰਿਹਾ ਹੈ, ਦੁਨੀਆਂ ਦੀਆਂ ਅੱਖਾਂ ਇਸ ਕੋਮਾਗਾਟਾ ਮਾਰੂ ਜਹਾਜ਼ ਵੱਲ ਲਗ ਰਹੀਆਂ ਹਨ, ਕਿਉਂਕਿ ਇਸ ਜਹਾਜ਼ ਦਾ ਫ਼ੈਸਲਾ ਦੁਨੀਆਂ ਦੀ ਤਾਰੀਖ਼ ਵਿੱਚ ਇੱਕ ਅਜੀਬ ਯਾਦਗਾਰ ਰਹੇਗਾ। ਸਾਡੇ ਵਾਸਤੇ ਹਿੰਮਤ, ਜਥੇਬੰਦੀ, ਦਲੇਰੀ ਅਤੇ ਮਰਦਾਨਗੀ ਦਾ ਵਕਤ ਆ ਪੁਜਾ ਹੈ, ਕਿਉਂਕਿ ਓਪਰ ਲਿਖੀਆਂ ਗੱਲਾਂ ਦੇ ਮੁਤਾਬਕ ਇਹ ਸਾਡੇ ਲਈ ਇਮਤਿਹਾਨ ਦਾ ਆਖਰੀ ਪਰਚਾ ਹੈ। ਸੋ ਐ ਮਾਦਰੇ ਹਿੰਦ ਦਿਉ ਸਪੁਤਰੋ ਵਕਤ ਸੱਚਮੁਚ ਹੀ ਇਮਤਿਹਾਨ ਦਾ ਆ ਪੁਜਾ ਹੈ ਇਸ ਲਈ ਹੁਣ ਗੱਲਾਂ ਦਾ ਸਮਾਂ ਨਹੀਂ ਸਗੋਂ ਕੰਮ ਕਰਕੇ ਦਖੌਣ ਦਾ ਹੈ, ਇਸ ਕੰਮ ਲਈ ਘੱਟ ਤੋਂ ਘੱਟ ਪੰਝੀ ਹਜ਼ਾਰ ਡਾਲਰ ਦੀ ਲੋੜ ਹੈ। ਸੋ ਆਪ ਇਸ ਫ਼ਰਜ਼ ਨੂੰ ਸਮਝਦੇ ਹੋਏ ਇਸ ਪਰਚੇ ਨੂੰ ਦੇਖਦੇ ਸਾਰ ਹੀ ਮਾਇਆ ਦੇ ਖੁਲ੍ਹੇ ਗਫਿਆ ਦੀ ਕੁਰਬਾਨੀ ਕਰੋ।

ਭਾਈ ਬਲਵੰਤ ਸਿੰਘ ਜੀ ਵੀ ਜਿਹੜੇ ਕੈਨੇਡਾ ਦੇ ਹਿੰਦੁਸਤਾਨੀਆਂ ਦੀ ਤਰਫੋਂ ਉਹਨਾਂ ਦੀਆਂ ਤਕਲੀਫ਼ਾਂ ਨੂੰ ਦੂਰ ਕਰੌਣ ਲਈ ਹਿੰਦੋਸਤਾਨ ਭੇਜੇ ਗਏ ਸੀ, ਵਾਪਸ ਆ ਗਏ ਸਨ।

ਉਨ੍ਹਾਂ ਭਰਾਵਾਂ ਦੇ ਨਾਂ ਜਿਹੜੇ ਇਸ ਜਹਾਜ਼ ਵਿੱਚ ਸਵਾਰ ਹਨ ਨੀਚੇ ਪ੍ਰਗਟ ਕੀਤੇ ਜਾਂਦੇ ਹਨ:

(ਲਿਸਟ ਪੰਨੇ 45 ਤੋਂ 50 'ਤੇ)

**ਦੂਜਾ ਇਸ਼ਤਿਹਾਰ**

"ਜਹਾਜ਼ ਦਾ ਸਫਰ" ਸਿਰਲੇਖ ਹੇਠਾਂ ਜਹਾਜ਼ ਦੇ ਹਿੰਦੋਸਤਾਨੋ ਚਲਣ ਸੰਬੰਧੀ ਹਾਲਾਤ ਬਿਆਨ ਕੀਤੇ ਗਏ ਸੀ ਅਤੇ ਅਖੀਰਲੀਆਂ ਸਤਰਾਂ 'ਚ ਫਿਰ ਵੰਗਾਰ ਹੈ "ਐ ਹਿੰਦੋਸਤਾਨੀ ਭਰਾਉ ਤੁਹਾਡਾ ਫ਼ਰਜ਼ ਹੈ ਕਿ ਤੇਤੀ ਕਰੋੜ ਹਿੰਦੋਸਤਾਨੀਆਂ ਦੀ ਕਿਸਮਤ ਦਾ ਫੈਸਲਾ ਕਰਨ ਲਈ ਗ਼ਫ਼ਲਤ ਦੀ ਨੀਂਦ ਤੋਂ ਜਾਗ ਕੇ ਇਮੀਗਰੇਸ਼ਨ ਦੇ ਮੁਕਾਬਲੇ ਪਰ ਖ਼ੂਬ ਡੱਟ ਕੇ ਤਿਆਰ ਹੋ ਜਾਉ ਜਦ ਤਕ ਕਿ ਮੋਰਚਾ ਸਰ ਨਾ ਹੋ ਜਾਵੇ ਆਰਾਮ ਨਾ ਲਈਏ।

ਮਾਇਆ ਦਾ ਦਾਨ ਇਸ ਪਤੇ ਪਰ ਭੇਜੋਂ:

Bhai Bhag Singh, Mr. Rahim

1866, 2nd Ave. W. Vancouver, B.C.

ਨੋਟ: ਜਿਸ ਭਰਾ ਦੇ ਪਿੰਡ ਦਾ ਜਾਂ ਭਾਈ ਬੰਦ ਇਸ ਲਿਸਟ ਵਿੱਚ ਹੋਵੇ ਉਹ ਘੱਟ ਤੋਂ ਘੱਟ ਪੰਝੀ (25) ਡਾਲੇ ਭੇਜੇ ਅਤੇ ਦੂਜੇ ਭਰਾ ਪੰਜ ਡਾਲਿਆ ਤੋਂ ਘੱਟ ਨਾ ਭੇਜਣ, ਜ਼ਿਆਦਾ ਜਿਤਨਾ ਹੋ ਸਕੇ ਭੇਜਣ।



**ਮੁਸਾਫਰਾਂ ਦੀ ਦੁਰਦਸ਼ਾ**

ਜਿੱਥੇ ਕਿ ਮੁਸਾਫਰਾਂ ਨਾਲ ਤਾਂ ਬੰਦੀਆਂ ਵਾਲਾ ਵਰਤਾਉ ਕੀਤਾ ਜਾ ਰਿਹਾ ਸੀ, ਪਰ ਸਰਕਾਰੀ ਬੁਲਾਰੇ ਮੁਸਾਫਰਾਂ 'ਤੇ ਕਿਸੇ ਤਰ੍ਹਾਂ ਦੀ ਬੰਧਸ਼ ਤੋਂ ਇਨਕਾਰ ਕਰ ਰਹੇ ਸਨ। ਕੋਈ ਦਰ ਐਸਾ ਨਹੀਂ ਸੀ ਜਿਹੜਾ ਉਹਨਾਂ ਦੁਖੀਆਂ ਨੇ ਨਿਆਂ ਲਈ ਨਹੀਂ ਸੀ ਖੜਕਾਇਆ, ਪਰ ਕਿਸੇ ਨੇ ਉਹਨਾਂ ਦੀ ਸਾਰ ਨਾ ਲਈ। ਉਧਰ ਵੈਨਕੂਵਰ ਪੁਜਦਿਆਂ ਹੀ ਸਰਕਾਰੀ ਏਜੰਟ ਡਾਕਟਰ ਰਘੁਨਾਥ ਸਿੰਘ ਜਹਾਜ਼ ਦੇ ਮਿਸ਼ਨ ਬਾਰੇ ਸਾਰੀ ਜਾਣਕਾਰੀ ਖ਼ੁਫ਼ੀਆ ਤੌਰ ਤੇ ਅੰਗ੍ਰੇਜ਼ੀ ਹੱਥਠੋਕੇ ਹੋਪਕਿਨਸਨ ਨੂੰ ਬੇ ਰੋਕ-ਟੋਕ ਪੁਚਾ ਰਿਹਾ ਸੀ, ਜਿਨ੍ਹਾਂ ਦਾ ਤੱਤ ਸਾਰ ਸੀ ਕਿ "ਇਹ ਸਭ ਕੁੱਝ ਇੱਕ ਸਾਜਿਸ਼ ਤਹਿਤ ਭਾਰਤ ਵਿੱਚ ਆਪਣੀ ਸਾਖ ਬਨਾਉਣ ਖ਼ਾਤਰ ਕੀਤਾ ਜਾ ਰਿਹੈ।" ਇਸ ਵਿਚਾਲੇ ਅੰਗ੍ਰੇਜ਼ੀ ਹਾਕਮਾਂ ਨੂੰ ਕੈਨੇਡਾ-ਅਮਰੀਕਾ ਤੋਂ ਗ਼ਦਰ ਪਾਰਟੀ ਦੀ ਸ਼ੁਰੂਆਤ ਦੀਆਂ ਪਹੁੰਚ ਰਹੀਆਂ ਖ਼ੁਫ਼ੀਆਂ ਸੂਚਨਾਵਾਂ ਨੇ ਉਨ੍ਹਾਂ ਨੂੰ ਹੋਰ ਵੀ ਚੌਕੰਨੇ ਕਰ ਦਿੱਤਾ ਹੋਇਆ ਸੀ।

ਹੋਪਕਿਨਸਨ ਨੇ ਆਪਣੇ ਚਾਰ ਭਾਰਤੀ ਚਾਟੜੇ ਜਹਾਜ਼ 'ਤੇ ਭੇਜੇ ਜਿਨ੍ਹਾਂ ਬਾਬਾ ਜੀ ਵਿਰੁੱਧ ਭੰਡੀ ਪ੍ਰਚਾਰ ਕਰਕੇ ਦੁਫੇੜ ਪਾਉਣ ਦਾ ਚਾਰਾ ਕੀਤਾ ਜੋ ਸਫਲ ਨਾ ਹੋਇਆ। ਹੋਰ ਕੋਈ ਪੇਸ਼ ਨਾ ਜਾਂਦੀ ਵੇਖ ਕੇ ਕੈਨੇਡੀਅਨ ਸਰਕਾਰ ਨੇ ਬੰਦੂਕ ਦੀ ਨੋਕ ਤੇ ਜਹਾਜ਼ ਨੂੰ ਬਗੈਰ ਰਾਸ਼ਨ ਪਾਣੀ ਦਿੱਤੇ ਉੱਥੋਂ ਖਦੇੜਣ ਲਈ 18 ਜੁਲਾਈ ਅੱਧੀ ਰਾਤੀ ਪੁਲਿਸ ਫੋਰਸ ਭੇਜੀ ਜੀਹਨੂੰ ਮੁਸਾਫਰਾਂ ਨੇ ਕੋਲਿਆਂ ਦੀ ਜਵਾਬੀ 'ਵਰਖਾ' ਨਾਲ ਜਹਾਜ਼ ਤੇ ਪੈਰ ਵੀ ਨਹੀਂ ਸੀ ਰੱਖਣ ਦਿੱਤਾ।

**ਅਖ਼ਬਾਰੀ ਟਿੱਪਣੀਆਂ**

**(ੳ) 'ਦੀ ਟ੍ਰਿਬਿਊਨ'**

ਲਾਹੌਰ: ਬੁੱਧਵਾਰ, ਮਈ 20, 1914

**ਕੈਨੇਡਾ ਵਿੱਚ ਹਿੰਦੋਸਤਾਨੀ**

ਛੇ ਸੌ ਹਿੰਦੁਸਤਾਨੀਆਂ ਦੇ ਬ੍ਰਿਟਿਸ਼ ਕੋਲੰਬੀਆ ਵੱਲ ਨੂੰ, ਪਰਵਾਸੀ ਕਾਨੂੰਨਾਂ ਅਨੁਸਾਰ ਸਿੱਧੇ ਸਮੁੰਦਰੀ ਜਹਾਜ਼ ਦੁਆਰਾ ਚਲ ਪੈਣ ਬਾਰੇ ਬੰਬਈ ਦੇ ਇੱਕ ਸਮਕਾਲੀ ਦਾ ਖਿਆਲ ਹੈ ਕਿ ਜੇ ਇਹਨਾਂ ਵਿੱਚ ਕਈ ਪਹਿਲਾਂ ਉੱਥੇ (ਕੈਨੇਡਾ) ਰਹਿ ਰਹੇ ਪਰਵਾਸੀਆਂ ਦੀਆਂ ਪਤਨੀਆਂ ਅਤੇ ਬੱਚੇ ਵੀ ਹਨ, ਤਾਂ ਸੰਭਵ ਹੈ ਕਿ ਉਹਨਾਂ ਨੂੰ ਉਤਰਨ ਲਈ ਵਿਸ਼ੇਸ਼ ਛੋਟ ਦਿੱਤੀ ਜਾਏ। ਪਰ ਸਾਡੇ ਖਿਆਲ ਵਿੱਚ ਇਹਦੇ ਨਾਲ ਮਸਲਾ ਹੱਲ ਨਹੀਂ ਹੋਣਾ ਤੇ ਕੈਨੇਡਾ ਰਹਿੰਦੇ ਹਿੰਦੀ ਬੀਵੀ ਬੱਚਿਆਂ ਦੇ ਦਾਖਲੇ ਨਾਲ ਹੀ ਸੰਤੁਸ਼ਟ ਨਹੀਂ ਹੋਣਗੇ।

**(ਅ) 'ਦੀ ਟ੍ਰਿਬਿਊਨ'**

ਲਾਹੌਰ: ਸ਼ੁਕਰਵਾਰ, ਮਈ 29, 1914

ਇੱਕ ਅੰਗ੍ਰੇਜ਼ੀ ਅਖ਼ਬਾਰ "ਦੀ ਇੰਗਲਿਸ਼ਮੈਨ" ਦੇ ਹਵਾਲੇ ਨਾਲ:—

**'ਪਰਵਾਸੀ ਮਸਲਾ'**

600 ਪੰਜਾਬੀਆਂ ਦੇ ਕੈਨੇਡਾ ਅੰਦਰ ਜਬਰਦਸਤੀ ਦਾਖਲ ਹੋਣ ਦੇ ਦਲੇਰਾਨਾ ਜਤਨ ਦੇ ਮੁੱਦੇ ਤੇ ਇਹ (ਅਖ਼ਬਾਰ) ਸਵੀਕਾਰ ਕਰਦਾ ਹੈ ਕਿ "ਬਰਤਾਨਵੀ ਸਰਕਾਰ (Imperial Government) ਹਿੰਦੀਆਂ ਦੇ ਕੈਨੇਡਾ ਵਿੱਚ ਪਰਵਾਸ ਦਾ ਮਸਲਾ ਹਲ ਕਰਨ ਵਿੱਚ ਫੇਲ੍ਹ

ਹੋਈ ਹੈ। ਅਖ਼ਬਾਰ ਦੀ ਰਾਏ ਅਨੁਸਾਰ ਨੌਂਆਬਾਦੀਆਂ (ਕੈਨੇਡਾ) ਦੀਆਂ ਸਰਕਾਰਾਂ ਵੱਲੋਂ ਪਰਵਾਸੀਆਂ 'ਤੇ ਬੇਤੁਕੀਆਂ (ਸਿੱਧੇ ਸਫ਼ਰ ਵਰਗੀਆਂ) ਸ਼ਰਤਾਂ ਲਾਉਣ ਨਾਲ ਮਸਲਾ ਹੱਲ ਨਹੀਂ ਹੋਣਾ, ਬਲਕਿ ਸਿਰਫ਼ ਕੈਨੇਡਾ ਸਰਕਾਰ ਨੂੰ ਕਹਿ-ਕਹਾਕੇ 600 ਮੁਸਾਫਰਾਂ ਲਈ ਕੈਨੇਡੀਅਨ ਸਰਕਾਰ ਤੋਂ ਉਹਨਾਂ ਦੇ ਉਤਰਨ ਦੀ ਇਜਾਜ਼ਤ ਮਿਲਣ ਨਾਲ ਹੀ ਹੋਣਾ ਹੈ।" ਅਖ਼ਬਾਰ ਮੁਤਾਬਕ ਲੋੜ ਤਾਂ ਇਸ ਗੱਲ ਦੀ ਹੈ ਕਿ ਇੱਕ ਸ਼ਾਹੀ ਕਮਿਸ਼ਨ (Imperial Commission) ਨੂੰ ਫ਼ੌਰਨ ਇਹ ਕੰਮ ਸੌਂਪਿਆ ਜਾਏ ਜੋ ਇਹ ਸਪਸ਼ਟ ਕਰੇ ਕਿ ਅੰਗ੍ਰੇਜ਼ੀ ਸਲਤਨਤ ਦੇ ਕਿਹੜੇ ਮੁਲਕ ਵਿੱਚ ਭਾਰਤੀ ਜਾਣ ਦੇ ਹੱਕਦਾਰ ਹਨ ਤੇ ਕਿਥੇ ਦੇ ਨਹੀਂ ਅਤੇ ਉਹ ਕਿਹੜੀ ਥਾਈਂ ਬਗੈਰ ਕਿਸੇ ਰੁਕਾਵਟ ਦੇ ਜਾ ਸਕਦੇ ਹਨ।

### (ੲ) 'ਦੀ ਟ੍ਰਿਬਿਊਨ'

ਲਾਹੌਰ: ਬੁੱਧਵਾਰ, ਜੂਨ 03, 1914

### ਕੈਨੇਡਾ ਵਿੱਚ ਵਿਦੇਸ਼ੀ

(ਨੋਟ: 'ਦੀ ਟ੍ਰਿਬਿਊਨ' ਦੀ ਇਸ ਸੰਪਾਦਕੀ ਟਿੱਪਣੀ ਦੁਆਰਾ ਭਾਰਤੀਆਂ ਦੇ ਕੈਨੇਡਾ ਵਿੱਚ ਪਰਵਾਸ ਦੇ ਮਾਮਲੇ 'ਚ ਉਥੋਂ ਦੀ ਸਰਕਾਰ ਵੱਲੋਂ ਹਿੰਦੀਆਂ ਦੇ ਦਾਖਲੇ ਤੇ ਲਾਈਆਂ ਬੇ-ਤੁਕੀਆਂ ਰੋਕਾਂ ਦਾ ਪਰਦਾ ਫਾਸ਼ ਕਰਦਿਆਂ, ਉਸ ਸਰਕਾਰ ਦੀ ਤਿੱਖੀ ਨੁਕਤਾਚੀਨੀ ਕੀਤੀ ਗਈ ਹੈ।

ਇਸ ਟਿੱਪਣੀ ਦਾ ਪਿਛੋਕੜ ਹੈ ਲੰਡਨ ਦੇ ਇੱਕ ਅਖ਼ਬਾਰ 'ਦੀ ਟਾਈਮਜ਼' ਵਿਚ ਕੈਨੇਡਾ ਦੀ ਵਸੋਂ ਦੀ ਬਣਤਰ, ਜਿਸ ਦੀ ਕੁਲ 72 ਲੱਖ ਦੀ ਆਬਾਦੀ ਵਿੱਚ ਸਭ ਤੋਂ ਵੱਧ ਅੰਗ੍ਰੇਜ਼, ਕੁੱਝ ਫਰਾਂਸੀਸੀ ਅਤੇ ਭਾਰਤੀ ਕੇਵਲ 2342 ਹੀ ਹਨ। — ਲੇਖਕ)

'ਦੀ ਟ੍ਰਿਬਿਊਨ' ਅਨੁਸਾਰ ਜੇ ਮੰਨ ਵੀ ਲਿਆ ਜਾਏ ਕਿ ਹੁਣ ਇਹ (ਭਾਰਤੀਆਂ ਦੀ) ਗਿਣਤੀ 8-9 ਹਜਾਰ ਹੋ ਗਈ ਹੈ ਤਾਂ ਵੀ ਇਹ ਉਹਨਾਂ ਸਾਰੀਆਂ ਕੌਮਾਂ ਦੇ ਟਾਕਰੇ 'ਚ ਨਿਗੂਣੀ ਹੈ, ਜਿਨ੍ਹਾਂ ਦੀ ਬਰਤਾਨਵੀ ਸਲਤਨਤ ਪ੍ਰਤੀ ਵਫ਼ਾਦਾਰੀ ਨਾਮ ਮਾਤਰ ਵੀ ਨਹੀਂ; ਹੋਰ ਤਾਂ ਹੋਰ ਏਸ਼ੀਆ ਵਿੱਚੋਂ ਵੀ ਹਿੰਦੀਆਂ ਨਾਲੋਂ ਚੀਨੇ ਅਤੇ ਜਾਪਾਨੀ ਕਿੰਨੇ ਗੁਣਾ ਜ਼ਿਆਦਾ ਤਾਅਦਾਦ ਵਿੱਚ ਹਨ।

ਸਾਡੀ, ਬਤੌਰ ਬਰਤਾਨਵੀ ਪਰਜਾ ਦੇ ਕਿਤੇ ਵੀ ਪੁਛ ਪ੍ਰਤੀਤ ਨਹੀਂ। ਸੋ ਵਾਰੇ ਜਾਈਏ ਪੰਜਾਬ ਦੇ ਮਹਾਨ ਸਪੂਤ ਸਰਦਾਰ ਗੁਰਦਿੱਤ ਸਿੰਘ ਦੇ, ਜੋ ਆਪਣਾ ਸਭ ਕੁੱਝ ਦਾਅ ਤੇ ਲਾਕੇ, ਬਤੌਰ ਬਰਤਾਨਵੀ ਪਰਜਾ ਸਾਡੇ ਜਨਮ ਸਿੱਧ ਅਧਿਕਾਰਾਂ ਦੀ ਪ੍ਰਾਪਤੀ ਲਈ ਮੈਦਾਨ ਵਿੱਚ ਨਿਤਰਿਆ ਹੈ। ਹਰ ਪੰਜਾਬੀ ਦਾ ਫਰਜ਼ ਬਣਦਾ ਹੈ ਕਿ ਉਹਦੀ ਡੱਟਕੇ ਹਮਾਇਤ ਕਰੇ।

### (ਸ) 'ਦੀ ਟ੍ਰਿਬਿਊਨ'

ਲਾਹੌਰ: ਸ਼ਨੀਚਰਵਾਰ, 6 ਜੂਨ 1914

### ਕੈਨੇਡਾ 'ਚ ਸੰਕਟ

ਲਗਦੈ ਕੈਨੇਡਾ ਸਰਕਾਰ ਨੇ ਪੱਕੀ ਧਾਰ ਲਈ ਹੈ ਕਿ ਕੋਮਾਗਾਟਾ ਮਾਰੂ ਦਾ ਇੱਕ ਵੀ ਯਾਤਰੀ ਉਤਰਣ ਨਹੀਂ ਦੇਣਾ, ਚਾਹੇ ਉਹ ਕਿਸੇ ਵੀ ਤਰ੍ਹਾਂ ਦਾ ਸਬੂਤ ਪੇਸ਼ ਕਰੇ। ਇਹ ਵੀ ਦੱਸਿਆ ਜਾਂਦੈ ਕਿ ਸ਼ਾਇਦ ਜਹਾਜ਼ ਨੂੰ ਵਾਪਸ ਹਾਂਗ ਕਾਂਗ ਭੇਜ ਦਿੱਤਾ ਜਾਏ; ਉਧਰ ਮੁਸਾਫ਼ਰ ਵੀ ਬੌਂਦਲੇ ਪਏ ਹਨ ਤੇ ਉਹਨਾਂ 'ਚੋਂ ਕਈ ਖਤਰਨਾਕ ਰੌਂ ਵਿੱਚ ਹਨ। ਇਸ 'ਖਤਰਨਾਕ ਰੌਂ' ਤੋਂ ਕੀ ਮੁਰਾਦ ਹੈ, ਅਸੀਂ ਇਸ ਪੜਾਅ ਤੇ ਕੁਝ ਕਹਿਣ ਦੀ ਹਾਲਤ ਵਿੱਚ ਨਹੀਂ ਹਾਂ। ਜਿੱਥੋਂ ਤੱਕ ਵਾਪਸੀ ਦੀ 'ਸੰਭਾਵਨਾ' ਦਾ ਸਵਾਲ ਹੈ, ਸਰਦਾਰ ਗੁਰਦਿੱਤ ਸਿੰਘ ਨੇ ਪਹਿਲੇ ਦਿਨ ਤੋਂ ਹੀ ਇਸ ਨੂੰ ਅੱਖੋਂ ਪਰੋਖੇ ਨਹੀਂ ਸੀ ਕੀਤਾ, ਜਦੋਂ ਕਿ ਉਸਨੇ ਸਾਡੇ ਬਰਤਾਨਵੀ ਪਰਜਾ ਦੀ ਹੈਸੀਅਤ ਵਿੱਚ ਹੱਕਾਂ ਦੀ ਅਸਲੀਅਤ ਨੂੰ ਪਰਖਣ ਦਾ ਬੀੜਾ ਚੁਕਿਆ ਸੀ। ਪਰ ਇਹਨਾਂ ਹਾਲਾਤ ਵਿੱਚ ਉਹ ਕੀ ਕਰਨ ਜਾ ਰਿਹੈ, ਉਹ ਖਾਸ ਅਹਿਮੀਅਤ ਨਹੀਂ ਰੱਖਦਾ; ਬਹੱਰਹਾਲ ਸਾਨੂੰ ਪੰਜਾਬੀਆਂ ਨੂੰ ਸਰਦਾਰ ਗੁਰਦਿੱਤ ਸਿੰਘ ਦੀ ਇਸ ਦਲੇਰਾਨਾ ਜਦੋਜਹਿਦ ਦੌਰਾਨ ਡੱਟ ਕੇ ਹਮਾਇਤ ਕਰਨੀ ਚਾਹੀਦੀ ਹੈ।

### (ਹ) 'ਦੀ ਟ੍ਰਿਬਿਊਨ'

ਲਾਹੌਰ: ਬੁੱਧਵਾਰ, 10 ਜੂਨ 1914

### ਛੇ ਸੌ (ਭਾਰਤੀਆਂ) ਦੀ ਹੋਣੀ

ਸਾਡੇ ਲਈ ਇਹ ਸਮਝ ਸਕਣਾ ਬਹੁਤ ਮੁਸ਼ਕਿਲ ਹੈ ਕਿ ਕੈਨੇਡਾ ਸਰਕਾਰ, ਸੁਪਰੀਮ ਕੋਰਟ ਦੇ 'ਕਢੇ ਜਾਣ' (Exclusion) ਵਿਰੁੱਧ ਫੈਸਲੇ ਦੇ ਬਾਵਜੂਦ ਕਿਵੇਂ ਭਾਰਤੀਆਂ ਦੇ ਦਾਖਲੇ ਨੂੰ ਰੋਕਣਾ ਜਾਇਜ਼ ਠਹਿਰਾ ਰਹੀ ਹੈ। ਲਾਰਡ ਹੰਟਰ ਦੇ ਇਸ ਬਾਰੇ ਕੀਤੇ ਗਏ ਫੈਸਲੇ ਪਿਛੋਂ ਕਾਨੂੰਨ ਵਿੱਚ ਕੋਈ ਸੋਧ ਨਹੀਂ ਕੀਤੀ ਗਈ, ਲਹਿਜ਼ਾ ਓਹੀ ਫੈਸਲਾ ਅੱਜ ਵੀ ਕਾਨੂੰਨੀ ਹੈਸੀਅਤ ਰੱਖਦਾ ਹੈ, ਤੇ ਵੇਲੇ ਦੀ ਸਰਕਾਰ ਦਾ ਕੋਈ ਵੀ ਕਾਰਜਕਾਰੀ (Executive) ਆਦੇਸ਼ ਉਹਦੀ ਉਲੰਘਣਾ ਨਹੀਂ ਕਰ ਸਕਦਾ; ਹਾਲਾਂਕਿ ਉਹ ਅਦਾਲਤੀ ਫੈਸਲਾ ਅਜੇਹੇ ਮੁਸਾਫਰਾਂ ਨੂੰ ਕੇਵਲ ਤਿੰਨ ਮਹੀਨੇ ਲਈ ਠਹਿਰਣ ਦੀ ਹੀ ਆਗਿਆ ਦੇਂਦਾ ਹੈ, ਜਿਸ ਦੌਰਾਨ ਉਹ ਪੱਕੇ ਪਰਵਾਸ ਲਈ ਯਾਚਣਾ ਕਰ ਸਕਦੇ ਹਨ, ਪਰ ਕਿਸੇ ਹਾਲਤ ਵਿੱਚ ਵੀ ਉਹਨਾਂ ਨੂੰ ਦੋ ਟੁਕ ਜਵਾਬ ਦੇ ਦੇਣਾ ਪਰਵਾਸ ਕਾਨੂੰਨ ਦੀ ਘੋਰ ਉਲੰਘਣਾ ਹੈ।

ਤਦ ਅਨੁਸਾਰ ਕੈਨੇਡੀਅਨ ਸਰਕਾਰ ਵੱਲੋਂ ਮੁਸਾਫਰਾਂ ਨੂੰ ਉਤਰਣ ਦੀ ਆਗਿਆ ਦੇ ਕੇ ਪੱਕੇ ਪਰਵਾਸ ਲਈ ਕਾਨੂੰਨੀ ਚਾਰਾਜੋਈ ਦਾ ਮੌਕਾ ਦੇ ਦੇਣਾ ਚਾਹੀਦੈ।

### (ਕ) 'ਦੀ ਟ੍ਰਿਬਿਊਨ'

ਲਾਹੌਰ: ਸ਼ੁਕਰਵਾਰ, ਜੂਨ 19, 1914

### ਕੈਨੇਡਾ ਵਿੱਚ ਪੰਜਾਬੀ

ਸਾਨੂੰ ਇਹ ਜਾਣ ਕੇ ਖੁਸ਼ੀ ਹੋਈ ਹੈ ਕਿ ਪੰਜਾਬ ਹਿੰਦੂ ਸਭਾ ਨੇ, ਜਿਸਦੇ ਪ੍ਰਧਾਨ ਸਰ ਪੀ.ਸੀ. ਚੈਟਰਜੀ ਹਨ, ਕੈਨੇਡਾ ਦੇ ਪ੍ਰਧਾਨ ਮੰਤਰੀ ਨੂੰ ਤਾਰ ਭੇਜੀ ਹੈ, ਜਿਸਦਾ ਮਜ਼ਮੂਨ ਹੈ:—

"ਪੰਜਾਬ ਹਿੰਦੂ ਸਭਾ 600 ਹਿੰਦੀ ਮੁਸਾਫਰਾਂ ਦੇ ਦਾਖਲੇ ਦੀ ਆਗਿਆ ਨਾ ਦਿੱਤੇ ਜਾਣ ਵਿਰੁੱਧ ਸਖ਼ਤ ਰੋਸ ਪ੍ਰਗਟਾਉਂਦੀ ਹੈ।"

ਵੈਸੇ ਤਾਂ ਸਭਾ ਨੂੰ ਇਸ ਮਾਮਲੇ ਵਿੱਚ ਪਹਿਲੀ ਕਤਾਰ ਵਿੱਚ ਹੋਣਾ ਚਾਹੀਦਾ ਸੀ, ਪਰ

ਲਗਦੈ ਇਹਦੀ ਕੁੰਭਕਰਣੀ ਨੀਂਦਰ ਵਿਚੋਂ ਇਹਨੂੰ ਜਨਤਕ ਸਭਾਵਾਂ, ਸਿੰਘ ਸਭਾਵਾਂ ਅਤੇ ਸਿੱਖ ਦੀਵਾਨ ਵੱਲੋਂ ਪਾਸ ਕੀਤੇ ਗਈ ਮੱਤਿਆਂ ਨੇ ਜਗਾਇਆ ਹੈ। ਆਸ ਕਰਦੇ ਹਾਂ ਕਿ ਸਭਾ ਨੇ ਇਸ ਤਾਰ ਦੀਆਂ ਨਕਲਾਂ ਹਿੰਦ ਸਰਕਾਰ ਅਤੇ ਲੰਡਨ ਸਰਕਾਰ ਦੇ ਸੈਕਟਰੀ ਆਫ ਸਟੇਟ ਫਾਰ ਇੰਡੀਆ ਨੂੰ ਵੀ ਭੇਜੀਆਂ ਹੋਣਗੀਆਂ।

### (ਖ) 'ਦੀ ਟ੍ਰਿਬਿਊਨ'

ਲਾਹੌਰ: ਐਤਵਾਰ, 05 ਜੁਲਾਈ 1914

ਟੋਰਾਂਟੋ — ਕੈਨੇਡਾ ਤੋਂ ਇੱਕ ਪੱਤਰਕਾਰ ਨੇ ਦੋ-ਤਿੰਨ ਉਧਰ ਦੀਆਂ ਅਖਬਾਰਾਂ ਵੱਲੋਂ ਭਾਰਤੀਆਂ ਦੇ ਹੱਕ ਵਿੱਚ ਕੀਤੀਆਂ ਟਿੱਪਣੀਆਂ ਦਾ ਖੁਲਾਸਾ ਕੀਤਾ ਹੈ, ਜਿਨ੍ਹਾਂ ਦੀ ਰਾਏ ਵਿੱਚ ਅੰਗ੍ਰੇਜ਼ੀ ਸਲਤਨਤ (Empire) ਦੀ ਸਲਾਮਤੀ ਲਈ ਉਸਦੀ ਕੁਲ ਪਰਜਾ (Subjects) ਨੂੰ ਸਮੁੱਚੀ ਸਲਤਨਤ ਵਿੱਚ ਆਉਣ-ਜਾਣ ਦੀ ਖੁਲ੍ਹ ਹੋਣੀ ਲਾਜ਼ਮੀ ਹੈ। ਪਰ ਅੰਗ੍ਰੇਜ਼ ਅਧੀਨ ਮੁਲਕਾਂ (Dominions) ਨੂੰ ਪਰਵਾਸ ਦੇ ਪਾਬੰਦੀਆਂ ਲਾਉਣੋਂ ਨਹੀਂ ਰੋਕਿਆ ਜਾ ਸਕਦਾ ਤੇ ਪੱਛਮੀ ਸਾਹਿਲ (Pacific Coast) ਵੱਲ ਨੂੰ ਏਸ਼ੀਆਈਆਂ (Asiatics) ਦੀਆਂ ਆ ਰਹੀਆਂ ਧਾੜਾਂ ਨੂੰ ਠੱਲ੍ਹ ਪਾਉਣੀ ਹੀ ਪਵੇਗੀ: ਪਰ ਇਹ ਸੋਚ ਕੇਵਲ ਕੁਝ ਕੁ ਕਟਰਵਾਦੀ ਅੰਸਰਾਂ ਦੀ ਹੀ ਹੈ ਨਾ ਕਿ ਸਮੁੱਚੀ ਕੈਨੇਡੀਅਨ ਵਸੋ ਦੀ, ਜਿਵੇਂ ਕਿ ਉੱਧਰ ਦਰਸਾਈਆਂ ਗਈਆਂ ਟਿੱਪਣੀਆਂ ਤੋਂ ਜਾਹਿਰ ਹੁੰਦਾ ਹੈ।

### (ਗ) 'ਦੀ ਟ੍ਰਿਬਿਊਨ'

ਲਾਹੌਰ: ਵੀਰਵਾਰ, ਜੁਲਾਈ 09, 1914

**ਹੇਬੀਅਸ ਕਾਰਪਸ ਪਟੀਸ਼ਨ ਖ਼ਾਰਜ**

ਵਿਕਟੋਰੀਆ — ਬੀ.ਸੀ. ਤੋਂ ਤਾਰ ਆਈ ਹੈ ਕਿ ਕੋਮਾਗਾਟਾ ਮਾਰੂ ਵਾਲੀ ਹੇਬੀਅਸ ਕਾਰਪਸ ਪਟੀਸ਼ਨ ਖਾਰਜ ਹੋ ਗਈ ਹੈ। ਅਦਾਲਤ ਨੇ ਇਸਨੂੰ ਖਾਰਜ ਕਰਦਿਆਂ ਕਿਹਾ ਹੈ ਕਿ "ਬ੍ਰਿਟਿਸ਼ ਨਾਰਥ ਅਮੇਰੀਕਾ ਐਕਟ ਦੁਆਰਾ ਕੈਨੇਡਾ ਸਰਕਾਰ ਨੂੰ ਪੂਰਾ ਇਖ਼ਤਿਆਰ ਹੈ ਕਿ ਉਹ ਅੰਗ੍ਰੇਜ਼ੀ ਸਲਤਨਤ ਦੇ ਕਿਸੇ ਵੀ ਪਰਵਾਸੀ ਦੇ ਦਾਖਲੇ 'ਤੇ ਰੋਕ ਲਾ ਸਕਦੀ ਹੈ ਚਾਹੇ ਉਹ (ਯੂ.ਕੇ.) ਇੰਗਲੈਂਡ ਦਾ ਹੀ ਕਿਉਂ ਨਾ ਹੋਵੇ।" ਬੇਸ਼ਕ ਇਹ ਫੈਸਲਾ ਦਾਖ਼ਲਾ ਰੋਕੂਆਂ (Exclusionists) ਲਈ ਵੱਡੀ ਖੁਸ਼ਖ਼ਬਰੀ ਹੋਵੇਗਾ ਤੇ ਉਹਨਾਂ ਨੂੰ ਇਹ ਕਹਿਣ ਦਾ 'ਸੁਨਹਿਰੀ ਮੌਕਾ' ਵੀ ਦੇਵੇਗਾ, 'ਵੇਖੋ ਜੀ, ਅਸੀਂ ਤਾਂ ਪਹਿਲਾਂ ਹੀ ਕਹਿੰਦੇ ਸਾਂ'; ਪਰ ਬਰਤਾਨਵੀ ਸਲਤਨਤ ਦੀ ਹਿੰਦੀ ਪਰਜਾ ਲਈ ਤਾਂ ਮੰਦਭਾਗਾ ਹੀ ਹੈ; ਹੁਣ ਤਾਂ ਫਿਰ ਲੈ ਦੇ ਕੇ ਉਹਨਾਂ ਦੀ ਟੇਕ ਭਾਰਤ ਅਤੇ ਅੰਗ੍ਰੇਜ਼ੀ ਸਰਕਾਰਾਂ ਤੇ ਹੀ ਹੈ ਕਿ ਉਹ ਉਹਨਾਂ ਦੇ ਹਕ ਵਿੱਚ ਭੁਗਤਦੇ ਹੋਏ ਇਸ ਮਾਮਲੇ 'ਚ ਉਹਨਾਂ ਦੀ ਮੁਸੀਬਤ ਦਾ ਨਿਵਾਰਣ ਕਰਨ।

### (ਘ) 'ਦੀ ਟ੍ਰਿਬਿਊਨ'

ਲਾਹੌਰ: ਸ਼ਨੀਚਰਵਾਰ, ਜੁਲਾਈ 11, 1914

**ਗੁਰਦਿੱਤ ਸਿੰਘ ਦੀ ਨਾਕਾਮਯਾਬੀ**

ਸਾਡੀ ਸਮਝ ਮੁਤਾਬਕ, ਕੈਨੇਡਾ ਦੀ ਵੱਡੀ ਅਦਾਲਤ ਵੱਲੋਂ ਗੁਰਦਿੱਤ ਸਿੰਘ ਦੁਆਰਾ



ਦਾਇਰ ਕੀਤੀ ਅਪੀਲ ਦੇ ਖਾਰਜ ਹੋ ਜਾਣ ਨਾਲ ਸਰਦਾਰ ਗੁਰਦਿੱਤ ਸਿਘ ਘਬਰਾਇਆ ਨਹੀਂ; ਚੇਤੇ ਰੱਖਣ ਵਾਲੀ ਗੱਲ ਹੈ ਕਿ ਉਹਨੇ ਇਹ ਖਰਚੀਲੀ ਮੁਹਿਮ ਇਹ ਪਰਖਣ ਲਈ ਹੀ ਵਿਢੀ ਸੀ ਕਿ ਲੈ ਦੇ ਕੇ ਬਰਤਾਨਵੀ ਹਕੂਮਤ ਦੀ ਰਿਆਇਆ ਦੀ ਹੈਸੀਅਤ ਵਿੱਚ ਸਾਡੀ ਬਰਤਾਨਵੀ ਨੌ-ਆਬਾਦੀਆਂ (Dominions) ਵਿੱਚ ਕੀ ਵੱਟਕ ਹੈ। ਜਦ ਹੀ ਉਹਦਾ ਜਹਾਜ਼ ਬੀ.ਸੀ. ਦੇ ਸਾਹਿਲ ਨੂੰ ਢੁਕਿਆ ਸੀ ਤਾਂ ਉਹਨੇ ਸ਼ਰੇਆਮ ਕਿਹਾ ਸੀ ਕਿ ਅਸੀਂ ਤਾਂ ਇਹ ਅਜ਼ਮਾਉਣ ਲਈ ਆਏ ਹਾਂ ਕਿ ਸਾਡੀ ਕੀ ਔਕਾਤ ਹੈ। ਇਕੜ-ਦੁਕੜ ਭਾਰਤੀਆਂ ਦੀ ਆਮਦ ਰੋਕਣ ਤੇ ਇਹ ਯਕੀਨ ਨਾਲ ਨਹੀਂ ਕਿਹਾ ਜਾ ਸਕਦਾ ਸੀ, ਜਦ ਕਿ ਬਰਤਾਨੀਆ ਦੀ ਹਿੰਦੀ ਪਰਜਾ ਨੂੰ ਏਥੇ 300 ਹਿੰਦੀਆਂ ਨੂੰ, ਉਹਨਾਂ ਦੀਆਂ ਸਾਰੀਆਂ ਦਲੀਲਾਂ ਸੁਨਣ ਤੋਂ ਬਾਅਦ ਵੀ ਉਤਰਨ ਨਹੀਂ ਦਿੱਤਾ ਜਾਂਦਾ ਤਾਂ ਸਥਿਤੀ ਪੂਰੀ ਤਰ੍ਹਾਂ ਸਪਸ਼ਟ ਹੋ ਜਾਏਗੀ; ਆਪਣੀ ਔਕਾਤ ਦਾ ਅਨੁਭਵ ਵੀ ਤਾਂ ਕੁਝ ਅਹਿਮੀਅਤ ਰੱਖਦਾ ਹੈ ਜਿਸ ਆਧਾਰ ਤੇ ਅਸੀਂ ਭਾਰਤ ਪਰਤਕੇ ਇਹ ਨਿਰਣਾ ਕਰ ਸਕਾਂਗੇ ਕਿ ਆਖ਼ਿਰ ਇਹ ਵਰਤਾਰਾ ਕਿਥੋਂ ਤੱਕ ਵਾਜਬ ਹੈ।

### (ਙ) 'ਦੀ ਟ੍ਰਿਬਿਊਨ'

ਲਾਹੌਰ: ਮੰਗਲਵਾਰ, 23 ਜੁਲਾਈ 1914

ਸਾਨੂੰ ਲਾਇਲਪੁਰ ਦੇ 'ਖਾਲਸਾ' ਅਖ਼ਬਾਰ ਰਾਹੀਂ ਵੈਨਕੂਵਰ ਤੋਂ ਕੋਮਾਗਾਟਾ ਮਾਰੂ 'ਤੇ 'ਅੱਧੀਂ ਰਾਤੀ 400 ਹਥਿਆਰਬੰਦ ਪੁਲਸੀਆਂ ਦੇ ਨਾਕਾਮ ਹਮਲੇ' ਦੀ ਇਤਲਾਹ ਮਿਲੀ ਹੈ, ਹਾਲਾਂਕਿ ਇਹ ਪਤਾ ਨਹੀਂ ਲੱਗ ਸਕਿਆ ਕਿ ਕਿੰਨੇ ਮੁਸਾਫ਼ਰ ਮਰੇ ਜਾਂ ਜ਼ਖ਼ਮੀ ਹੋਏ ਹਨ। ਇਹ ਬੜੀ ਹੀ ਮੰਦਭਾਗੀ ਘਟਨਾ ਹੈ। ਪਤਾ ਨਹੀਂ ਇਸ ਤਰ੍ਹਾਂ ਤਾਕਤ ਦੀ ਵਰਤੋਂ ਲਈ ਕੀ ਮਜਬੂਰੀ ਸੀ, ਪਰ ਸਾਡੀ ਸਮਝ ਅਨੁਸਾਰ ਤਾਕਤ ਨਹੀਂ ਸੀ ਵਰਤੀ ਜਾਣੀ ਚਾਹੀਦੀ। ਫ਼ਰਜ਼ ਕਰੋ (ਕਿ ਜਿਵੇਂ ਕਿਹਾ ਜਾ ਰਿਹੈ) ਕਿ ਜਹਾਜ਼ ਦੀ ਉਥੇ ਆਮਦ ਨੂੰ ਕੈਨੇਡਾ ਸਰਕਾਰ ਨੇ ਚੁਣੌਤੀ ਸਮਝ ਲਿਆ ਹੋਵੇ ਤਾਂ ਵੀ ਮੁਸਾਫਰਾਂ ਨੇ ਤਾਂ ਸੱਚੇ ਦਿਲੋਂ ਅੰਗ੍ਰੇਜ਼ੀ ਸਰਕਾਰ ਦੇ 1858 ਵਾਲੇ ਇਸ ਐਲਾਨ ਦਾ ਸਹਾਰਾ ਲੈ ਕੇ ਹੀ ਇੰਜ ਕੀਤਾ ਹੈ ਜਿਸ ਦੁਆਰਾ ਅੰਗ੍ਰੇਜ਼ੀ ਰਾਜ ਦੀ ਕੁਲ ਪਰਜਾ ਨੂੰ ਉਹਦੇ ਰਾਜ ਅਧੀਨ ਕਿਸੇ ਦੇਸ਼ ਵਿੱਚ ਬਰਾਬਰ ਦੇ ਹਕ ਹਾਸਲ ਹੋਣਗੇ; ਦੂਜੇ ਹੱਥ ਜੇ ਚੀਨੀ ਅਤੇ ਜਾਪਾਨੀ ਅੰਗ੍ਰੇਜ਼ੀ ਇਲਾਕਿਆਂ 'ਚ ਪਰਵਾਸ ਕਰ ਸਕਦੇ ਹਨ ਤਾਂ ਫਿਰ ਹਿੰਦੀਆਂ ਨੂੰ ਕਿਉਂ ਕੱਢਿਆ ਜਾ ਰਿਹੈ।

### 18 ਜੁਲਾਈ ਦੀ ਝੜਪ ਬਾਰੇ ਸਰਕਾਰੀ ਪ੍ਰੈਸ ਨੋਟ: ਮਿਤੀ 20 ਜੁਲਾਈ

"ਕਾਮਾਗਾਟਾ ਮਾਰੂ ਦੇ ਕਪਤਾਨ ਨੂੰ ਪਿਛਲੀ ਰਾਤੇ ਸਪਸ਼ਟ ਕਰਨ ਲਈ ਕਿਹਾ ਗਿਆ ਸੀ ਕਿ ਕੀ ਉਹ 350 ਹਿੰਦੀਆਂ ਦੀ ਡਿਪੋਰਟੇਸ਼ਨ (deportation) ਦੇ ਹੁਕਮ ਦੀ ਤਾਮੀਲ ਕਰ ਰਿਹਾ ਹੈ ਜਾਂ ਨਹੀਂ। ਕੁਝ ਹੀ ਚਿਰ ਪਿਛੋਂ ਉਹਨੇ ਕਹਿ ਭੇਜਿਆ ਕਿ ਮੁਸਾਫਰਾਂ ਨੇ ਉਹਨੂੰ ਅਜੇਹਾ ਕਰਨੋ ਜਬਰਦਸਤੀ ਰੋਕ ਲਿਐ, ਇਸ ਲਈ ਮਦਦ ਭੇਜੀ ਜਾਏ। ਸੋ ਕੋਈ 160 ਪੁਲਸੀਏ ਅਤੇ ਪਰਵਾਸ ਅਧਿਕਾਰੀ ਵੱਡੀ ਸਾਰੀ ਕਿਸ਼ਤੀ ਤੇ ਜਹਾਜ਼ ਕੋਲ ਢੁਕੇ, ਪਰ ਜਹਾਜ਼ੀ ਮੁਸਾਫਰਾਂ ਨੇ ਹਰ ਪਾਸਿਉਂ ਕੋਲੇ ਦੇ ਟੁਕੜਿਆਂ, ਲੋਹੇ ਦੇ ਸਰੀਆਂ, ਮਸ਼ੀਨਰੀ ਦੇ ਪੁਰਜਿਆਂ ਤੇ ਕੁਹਾੜਿਆਂ ਨਾਲ ਪੁਲਸੀਆਂ ਨੂੰ ਜ਼ਖਮੀ ਕੀਤਾ ਤੇ ਕਿਸ਼ਤੀ ਦੇ ਸ਼ੀਸ਼ੇ ਵੀ ਤੋੜ ਦਿੱਤੇ। ਉਹਨਾਂ ਵੱਲੋਂ ਕੁੱਝ ਫ਼ਾਇਰ ਵੀ

ਕੀਤੇ ਗਏ ਪਰ ਪੁਲਿਸ ਨੇ ਠਰੰਮੇ (?) ਤੋਂ ਕੰਮ ਲੈਂਦਿਆਂ ਜਵਾਬੀ ਫ਼ਾਇਰਿੰਗ ਨਹੀਂ ਕੀਤੀ; ਅਖੀਰ ਕੋਈ ਪੇਸ਼ ਨਾ ਜਾਂਦੀ ਵੇਖ ਪੁਲਿਸ ਅੱਧੀ ਰਾਤ ਪਿਛੋਂ 2 ਕੁ ਵਜੇ 20 ਜ਼ਖ਼ਮੀਆਂ ਸਮੇਤ, ਜਿਨ੍ਹਾਂ ਵਿੱਚ ਕਿਸ਼ਤੀ ਦਾ ਕਪਤਾਨ ਵੀ ਸ਼ਾਮਿਲ ਸੀ, ਜੀਹਦੀਆਂ ਦੋ ਪਸਲੀਆਂ ਟੁਟ ਗਈਆਂ ਸੀ, ਵਾਪਸ ਆ ਗਏ, ਚੰਗੇ ਭਾਗਾਂ ਨੂੰ ਜਾਨੀ ਨੁਕਸਾਨ ਨਹੀਂ ਹੋਇਆ ਸੀ।

"ਪੁਲਿਸ ਦੀ 'ਠਰ੍ਹੰਮੇ ਵਾਲੀ ਭੂਮਿਕਾ' ਲਈ ਉਹਨਾਂ ਦੀ ਸਰਕਾਰ ਵੱਲੋਂ ਉਚੇਚੀ ਪ੍ਰਸ਼ੰਸਾ ਕੀਤੀ ਗਈ!

"ਇਹ ਚਾਹੁੰਦੇ ਹੋਏ ਵੀ ਕਿ ਲਗਦੀ ਵਾਹੇ ਹਿੰਸਕ ਕਾਰਵਾਈ ਤੋਂ ਗੁਰੇਜ਼ ਕੀਤਾ ਜਾਏ ਸਰਕਾਰ ਨੇ ਤਹੀਆਂ ਕਰ ਰਖਿਐ ਕਿ ਕਾਨੂੰਨ ਦੀ ਪਾਲਣਾ ਹਰ ਹਾਲਤ 'ਚ ਸੁਨਿਸ਼ਚਿਤ ਕਰਾਈ ਜਾਏਗੀ; ਤਦ ਅਨੁਸਾਰ ਸਰਕਾਰ ਲੋੜ ਪੈਣ ਤੇ (ਜੰਗੀ ਜਹਾਜ਼) ਰੇਲਬੋ (Rainbow) ਦਾ ਇਸਤੇਮਾਲ ਵੀ ਕਰ ਸਕਦੀ ਹੈ, ਜਿਸ ਰਾਹੀਂ ਜਹਾਜ਼ ਨੂੰ ਕਾਬੂ ਕਰਕੇ ਮੁਸਾਫਰਾਂ ਨੂੰ ਹੱਥਕੱੜੀਆਂ ਲਾਈਆਂ ਜਾਣਗੀਆਂ, ਤਾਂਕਿ ਉਹ ਪੁਲਿਸ 'ਤੇ ਹੱਥ ਨਾ ਉਠਾ ਸਕਣ।"



ਗੁਰਦਿੱਤ ਸਿੰਘ ਦੂਰਬੀਣ ਨਾਲ......

## ਫਿਰ ਕੀ ਹੋਇਆ?

20 ਜੁਲਾਈ ਦੀ ਰਾਤ ਨੂੰ ਮੁਸਾਫਰਾਂ ਨੇ ਕੈਨੇਡਾ ਸਰਕਾਰ ਦੇ ਹੋਮ ਮਨਿਸਟਰ ਨੂੰ ਤਾਰ ਦਿੱਤੀ ਕਿ "ਸਾਡੀ ਕੋਈ ਸੁਣਵਾਈ ਨਹੀਂ ਹੋ ਰਹੀ। ਪੁਲਿਸ ਨੇ ਹਥਿਆਰਾਂ ਨਾਲ ਲੈਸ ਹੋ ਕੇ ਹਮਲਾ ਕਰ ਦਿਤੈ। ਪਰਵਾਸ ਅਧਿਕਾਰੀ ਸਾਨੂੰ ਬਿਨਾ ਰਾਸ਼ਣ-ਪਾਣੀ ਦੇ ਜਬਰਦਸਤੀ ਵਾਪਸ



ਭੇਜਣ ਤੇ ਤੁਲੇ ਹੋਏ ਹਨ। ਜੇ ਦੋ ਦਿਨਾਂ 'ਚ ਕੋਈ ਫ਼ੈਸਲਾ ਨਾ ਲਿਆ ਗਿਆ ਤਾਂ ਪੁਲਿਸ ਸਾਨੂੰ ਖਤਮ ਕਰ ਦੇਵੇਗੀ, ਤੇ ਤੁਸੀਂ ਇਸ ਲਈ ਜਵਾਬਦੇਹ ਹੋਵੋਗੇ। ਅਸੀਂ ਜ਼ਬਰਦਸਤੀ ਵਾਪਸ ਭੇਜੇ ਜਾਣ ਨਾਲੋਂ ਮਰ ਜਾਣਾ ਬਿਹਤਰ ਸਮਝਾਂਗੇ, ਸਾਡੇ ਮਰਨ ਉਪਰੰਤ ਫਿਰ ਸੋਚ-ਵਿਚਾਰ ਲਈ ਬਚ ਹੀ ਕੀ ਜਾਏਗਾ?"

ਰੇਨਬੋ (Rainbow) ਭੇਜਣ ਦੀਆਂ ਤਿਆਰੀਆਂ — ਕੈਨੇਡਾ ਦੇ ਗਵਰਨਰ-ਜਨਰਲ ਨੇ ਆਦੇਸ਼ ਦਿੱਤਾ ਕਿ ਹਰ ਹਾਲਤ 'ਚ ਇਹਨਾਂ ਭਾਰਤੀਆਂ ਨੂੰ ਇੱਥੋਂ ਕੱਢ ਬਾਹਰ ਕੀਤਾ ਜਾਏ। ਇਸ ਲਈ ਰੇਨਬੋ ਦਾ ਪ੍ਰਯੋਗ ਕੀਤਾ ਜਾਏ ਅਤੇ ਲੋੜੀਂਦੀ ਫੋਰਸ ਵੈਨਕੂਵਰ ਤੋਂ ਮੰਗਾ ਲਈ ਜਾਏ। — (21 ਜੁਲਾਈ)

## ਜਨਤਕ ਰੋਹ

ਸਥਾਨਕ ਭਾਰਤੀਆਂ ਦੇ ਕੰਨੀ ਇਹਦੀ ਭਿਣਕ ਪੈਂਦੇ ਸਾਰ ਹੀ ਸੈਂਕੜੇ ਲੋਕੀ ਸਾਹਿਲ ਤੇ ਇਕੱਠੇ ਹੋਣ ਲੱਗ ਪਏ, ਤੇ ਉਹਨਾਂ ਦੇ ਤੌਰ ਭੌਰ ਵੀ ਸਰਕਾਰ ਨੂੰ ਭੈਭੀਤ ਕਰਨ ਲੱਗੇ — ਉਧਰ ਹੋਰ ਕੋਈ ਪੇਸ਼ ਨਾ ਜਾਂਦੀ ਵੇਖ, ਬੇਲੋੜੇ ਖ਼ੂਨ-ਖਰਾਬੇ ਨੂੰ ਟਾਲਣ ਲਈ ਹਸਨ ਰਹੀਮ ਨੇ ਜਹਾਜੀ ਮੁਸਾਫਰਾਂ ਨਾਲ ਸਲਾਹ-ਮਸਵਰਾ ਕਰਨ ਦੀ ਆਗਿਆ ਮੰਗੀ।

ਇਹ ਵੀ ਦੱਸਿਆ ਜਾਂਦੈ ਕਿ ਸਰਕਾਰੀ ਰਵਈਏ ਵਿੱਚ 'ਨਰਮੀ' ਦਾ ਕਾਰਨ ਇਹ ਵੀ ਸੀ ਕਿ ਖ਼ੁਫ਼ੀਆ ਜਾਣਕਾਰੀ ਅਨੁਸਾਰ ਵੈਨਕੂਵਰ ਦੇ ਕਈ ਹਿੰਦੀਆਂ ਨੇ ਐਲਾਨ ਕਰ ਦਿੱਤਾ ਸੀ ਕਿ ਜੇ ਉਹਨਾਂ ਦੇ ਹਮਵਤਨਾਂ 'ਤੇ ਕੋਈ ਹਮਲਾ ਕੀਤਾ ਗਿਆ ਤਾਂ ਉਹ ਸਾਰੇ ਸ਼ਹਿਰ 'ਚ ਰਾਤੋਰਾਤ ਮਿਟੀ ਦਾ ਤੇਲ ਛਿੜਕ ਕੇ ਸ਼ਹਿਰ ਨੂੰ ਫੂਕ ਦੇਣਗੇ।

ਅਖ਼ੀਰ ਲੈ ਦੇ ਕੇ ਮੁਸਾਫਰਾਂ ਨੂੰ ਲੋੜੀਂਦੀ ਰਾਸ਼ਨ ਸਮਗਰੀ ਅਤੇ ਕੁਝ ਵਾਪਸੀ ਦਾ ਖਰਚ



ਮੁਹਈਆ ਕਰਾਕੇ 23 ਜੁਲਾਈ ਸਵੇਰੇ ਜਹਾਜ਼ ਨੂੰ ਵੈਨਕੂਵਰੋਂ ਰਵਾਨਾ ਕਰ ਦਿੱਤਾ ਗਿਆ।

## ਸਰਕਾਰ ਦਾ 'ਇਕਬਾਲੀਆ' ਬਿਆਨ

ਸਰਕਾਰੀ ਕੋਮਾਗਾਟਾ ਮਾਰੂ ਕਮਿਸ਼ਨ ਦੀ ਰਿਪੋਰਟ ਵਿੱਚ ਕਬੂਲਿਆ ਗਿਆ ਹੈ ਕਿ:

"ਵੈਨਕੂਵਰ ਪੁਜਣ ਤੇ ਮੁਸਾਫਰਾਂ ਨੂੰ ਕੈਨੇਡਾ 'ਚ ਦਾਖ਼ਲੇ ਦੀ ਆਗਿਆ ਨਹੀਂ ਦਿੱਤੀ ਗਈ ਅਤੇ ਉਹ ਦੋ ਮਹੀਨੇ ਉਥੇ ਉਤਰਨ ਲਈ ਅਸਫ਼ਲ ਜਤਨ ਕਰਦੇ ਰਹੇ। ਇਸ ਦੌਰਾਨ ਉਹਨਾਂ ਨੂੰ ਬਹੁਤ ਔਕੜਾਂ ਦਾ ਸਾਹਮਣਾ ਕਰਨਾ ਪਿਆ ਤੇ ਕਿੰਨਾ ਚਿਰ ਉਹ ਅੰਨ-ਪਾਣੀ ਤੋਂ ਵੀ ਵਾਂਝੇ ਰਹੇ। ਅਖੀਰ ਉਹਨਾਂ ਨੂੰ ਲਖ-ਡੇਢ ਲੱਖ ਰੁਪੈ ਏਸ ਯਾਤਰਾ ਤੇ ਖਰਚ ਕਰਕੇ ਵਾਪਸ ਮੁੜਨਾ ਪਿਆ।"

### 'ਦੀ ਟ੍ਰਿਬਿਊਨ'

ਲਾਹੌਰ: ਸਨੀਚਰਵਾਰ, ਜੁਲਾਈ 25, 1914

### ਕੋਮਾਗਾਟਾ ਮਾਰੂ ਦਾ ਹਸ਼ਰ

ਹੁਣੇ-ਹੁਣੇ ਪਹੁੰਚੀਆਂ ਖਬਰਾਂ ਅਨੁਸਾਰ ਕੋਮਾਗਾਟਾ ਮਾਰੂ ਵਾਲੇ ਪੰਜਾਬੀਆਂ ਨੇ ਕੈਨੇਡਾ ਸਰਕਾਰ ਵੱਲੋਂ ਉਹਨਾਂ ਨੂੰ ਵਾਪਸ ਮੋੜਨ ਦੇ ਫ਼ੈਸਲੇ ਦਾ ਵਿਰੋਧ ਸਮਾਪਤ ਕਰਕੇ, ਵਾਪਸੀ ਦਾ ਖਰਚ ਲੈਕੇ ਵਾਪਸ ਪਰਤਣਾ ਮੰਨ ਲਿਐ; ਲਗਦੈ ਗੁਰਦਿੱਤ ਸਿੰਘ ਅਤੇ ਉਹਦੇ ਸਹਿਯੋਗੀ ਏਸ ਫੈਸਲੇ ਅਨੁਸਾਰ ਵਾਪਸੀ ਸਫ਼ਰ ਲਈ ਰਾਜ਼ੀ ਹੋ ਗਏ ਹਨ, ਅਤੇ ਮੁਸਾਫ਼ਰ ਕੁਝ ਹਫ਼ਤਿਆਂ ਵਿੱਚ ਵਾਪਸ ਭਾਰਤ ਮੁੜ ਆਉਣਗੇ। ਓਧਰ ਬਰਤਾਨਵੀ ਸਰਕਾਰ ਨੇ ਦੱਖਣੀ ਅਫਰੀਕਾ 'ਚ ਵਸੇ ਹਿੰਦੀਆਂ ਦੇ ਓਥੇ ਵਸੇਬੇ ਲਈ ਤਾਂ ਪੂਰੀ ਵਾਹ ਲਾ ਦਿੱਤੀ ਸੀ, ਪਰ ਸਾਨੂੰ ਲਗਦੈ ਕੈਨੇਡਾ ਦੇ ਮਾਮਲੇ ਵਿੱਚ ਅੰਗ੍ਰੇਜ਼ ਸਰਕਾਰ ਨੇ ਆਪਣੀ ਪਰਜਾ ਨੂੰ ਉਸ ਸਰਕਾਰ ਦੇ ਰਹਿਮ ਤੇ ਹੀ ਛੱਡ ਦਿੱਤਾ ਹੋਵੇਗਾ।

ਬੁਰੇ ਹਾਲ ਮਹੀਨੇ ਦੇ ਬਾਦ ਜਾ ਕੇ, ਆਇਆ ਨਜ਼ਰ ਕੈਨੇਡੇ ਦਾ ਬਾਰ ਸਾਨੂੰ।
ਅੱਗੇ ਰੰਗ ਮੌਲਾ ਵਾਲੇ ਹੋਰ ਦੇਖੋ, ਦੁਖ ਮਿਲਨ ਲੱਗੇ ਬੇਸ਼ੁਮਾਰ ਸਾਨੂੰ।
ਦੋ ਤਿੰਨ ਮੀਲ ਸ਼ੈਹਰੋਂ ਬਾਹਿਰ ਖੜਾ ਕੀਤਾ, ਪੈਹਰੇ ਖੂਬ ਲਾਏ ਬੇਸ਼ੁਮਾਰ ਸਾਨੂੰ।
ਉੱਤਰ ਸਕਦੇ ਨਾ ਖ਼ੂਬ ਕੈਦ ਕੀਤੇ, ਪਾਣੀ ਵਿੱਚ ਪੱਕੇ ਜੰਦੇ ਮਾਰ ਸਾਨੂੰ।
ਲੱਗੀ ਖਬਰ ਕੈਨੇਡੇ ਦੇ ਹਿੰਦੀਆਂ ਨੂੰ, ਆਏ ਮਿਲਨ ਹੋ ਤੱਯਾਰ ਬਰ ਤੱਯਾਰ ਸਾਨੂੰ।
ਕਰਕੇ ਬੋਟ ਕਰਾਏ ਤੇ ਵੀਰ ਸਾਡੇ, ਆਏ ਮਿਲਣ ਸਮੁੰਦਰ ਵਿਚਕਾਰ ਸਾਨੂੰ।
ਔਂਦੇ ਦੇਖ ਭਰਾਵਾਂ ਨੂੰ ਜੋਸ਼ ਆਇਆ, ਦਿਲੋਂ ਖ਼ੂਨ ਆਇਆ ਜੋਸ਼ ਮਾਰ ਸਾਨੂੰ।
ਭਾਰਤ ਵਰਸ਼ ਦੇ ਨਾਮ ਦੇ ਮਾਰ ਨ੍ਹਾਰੇ, ਦੂਰੋਂ ਰਹੇ ਸਨ ਸੈਨਤਾਂ ਮਾਰ ਸਾਨੂੰ।
ਪਕੜ ਲਏ ਪੁਲੀਸ ਦੇ ਬੋਟ ਨੇ ਆ, ਖਬਰ ਨਹੀਂ ਸੀ ਕੀ ਇਸਰਾਰ (ਭੇਤ) ਸਾਨੂੰ।
ਬਾਤ ਚੀਤ ਨਹੀਂ ਕਰਨ ਦਾ ਹੁਕਮ ਤੁਮਕੋ, ਇੱਕ ਕੇਹਾ ਗੋਰੇ ਹਾਕ ਮਾਰ ਸਾਨੂੰ।
ਅਸੀਂ ਪੁਛਿਆ ਅਸਾਂ ਕੀ ਖ਼ੂਨ ਕੀਤਾ, ਕਰੜਾ ਹੁਕਮ ਕਿਓਂ ਲਾਇਆ ਸਰਕਾਰ ਸਾਨੂੰ।
ਚੁੱਪ ਰਹੋ ਬਦਮਾਸ਼! ਜਵਾਬ ਆਇਆ, ਆਹ! ਫਿਰ ਗਈ ਦਿਲਾਂ ਵਿੱਚ ਤਾਰ ਸਾਨੂੰ।
ਭਲਾ ਕਰ ਕੀ ਸਕਦੇ ਸਾਂ ਓਸ ਵੇਲੇ, ਸ਼ੇਰ ਬੰਦ ਸਾਂ ਜੰਦਰੇ ਮਾਰ ਸਾਨੂੰ।



ਸੁੱਕੇ ਨਹੀਂ ਜਾਂਦੇ ਏਸ ਹੱਦ ਵਿਚੋਂ, ਦਿੱਸੇ ਜ਼ੁਲਮ ਦੇ ਐਨ ਆਸਾਰ (ਨਸ਼ਾਨ) ਸਾਨੂੰ।
ਬੋਟ ਪਕੜ ਲੈ ਗਏ ਭਾਈਆਂ ਔਂਦਿਆਂ ਦਾ, ਗੋਯਾ ਜੀਉਂਦਿਆਂ ਨੂੰ ਗਏ ਮਾਰ ਸਾਨੂੰ।
ਨਾ ਉਹ ਮਿਲੇ ਨਾ ਕੀਤੀਆਂ ਮੂਲ ਗੱਲਾਂ, ਰਹੇ ਦਿਲਾਂ ਦੇ ਦਿਲੀ ਗੁਬਾਰ ਸਾਨੂੰ।
ਯਾਰੋ ਬਿਨਾਂ ਕਸੂਰ ਦੇ ਬੰਦ ਕੀਤੇ, ਸ਼ੈਦ ਸਮਝਿਆ ਕੀ ਡਾਕੇ ਮਾਰ ਸਾਨੂੰ।
ਨਾ ਕੋਈ ਪੁਛਦਾ ਤੇ ਨਾ ਕੋਈ ਦਸਦਾ ਈ, ਦਿਸੇ ਜ਼ੁਲਮ ਦਾ ਅੰਧ ਗੁਬਾਰ ਸਾਨੂੰ।
ਆਖਰ ਤੋਰ ਵਿਕਟੋਰੀਓਂ ਲਿਆ ਬੇੜਾ, ਅੱਧੀ ਰਾਤ ਕਾਲੀ ਧੁੰਦੂ ਕਾਰ ਸਾਨੂੰ।
ਨਾ ਕੁਛ ਪੁਛਯਾ ਹਾਲ ਨਮਾਣੇਆਂ ਦਾ, ਦਸਨ ਨਹੀਂ ਲੈ ਚਲੋ ਕਿਸ ਬਾਰ ਸਾਨੂੰ।
ਦੂਜੇ ਰੋਜ ਵੈਨਕੋਵਰ ਆਨ ਪੌਹੰਚੇ, ਦੂਰ ਖੜਾ ਕੀਤਾ ਬਾਹਰ ਵਾਰ ਸਾਨੂੰ।
ਪੰਜ ਸਤ ਹਜਾਰ ਗਜ ਫਾਸਲੇ ਤੇ, ਕੀਤਾ ਬੰਦ ਪਾਨੀ ਵਿਚਕਾਰ ਸਾਨੂੰ।
ਪਹਰੇ ਵਿਚ ਜਹਾਜ ਦੇ ਵਾੜ ਦਿੱਤੇ, ਬਾਹਰ ਬੋਟ ਲਾਏ ਪੈਹਰੇਦਾਰ ਸਾਨੂੰ।
ਕਿਸ ਨੂੰ ਦੱਸੀਏ ਦੁਖ ਦਾ ਹਾਲ ਯਾਰੋ, ਕੋਈ ਪੁਛਦਾ ਨਾ ਗਮਖੁਆਰ ਸਾਨੂੰ।
ਬਾਤ ਚੀਤ ਕਰਨੋ ਆਪ ਬੰਦ ਕੀਤਾ, ਖ਼ੂਬ ਟਕਰੀ ਨੇਕ ਸਰਕਾਰ ਸਾਨੂੰ।
ਬੇੜੀ ਵਿਚ ਆ ਕੇ ਕੋਈ ਨਹੀਂ ਮਿਲਸੀ, ਕਿਹਾ ਹਿੰਦੀਓ ਤੁਸਾਂ ਲਲਕਾਰ ਸਾਨੂੰ।
ਕੰਢੇ ਜਾਉਨੇ ਦਾ ਯਾਰੋ ਹੁਕਮ ਨਹੀਂ, ਲਾਯਾ ਹੁਕਮ ਕਰੜਾ ਸਰਕਾਰ ਸਾਨੂੰ।
ਪਾਨੀ ਅੰਨ ਮੁਕਾ, ਲੰਗਰ ਮਸਤ ਹੋਇਆ, ਕੋਈ ਪੁਛਦਾ ਨਾ ਖ਼ਬਰ ਸਾਰ ਸਾਨੂੰ।
ਪਾਣੀ ਪੀਣ ਨੂੰ ਨਾ ਅੱਨ ਖਾਣ ਨੂੰ ਨਾ, ਰਿਹਾ ਮਸਤ ਲੰਗਰ ਦਿਨ ਚਾਰ ਸਾਨੂੰ।
ਯਾਰੋ ਵਿਚ ਪਰਦੇਸ ਦੇ ਸੁਰਤ ਆਵੇ, ਫਾਕੇ ਕਟਨੇ ਪਏ ਕਈ ਬਾਰ ਸਾਨੂੰ।
ਪਏ ਦੁਖ ਤੇ ਦੁਖ ਹਜਾਰ ਸੈਹਣੇ, ਆਹ ਬਿਨਾ ਯਾਰੋ — ਮਦਦਗਾਰ ਸਾਨੂੰ।
ਨਾ ਤੇ ਆਪ ਦੇਂਦੇ ਤੇ ਨਾ ਲੇਣ ਦੇਂਦੇ, ਰਾਸ਼ਨ ਭਾਈਆਂ ਤੇ ਕਰਦੇ ਲਚਾਰ ਸਾਨੂੰ।
ਰਾਸ਼ਨ ਹਿੰਦੀਆਂ ਦਾ ਗਵਰੰਮੰਟ ਦੇਵੇ, ਹਥੀਂ ਆਪਣੀ ਵਾਹ! ਕਰੇ ਪਿਆਰ ਸਾਨੂੰ।
ਹਿੰਦੀ ਹੋਣ ਨਾ ਜੇ ਵਿਚ ਵੈਨਕੋਵਰ, ਜ਼ਾਲਮ ਠੀਕ ਦਿੰਦੇ ਭੁਖੇ ਮਾਰ ਸਾਨੂੰ।
ਵਾਂਗ ਕੁਕੜਾਂ ਦੇ ਸਾਨੂੰ ਬੰਦ ਕੀਤਾ, ਸ਼ਾਇਦ ਸਮਝਿਆ ਈ ਵਫਾਦਾਰ ਸਾਨੂੰ।
ਇਕ ਦਿਨ ਦੇਣ ਰਾਸ਼ਨ ਸਤ ਦਿਨ ਬੰਦ ਰਖਣ, ਦਿੰਦੇ ਦੁਖ ਬੇਤਰਸ ਹਜ਼ਾਰ ਸਾਨੂੰ।
ਚਿੱਠੀ ਭੇਜਦੇ ਤਾਂ ਬਾਹਰ ਨਹੀਂ ਦਿੰਦੇ, ਪਾੜ ਕਹਣ ਭੁਲ ਗਈ ਵਿਚਾਰ ਸਾਨੂੰ।
ਨਾਲੇ ਵਿਚ ਅਖਬਾਰਾਂ ਦੇ ਲਿਖਨ ਝੂਠਾ, ਬੜੇ ਖੁਸ਼ੀ ਹਨ ਤਯਾਰ ਬਰ ਤਯਾਰ ਸਾਨੂੰ।
ਰੌਲਾ ਪੌਣ ਆਖਰ ਹਿੰਦੀ ਕਰਨ ਕੁਨਕੇ (ਕੜਾਹ ਪ੍ਰਸਾਦ), ਵਿਚੇ ਵਿੱਚ ਦਿੱਤਾ ਭੁੱਖੇ ਮਾਰ ਸਾਨੂੰ।
ਯਾਰੋ ਰੈਹਮ ਇਨਸਾਫ ਕਾਨੂੰਨ ਕੁਛ ਨਾ, ਦੁਖੀ ਕਰਨ ਦਿਨ ਰਾਤ ਬਿਸੀਆਰ ਸਾਨੂੰ।
ਇਕ ਦਿਨ ਗੁੰਦਣਾ ਗੁੰਦਿਆ ਜ਼ਾਲਮਾਂ ਨੇ, ਲੱਗੀ ਮੂਲ ਨਾਹੀਂ ਖਬਰ ਸਾਰ ਸਾਨੂੰ।
ਅੱਧੀ ਰਾਤ ਵੇਲੇ ਧਾਵਾ ਉੱਠ ਕੀਤਾ, ਕਹਿਣ ਛਡਨਾ ਨਹੀਂ, ਦੇਣਾ ਮਾਰ ਸਾਨੂੰ।
ਅਸੀਂ ਕਿਹਾ ਮੁੜ ਜਾਵਾਂਗੇ ਦੇਵੋ ਰਾਸ਼ਨ, ਸੱਚੇ ਕਰੋ ਖਾਂ ਕੌਲ ਇਕਰਾਰ ਸਾਨੂੰ।
ਕੌਣ ਪੁਛਦਾ ਹੈ ਚੜ੍ਹਿਆ ਜੋਸ਼ ਸਾਨੂੰ, ਲੱਗੇ ਕਰਨ ਸਿਰ ਤੇ ਮਾਰੋ ਮਾਰ ਸਾਨੂੰ।
ਫੌਜੀ ਚਾਰ ਸੌ ਬੰਦੇ ਤੇ ਰਾਤ ਅੱਧੀ, ਸ਼ਸਤਰ ਪਹਨ ਆਏ ਕਰਨ ਬਾਹਰ ਸਾਨੂੰ।
ਅਸੀਂ ਸਮਝੇਆ ਮਰਨ ਭਲੇਰੜਾ ਏ, ਮਤਾਂ ਦੇਣਗੇ ਏਹ ਹੱਥੀ ਮਾਰ ਸਾਨੂੰ।
ਕਿਵੇਂ ਪੌਹੰਚਾਂਗੇ ਰਾਸ਼ਨ ਕੋਲ ਹੈ ਨਹੀਂ, ਲੰਮਾ ਪੰਧ ਜਾਪਾਨ ਵਿਚਕਾਰ ਸਾਨੂੰ।

ਇਕ ਭੁਖ ਪਿਆਸ ਦੇ ਮਾਰੇ ਹੋਏ ਸਾਂ, ਹੋਰ ਦੁੱਖ ਪੈ ਗਏ ਬੇ-ਸ਼ੁਮਾਰ ਸਾਨੂੰ।
ਅਬ ਤੋਂ ਖਾਤਮਾ ਹੋਏਗਾ ਇਸੀ ਥਾਂ ਮੇਂ, ਹਥੀਂ ਆਪ ਪਹਿਲੀ ਗੋਲੀ ਮਾਰ ਸਾਨੂੰ।
ਜਦੋਂ ਵਿਚ ਜਹਾਜ਼ ਦੇ ਵੜਨ ਲਗੇ, ਦਿੱਤੇ ਰੋਕ ਮਤਾਂ ਕਰਸਨ ਖੁਯਾਰ ਸਾਨੂੰ।
ਸਾਡੇ ਹੱਥ ਖਾਲੀ ਉਹਨਾ ਕੋਲ ਸ਼ਸਤਰ, ਆਏ ਮਾਰਨੇ ਨੂੰ ਨੀਯਤ ਧਾਰ ਸਾਨੂੰ।
ਅਸੀਂ ਸੋਚਿਆ ਮਰੇ ਹੁਨ ਦੋਹੀਂ ਪਾਸੀਂ, ਜੇ ਨਾ ਲੜੇ ਤਾਂ ਭੀ ਦੇਸਣ ਮਾਰ ਸਾਨੂੰ।
ਏਹੋ ਸੋਚ ਕੇ ਖਾਲਸਾ ਤਿਯਾਰ ਹੋਇਆ, ਕਰਨੇ ਕੋਲੇਆਂ ਦੇ ਪਏ ਵਾਰ ਸਾਨੂੰ।
ਹਿੰਦੂ ਸਿੱਖ ਉੱਠੋ ਬੱਚੇ ਗਾਜ਼ੀਆਂ ਦੇ, ਯਾਰੋ ਖੂਨ ਆਯਾ ਜੋਸ਼ ਮਾਰ ਸਾਨੂੰ।
ਉੱਠੇ ਸ਼ੇਰ ਜਵਾਨ ਪਠਾਣ ਬਾਂਕੇ, ਅੱਗੇ ਹੋ ਲੜਦੇ ਧੱਕੇ ਮਾਰ ਸਾਨੂੰ।
ਆਹਾ ਕੱਠ ਕੀਤਾ ਡਾਹਢਾ ਹਿੰਦੀਆਂ ਨੇ, ਕੌਮੀ ਖੂਨ ਆਇਆ ਜੋਸ਼ ਮਾਰ ਸਾਨੂੰ।
ਇਕ ਦੂਸਰੇ ਤੇ ਅੱਗੇ ਹੋਏ ਲੜਦੇ, ਸੱਦੇ ਮੌਤ ਦੂਰੋਂ ਹਾਕਾਂ ਮਾਰ ਸਾਨੂੰ।
ਪੈਹਲੇ ਹੱਥ ਸਟੀਮ ਦੇ ਪੰਪ ਛੁਟੇ, ਉੱਤੇ ਹਿੰਦੀਆਂ ਦੇ ਧੁੰਏ ਧਾਰ ਸਾਨੂੰ।
ਅਸਾਂ ਰਖਿਆ ਸੀਸ ਨੂੰ ਤਲੀ ਉੱਤੇ, ਕੇਹੜਾ ਸਕਦਾ ਸੀ ਭਲਾ ਮਾਰ ਸਾਨੂੰ।
ਗੋਰੇ ਚੜ੍ਹਨ ਨਾ ਦਿੱਤੇ ਜਹਾਜ਼ ਉਤੇ, ਤਾਂ ਫਿਰ ਗੋਲੀਆਂ ਦੇ ਕੀਤੇ ਵਾਰ ਸਾਨੂੰ।
ਅੱਗੇ ਹੋਏ ਉਹ ਗੋਲੀਆਂ ਮਾਰਦੇ ਸਨ, ਜੇਹੜੇ ਦਿਸਦੇ ਸਨ ਡਾਹਡੇ ਯਾਰ ਸਾਨੂੰ।
ਅਸੀਂ ਕੋਲੇਆਂ ਨਾਲ ਜਵਾਬ ਦਿੱਤਾ, ਨਜ਼ਰ ਆ ਗਈ ਭੇਡਾਂ ਦੀ ਹਾਰ ਸਾਨੂੰ।
ਜਖ਼ਮੀ ਹੋ ਗਏ ਕਈ ਜਵਾਨ ਭਾਵੇਂ, ਐਪਰ ਜਿਤ ਦਿੱਤੀ ਕਰਤਾਰ ਸਾਨੂੰ।
ਅੱਧੀ ਰਾਤ ਸਾਡੇ ਉਤੇ ਹੋਊ ਧਾਵਾ, ਇਸ ਗੱਲ ਦੀ ਸੀਗੀ ਕੀ ਸਾਰ ਸਾਨੂੰ।
ਸ਼ੈਹਰ ਵਿੱਚ ਮਾਰੋ ਮਾਰੋ ਪਵੇ ਰੌਲਾ, ਸਾਰਾ ਹਾਲ ਦਿਸੇ ਸੁਬਹ-ਸਾਰ ਸਾਨੂੰ।
ਸੱਦ ਪਲਟਨਾਂ ਤਿਯਾਰ ਬਰ ਤਿਯਾਰ ਹੋ ਗਏ, ਆਦਮ ਨਜ਼ਰ ਆਵੇ ਬੇਸ਼ੁਮਾਰ ਸਾਨੂੰ।
ਪਈ ਲਿਸ਼ਕਦੀ ਤੇਗ ਪਰ ਤੇਗ ਦਿਸੇ, ਰੋਕੇ ਦਿਸਨ ਵੀਰੋ ਚਾਰੇ ਬਾਰ ਸਾਨੂੰ।
ਸਦ ਬੋਟ ਲੜਾਈ ਦੇ ਜਮਾਂ ਕੀਤੇ, ਮੌਤ ਪਈ ਤੱਕੇ ਝਾਤੀ ਮਾਰ ਸਾਨੂੰ।
ਖਬਰ ਨਹੀਂ ਕਿਥੋਂ ਆਦਮ ਟੁਟ ਆਯਾ, ਖੜੇ ਦੇਖ ਦੇ ਲੋਕ ਹਜ਼ਾਰ ਸਾਨੂੰ।
ਕਿੰਗ ਜਾਰਜ, ਤਾਈਂ ਅਸੀਂ ਤਾਰ ਭੇਜੀ, ਰਖ ਜਾਣਦਾ ਜੇ ਵਫਾਦਾਰ ਸਾਨੂੰ।
ਤਾਰਾਂ ਭੇਜੀਆਂ ਡੀਊਕ ਕਨਾਟ ਵੱਲੋਂ, ਅਸੀਂ ਮਰਦੇ ਹਾਂ ਬਿਨਾ ਮਦਦਗਾਰ ਸਾਨੂੰ।
ਅਸੀਂ ਸੋਚਾਂਗੇ ਤੁਸਾਂ ਦੇ ਹਾਲ ਵੱਲੋਂ, ਏਹ ਜੁਆਬ ਦੇਵੇ ਸਰਕਾਰ ਸਾਨੂੰ।
ਅਸੀਂ ਮਰ ਰਹੇ ਤੇ ਉਧਰ ਸੋਚ ਹੋਵੇ, ਬਸ ਦਿਸ ਪਏ ਭੈੜੇ ਆਸਾਰ ਸਾਨੂੰ।
ਅਸੀਂ ਤਾਰ ਪਰ ਤਾਰ ਖੜਕਾਉਣ ਲੱਗੇ, ਅੱਜ ਸਾਂਭੇ ਅੰਗਰੇਜ਼ੀ ਸਰਕਾਰ ਸਾਨੂੰ।
ਹਮ ਟੋ ਕੁਛ ਨਹੀਂ ਕਰ ਸਕਦੇ ਮਦਦ ਟੁਮਾਰੀ, ਏਹ ਜਾਵਾਬ ਆਯਾ ਆਖਰਕਾਰ ਸਾਨੂੰ।
ਯਾਰੋ ਕਿਹਾ ਅੰਧੇਰੀ ਨੇ ਜ਼ੋਰ ਪਾਯਾ, ਚਾਰੋਂ ਤਰਫ ਦਿੱਸੇ ਧੰਦੂਕਾਰ ਸਾਨੂੰ।
ਹਰ ਇੱਕ ਤਰਫ ਤਿਯਾਰੀਆਂ ਮਾਰਨੇ ਦੀਆਂ, ਕੋਈ ਦਿਸਦਾ ਨਹੀਂ ਮਦਦਗਾਰ ਸਾਨੂੰ।
ਲਖਾਂ ਕਟ ਮੁਸੀਬਤਾਂ ਅਸੀਂ ਆਏ, ਅੱਗੇ ਦੁਖ ਤੇ ਦੁਖ ਹਜ਼ਾਰ ਸਾਨੂੰ।
ਕੋਈ ਸੁਣੇ ਨਾ ਅਸਾਂ ਨਮਾਣਿਆਂ ਦੀ, ਹਰ ਇੱਕ ਕਰੇ ਦੁਰਕਾਰ ਦੁਰਕਾਰ ਸਾਨੂੰ।
ਜਿਸ ਦੇ ਲਈ ਜਾਨਾਂ ਬੇਚ ਰਹੇ ਲੜਦੇ, ਭੁਲ ਗਈ ਅੰਗਰੇਜੀ ਸਰਕਾਰ ਸਾਨੂੰ।
ਤੋਪਾ ਬੀੜੀਆਂ ਅਸਾਂ ਨਿਰਦੋਸਿਆਂ ਤੇ, ਦਿੰਦੇ ਦੁੱਖ ਡਾਹਡੇ ਸਿਤਮਗਾਰ ਸਾਨੂੰ।



ਅਸੀਂ ਤਿੰਨ ਸੌ ਬਿਨਾ ਹਥਿਆਰ ਹਿੰਦੀ, ਮਾਰਨ ਆ ਗਏ ਕਈ ਹਜ਼ਾਰ ਸਾਨੂੰ।
ਕੇਹੜਾ ਜੰਮਿਆਂ ਸੀ ਸਾਨੂੰ ਮੋੜ ਦਿੰਦਾ, ਗਵਰੰਮਿੰਟ ਹੁੰਦੀ ਮਦਦਗਾਰ ਸਾਨੂੰ।
ਕੀ ਸੀ ਤਾਕਤ ਕੈਨੇਡੇ ਦੀ ਬੋਲਨੇ ਦੀ, ਜੇ ਫਰੰਗ ਨਾ ਕਰਦਾ ਖੁਆਰ ਸਾਨੂੰ।
ਮੁਦਾ ਅੱਜ ਸਾਰਾ ਭੇਦ ਜਹਿਰ ਹੋਇਆ, ਦੇਵੇ ਦੁਖ ਏਹ ਆਪ ਬਦਕਾਰ ਸਾਨੂੰ।
ਕਾਬੁਲ ਵਿਚ ਭਾਈਆਂ ਨਾਲ ਅਸੀਂ ਲੜਦੇ, ਭੁਲੀ ਨਹੀਂ ਚਤਰਾਲ ਦੀ ਵਾਰ (war) ਸਾਨੂੰ।
ਅਸੀਂ ਚੀਨ ਅਫਰੀਕਾ ਨੂੰ ਫਤੇ ਕੀਤਾ, ਸਾਡੇ ਕਰਤਬਾਂ ਨੇ ਲਿਆ ਮਾਰ ਸਾਨੂੰ।
ਭਾਈਆਂ ਨਾਲ ਲੜਕੇ ਅਸੀਂ ਵੈਰ ਪਾਇਆ, ਭਰਨੀ ਪਈ ਕੀਤੀ ਸਾਡੀ ਕਾਰ ਸਾਨੂੰ।
ਖਾ ਖਾ ਗੋਲੀਆਂ ਰਾਜ ਨੂੰ ਕਾਇਮ ਕੀਤਾ, ਜ਼ਾਲਮ ਨਜ਼ਰ ਆਇਆ ਦਗੇਦਾਰ ਸਾਨੂੰ।
ਖੂਨ ਸੁਕਿਆ ਨਹੀਂ ਸਾਡਾ ਜ਼ਿਮੀ ਉਤੋਂ, ਪਏ ਦੁਖ ਸੀ ਜੋ ਬੇਸ਼ੁਮਾਰ ਸਾਨੂੰ।
ਜਾਨਾਂ ਬੇਚ ਬੈਠੇ ਯਾਰੋ ਭੰਗ ਭਾਣੇ, ਵੀਰੋ ਅਜ ਲਗੀ ਖ਼ਬਰਸਾਰ ਸਾਨੂੰ।
ਯਾਰੋ ਜੀਉਣੇ ਦਾ ਕਾਹਦਾ ਹਜ ਸਾਡਾ, ਦੁਰੇ ਦੁਰੇ ਕਰਦਾ ਸਨਸਾਰ ਸਾਨੂੰ।
ਸਾਡਾ ਹਕ ਕੀ ਏ ਮੁਲਕਾਂ ਦੂਜਿਆਂ ਵਿੱਚ, ਮੁਲਕ ਵਿਚ ਲਗਣ ਧਕੇ ਚਾਰ ਸਾਨੂੰ।
ਆਪੇ ਕਰੇ ਇਜ਼ਤ ਸਾਰਾ ਦੇਸ਼ ਸਾਡੀ, ਮੁਲਕੀ ਰਾਜ ਹੋਵੇ ਖ਼ੁਦ ਮੁਖਤਾਰ ਸਾਨੂੰ।
ਸਾਡਾ ਰਾਜ ਹੋਵੇ ਸਾਡਾ ਭਾਗ ਹੋਵੇ, ਫੇਰ ਕਰੇ ਹਰ ਇੱਕ ਕਿਉਂ ਨਾ ਪਿਆਰ ਸਾਨੂੰ।
ਫਾਇਦਾ ਨਹੀਂ ਦੂਜੇ ਦੇਸੀਂ ਆਉਣੇ ਦਾ, ਲਭੀ ਅਜ ਹੈ ਠੀਕ ਵਿਚਾਰ ਸਾਨੂੰ।
ਪੈਸਾ ਬੌਹਤ ਯਾਰੋ ਸਾਡੇ ਦੇਸ ਅੰਦਰ, ਲੁਟੀ ਜਾਵੇ ਫਰੰਗੀ ਸਰਕਾਰ ਸਾਨੂੰ।
ਵਿਦਵਾਨ ਰੁਲਦੇ ਜੇਹਲਾਂ ਵਿੱਚ ਸਾਡੇ, ਕਰਨੀ ਮਿਲੇ ਨਾ ਹਾਲ ਪੁਕਾਰ ਸਾਨੂੰ।
ਲਖਾਂ ਜੰਗ ਕੀਤੇ ਖਾਤਰ ਦੁਸ਼ਮਣ ਦੀ, ਤਾਂਹੀ ਪਈ ਬਾਜ਼ੀ ਵਿਚੋਂ ਹਾਰ ਸਾਨੂੰ।
ਜੇ ਕਰ ਬੋਲਦੇ ਹਾਂ ਬਾਗ਼ੀ ਕਹਣ ਸਾਨੂੰ, ਜ਼ਰਾ ਪੁਛਦੇ ਨਹੀਂ ਖਬਰ ਸਾਰ ਸਾਨੂੰ।
ਭੁਖੇ ਮਰਦੇ ਹਾਂ ਕਾਲ ਪਲੇਗ ਪਾਈ, ਕਰਦੇ ਦੇਸ ਪਰਦੇਸ ਖੁਆਰ ਸਾਨੂੰ।



ਮੁਨਸ਼ਾ ਸਿੰਘ 'ਦੁੱਖੀ'

'ਗ਼ਦਰ ਦੀ ਗੂੰਜ' ਵਿੱਚੋਂ, ਲੇਖਕ: (ਬਾਬਾ) ਮੁਨਸ਼ਾ ਸਿੰਘ 'ਦੁੱਖੀ'

5

## ਪੁਠੇ ਪੈਰੀਂ ਵਾਪਸ: ਸਰਕਾਰ ਹੋਈ ਪੱਬਾਂ ਭਾਰ

ਹਿੰਦੋਸਤਾਨੀਓ ਹੁਣ ਕੇਹੀ ਦੇਰ ਲਾਈ, ਦੁਸ਼ਮਣ ਕਈ ਕਰ ਚੁਕਾ ਹੈ ਵਾਰ ਸਾਨੂੰ।
ਚਲੋ ਗ਼ਦਰ ਕਰੀਏ ਚਲ ਮੁਲਕ ਅੰਦਰ, ਲਗੀ ਅਜ ਪੰਜਾਬੀਓ ਸਾਰ ਸਾਨੂੰ।
ਮਾਰ ਮਾਰ ਭਰਾਵਾਂ ਦੇ ਆਣ ਲਾਹੇ, ਆਈ ਜ਼ਰਾ ਨਾ ਯਾਰੋ ਵਿਚਾਰ ਸਾਨੂੰ।
ਖਾ ਖਾ ਗੋਲੀਆਂ ਲੜੇ ਫਰੰਗ ਖਾਤਰ, ਯਾਰੋ ਲਿਆ ਭਲੇਖੇ ਨੇ ਮਾਰ ਸਾਨੂੰ।
ਆਓ ਹਿੰਦੀਓ ਹੁਣ ਰਲ ਕੇ ਗ਼ਦਰ ਕਰੀਏ, ਹੋਣਾ ਗ਼ਦਰ ਬਿਨ ਨਹੀਂ ਛੁਟਕਾਰ ਸਾਨੂੰ।
ਪੜ੍ਹਨੇ ਸੁਣਨ ਵਾਲੇ ਹਿੰਦੋਸਤਾਨ ਵੀਰੋ, ਕੋਈ ਦੱਸੋ ਖਾਂ ਨੇਕ ਵਿਚਾਰ ਸਾਨੂੰ।
ਸਾਡੇ ਵੀਰਨੋ ਤੁਸੀਂ ਬੇਖ਼ਤਰ ਰਹਿਣਾ, ਅਸੀਂ ਆਪਣੇ ਹੱਥ ਦਿਖਾ ਦਿਆਂਗੇ।
ਜਿਵੇਂ ਅਸਾਂ ਨੂੰ ਇੰਨੀ ਤਕਲੀਫ਼ ਦਿੱਤੀ, ਮਜ਼ਾ ਏਸ ਦਾ ਅਸੀਂ ਚਖਾ ਦਿਆਂਗੇ।
ਸੇਧਾਂ ਕੀਤੀਆਂ ਅਸਾਂ ਨੇ ਦੇਸ ਵੰਨੀ, ਚਲਕੇ ਮੁਲਕ ਅੰਦਰ ਡੇਰਾ ਲਾ ਦਿਆਂਗੇ।
ਚੁਪ ਚਾਪ ਨਹੀਂ ਬੈਠਦੇ ਦੇਖ ਲੈਣਾ, ਆਫਤ ਕੋਈ ਨਾ ਕੋਈ ਲਿਆ ਦਿਆਂਗੇ।
ਅਸੀਂ ਤਲੀ ਪਰ ਰਖਿਯਾ ਸੀਸ ਆਪਨਾ, ਕੇਰਾਂ ਹਿੰਦ ਵਿੱਚ ਗ਼ਦਰ ਮਚਾ ਦਿਆਂਗੇ।
ਜੀਉਂਦੀ ਜਾਨ ਨਹੀਂ ਕਦੇ ਵੀ ਪਿਛਾਂ ਹਟਦੇ, ਜਿਨਾਂ ਜ਼ੋਰ ਲਗੂ ਵਾਹ ਲਾ ਦਿਆਂਗੇ।
ਕਰਦੇ ਮਿੰਨਤ ਨਹੀਂ ਅਸੀਂ ਬਦਮਾਸ਼ ਦੀ ਹੁਣ, ਡੰਡਾ ਮਾਰ ਕੇ ਮੂੰਹ ਭਵਾ ਦਿਆਂਗੇ।
ਧਨ ਲਗ ਚੁਕਾ ਮਨ ਭੀ ਹਈ ਏਥੇ, ਰਹਿੰਦਾ ਸੀਸ ਬਾਕੀ ਏਹ ਭੀ ਲਾ ਦਿਆਂਗੇ।
ਹੁਣ ਨਹੀਂ ਵਫਾਦਾਰੀ ਵਾਲੇ ਗੀਤ ਗੌਂਦੇ, ਚਲ ਦੇਸ ਅੰਦਰ ਰੌਲਾ ਪਾ ਦਿਆਂਗੇ।
ਕੰਨੋਂ ਫੜ ਫੜ ਕੇ ਜਦ ਗੋਰੇ ਬਾਹਰ ਕਢੇ, ਅਸੀਂ ਆਪਨਾ ਜੋਰ ਦਿਖਲਾ ਦਿਆਂਗੇ।
ਕਤਲ ਆਮ ਕੀਤੀ ਜਦੋਂ ਪਾਜੀਆਂ ਦੀ, ਤਦੋਂ ਜ਼ੁਲਮ ਦਾ ਸਬਕ ਸਖਲਾ ਦਿਆਂਗੇ।
ਜ਼ਬਾਂ ਕਟ ਫਰੰਗ ਦੀ ਸਟ ਦੇਈਏ, ਕਾਲਾ ਲੋਕ, ਬਸ ਕਹਿਣੋਂ ਹਟਾ ਦਿਆਂਗੇ।
ਜਿੰਨਾਂ ਅਜ ਸਾਡੇ ਨਾਲ ਜ਼ੁਲਮ ਹੋਇਆ, ਗਿਣ ਗਿਣ ਦੂਣਿਆਂ ਨੂੰ ਬਿਲੇ ਲਾ ਦਿਆਂਗੇ।
ਸਾਨੂੰ ਕਸਮ ਸਰੀਰ ਦੀ ਹਿੰਦ ਵੀਰੋ, ਜਿੰਨਾ ਜ਼ੁਲਮ ਹੋਇਆ ਬਟਾ ਲਾਹ ਦਿਆਂਗੇ।
ਹਿੰਦੀ ਮਰੇ ਨਹੀਂ ਹੈ ਅਜੇ ਜਿੰਦ ਬਾਕੀ, ਸਾਰੇ ਜਗ ਨੂੰ ਸਾਫ ਦਿਖਲਾ ਦਿਆਂਗੇ।
ਨਹੀਂ ਬਾਪ ਦਾਦੇ ਵਾਲਾ ਖੂਨ ਸੁਕਾ, ਵੀਰੋ ਪਤਾ ਫਰੰਗ ਨੂੰ ਲਾ ਦਿਆਂਗੇ।
ਸਾਨੂੰ ਵਿਚ ਮੈਦਾਨ ਦੇ ਖੜ੍ਹੇ ਸਮਝੋ, ਪਾਜੀ ਬਕਰੇ ਵਾਂਗ ਝਟਕਾ ਦਿਆਂਗੇ।
ਮੁਸਲਮਾਨ, ਹਿੰਦੂ, ਸਿਖ ਰਲ ਸਾਰੇ, ਬੇਈਮਾਨ ਦਾ ਬੀਜ ਮਿਟਾ ਦਿਆਂਗੇ।
ਅਸੀਂ ਜੀਉਂਦੇ ਹਾਂ ਬਚੇ ਗ਼ਾਜ਼ੀਆਂ ਦੇ, ਬਦਲਾ ਤੁਰਕੀ, ਈਰਾਨ ਦਾ ਲਾਹ ਦਿਆਂਗੇ।
ਮੁਸਲਮਾਨ ਹਿੰਦੂ ਜਿਵੇਂ ਪਾੜ ਮਾਰੇ, ਜਲਦੀ ਪਤਾ ਫਰੰਗ ਨੂੰ ਲਾ ਦਿਆਂਗੇ।
ਉਠੋ ਹਿੰਦੀਓ ਤਯਾਰ ਬਰ ਤਯਾਰ ਹੋ ਜਾਓ, ਅਸੀਂ ਆਪਣੀ ਡੀਊਟੀ ਬਜਾ ਦਿਆਂਗੇ।



*'ਦੁਖੀ'* ਮਿਟਨ ਵਾਲੇ ਦਾਗ ਨਹੀਂ ਸਾਡੇ, ਕਢੇ ਬੋਲ ਜ਼ੁਬਾਨੋ ਨਿਭਾ ਦਿਆਂਗੇ।
(ਗ਼ਦਰ ਦਾ ਸਿਪਾਹੀ ਇੱਕ ਦੁਖੀਆ ਮੁਸਾਫਰ, 6-13-1-20 ਅਕਤੂਬਰ 1914)
'ਗ਼ਦਰ ਦੀ ਗੂੰਜ' ਵਿੱਚੋਂ, ਲੇਖਕ: (ਬਾਬਾ) ਮੁਨਸ਼ਾ ਸਿੰਘ 'ਦੁੱਖੀ'



ਦੋ ਮਹੀਨਿਆਂ ਦੀ ਖਜਲ-ਖਆਰੀ ਪਿਛੋਂ ਮੁਸਾਫਰਾਂ ਨੂੰ ਵੈਨਕੂਵਰੋਂ 23 ਜੁਲਾਈ 1914 ਨੂੰ ਸਵੇਰੇ 5.30 ਵਜੇ ਕੇਵਲ ਵਾਪਸੀ ਸਫ਼ਰ ਲਈ ਰਾਸ਼ਨ-ਪਾਣੀ ਦੇ ਕੇ ਵਾਪਸ ਮੋੜ ਦਿੱਤਾ ਗਿਆ; ਰਾਸ਼ਨ-ਪਾਣੀ ਦੀ ਇਸ ਨਿਗੂਣੀ ਰਿਆਇਤ ਨੂੰ ਵੀ ਹਾਕਮਾਂ ਨੇ ਪਿਛੋਂ ਜਾਕੇ ਇਉਂ ਪਰਚਾਰਿਆ ਕਿ ਇਸ 'ਪ੍ਰਾਪਤੀ' ਨੇ ਇਹਨਾਂ ਨਾਸ਼ੁਕਰੇ ਭਾਰਤੀਆਂ ਨੂੰ ਐਨਾ ਭੂਏ ਕਰ ਦਿੱਤਾ ਕਿ ਉਹ ਸਰਕਾਰ ਨਾਲ ਲੋਹਾ ਲੈਣ ਦੇ ਸੁਪਨੇ ਵੇਖਣ ਲੱਗ ਪਏ ਸਨ।

ਵੈਸੇ ਜੇ ਗੱਲ ਏਥੇ ਹੀ ਮੁਕ ਜਾਂਦੀ ਤਾਂ ਵੀ ਸ਼ਾਇਦ ਮੁਸਾਫਰ ਇਸ ਨੂੰ ਕੁੱਝ ਚਿਰ ਪਿਛੋਂ ਭੁਲ ਵਿਸਰ ਜਾਂਦੇ ਅਤੇ ਦੇਸ਼ਵਾਸੀ ਵੀ ਇਹਨੂੰ ਉਸ ਤੀਬਰਤਾਂ ਨਾਲ ਯਾਦ ਨਾ ਰੱਖਦੇ, ਦੂਜੇ ਸ਼ਬਦਾਂ 'ਚ, ਜੇ ਇਹਨਾਂ ਨੂੰ 23 ਜੁਲਾਈ ਪਿਛੋਂ ਆਪਣੇ ਹਾਲ ਤੇ ਛੱਡ ਦਿੱਤਾ ਜਾਂਦਾ ਤਾਂ ਐਨ ਸੰਭਵ ਸੀ ਕਿ ਇਹਨਾਂ ਵਿੱਚੋਂ ਕੁਝ ਕੁ ਹੀ ਸਿੱਧੇ ਭਾਰਤ ਪਰਤਦੇ; ਉਹਦਾ ਕਾਰਨ ਇਹ ਸੀ ਕਿ ਇਹਨਾਂ ਦੀਆਂ ਜੇਬਾਂ ਲਗਭਗ ਖਾਲੀ ਸਨ, ਤੇ ਬਹੁਤਿਆਂ ਨੇ ਤਾਂ ਕਰਜ਼ੇ ਚੁਕ ਕੇ, ਜ਼ਮੀਨਾਂ-ਜਾਇਦਾਦਾਂ ਅਤੇ ਗਹਿਣੇ ਗਿਰਵੀ ਰੱਖ ਕੇ ਯਾਤਰਾ ਦੇ ਖਰਚ ਦਾ ਜੁਗਾੜ ਕੀਤਾ ਸੀ, ਤੇ ਪਿਛਲਿਆ ਨੂੰ ਇਹ ਆਸ ਸੀ ਕੀ ਇਹ ਕੈਨੇਡਾ ਪਹੁੰਚ ਕੇ ਨਾ ਸਿਰਫ ਕਰਜ਼ੇ ਆਦਿ ਚੁਕਾਉਣ ਜੋਗੇ ਡਾਲੇ ਹੀ ਲਿਆਉਣਗੇ, ਬਲਕਿ ਸਾਰੀ ਉਮਰ ਇਹਨਾਂ ਨੂੰ ਪੈਸੇ-ਧੇਲੇ ਦੀ ਤੋਟ ਨਹੀਂ ਰਹੇਗੀ; ਸੋ ਹੁਣ ਉਹ ਕਿਹੜੇ 'ਮੂੰਹ' ਨਾਲ ਘਰੀਂ ਪਰਤਦੇ ਤੇ ਲੋਕਾਂ ਨੂੰ ਕਹਿਣ ਦਾ ਮੌਕਾ ਦੇਂਦੇ "ਹੱਥ ਪਰਾਏ ਖੋਸੜੇ ਬਸੰਤੇ ਹੋਰੀਂ ਆਏ"। ਜਿਵੇਂ ਕਿ ਪਿੰਡਾਂ ਵਿੱਚ ਲਾਗ-ਡਾਟ ਦਾ ਆਮ ਵਰਤਾਰਾ ਹੈ ਇਹਨਾਂ ਨੂੰ ਤਾਂ ਮਿਹਨਿਆਂ-ਓਲਾਂਭਿਆਂ ਨੇ ਹੀ ਨਹੀਂ ਸੀ ਜਿਉਣ ਦੇਣਾ!

ਸੋ ਜਿਵੇਂ ਕਿ ਅਸੀਂ ਵੇਖਾਂਗੇ ਇਹਨਾਂ ਨਾਲ ਤਾਂ ਉਹੀ ਹੋਈ 'ਘਰੋਂ ਘਰ ਗੁਆਇਆ, ਬਾਹਰੋਂ ਭੜੂਆ ਅਖਵਾਇਆ' ਤੇ ਲੈ ਦੇ ਕੇ ਸਰਕਾਰ ਨੂੰ ਵੀ ਨਮੋਸ਼ੀ ਦਾ ਹੀ ਮੂੰਹ ਵੇਖਣਾ ਪਿਆ ਸੀ।

### ਸਰਕਾਰੀ ਪਿੱਛਲ ਝਾਤ

ਦਸੰਬਰ 1914 ਵਾਲੀ ਉੱਚ ਪੱਧਰੀ ਇਨਕੁਆਇਰੀ ਕਮੇਟੀ ਦੇ ਲਫ਼ਜ਼ਾਂ 'ਚ:—

> "23 ਜੁਲਾਈ ਵੇਲੇ ਮੁਸਾਫ਼ਰ ਐਨੇ ਭੜਕੇ ਹੋਏ ਸੀ ਕਿ ਉਹ ਵਿਦਰੋਹ ਲਈ ਤਤਪਰ ਸਨ। ਉਹਨਾਂ 'ਚੋਂ ਬਹੁਤੇ ਗਰੀਬ ਸਨ ਅਤੇ ਸਭ ਕੁਝ ਵੇਚ ਵੱਟ ਕੇ ਉਹ ਚਾਰ-ਚਾਰ, ਪੰਜ-ਪੰਜ ਸੌ ਰੁਪੈ ਲਾਕੇ ਏਥੇ ਪਹੁੰਚੇ ਸਨ। ਉਹ ਇਸ ਵਿਸ਼ਵਾਸ ਨਾਲ ਏਥੇ ਆਏ ਸਨ ਸਰਕਾਰ ਉਹਨਾਂ ਦੀ ਪਿੱਠ ਤੇ ਹੈ, ਪਰ ਹੁਣ ਲਗਭਗ ਚਾਰ ਮਹੀਨਿਆਂ ਦੀ, ਕੋਮਾਗਾਟਾ ਮਾਰੂ ਦੇ ਘੁਟਵੇਂ-ਗੰਦੇ ਮਾਹੌਲ ਵਿਚ ਨਜ਼ਰਬੰਦੀ ਪਿਛੋਂ ਉਹਨਾਂ ਨੂੰ ਵਾਪਸ ਪਰਤ ਜਾਣ ਲਈ ਮਜਬੂਰ ਕੀਤਾ ਜਾ ਰਿਹਾ ਸੀ। ਇਸ ਲਈ ਓਸ ਪੜਾਅ ਤੇ ਉਹਨਾਂ ਦੀ ਵਿਦਰੋਹੀ ਭਾਵਨਾ ਨੂੰ ਸਮਝ ਲੈਣਾ ਕੋਈ ਮੁਸ਼ਕਿਲ ਨਹੀਂ ਜਾਪਦਾ। ਜਿੱਥੋਂ ਤੀਕ ਗੁਰਦਿੱਤ ਸਿੰਘ ਦੀ ਭੂਮਿਕਾ ਦਾ ਸਵਾਲ ਹੈ, ਇਸ ਤੋਂ ਪਹਿਲਾਂ ਭਾਵੇਂ ਉਸਦਾ ਹਿੰਦ ਸਰਕਾਰ ਬਾਰੇ ਕੁੱਝ ਵੀ ਨਜ਼ਰੀਆ ਰਿਹਾ ਹੋਵੇ, ਘੱਟੋ ਘੱਟ ਹੁਣ ਤੋਂ ਚੱਲਕੇ ਤਾਂ ਉਹਨੇ ਸਰਕਾਰ ਵਿਰੁੱਧ ਜ਼ਹਿਰ ਉਗਲਣਾ ਸ਼ੁਰੂ ਕਰ ਦਿੱਤਾ: ਭਾਵੇਂ ਉਹ ਆਪਣੇ ਕੁਕਰਮਾਂ ਤੇ ਪੜਦਾ ਪਾਉਣ ਲਈ ਹੀ ਇੰਜ ਕਰ ਰਿਹਾ ਹੋਵੇ, ਪਰ ਉਹਨੇ ਆਪਣੀ ਖੇਡ ਦੇ ਵਿਗੜ ਜਾਣ ਦਾ ਸਾਰਾ ਦੋਸ਼ ਸਰਕਾਰ ਸਿਰ ਹੀ ਮੜ੍ਹਨਾ ਸਹਿਲ ਸਮਝਿਆ। ਮੁਸਾਫ਼ਰਾਂ ਦੀ ਬਾਗ਼ੀਆਨਾ ਰੌ ਨੂੰ ਭਾਂਪਦਿਆਂ ਕੈਨੇਡੀਅਨ ਹਾਕਮਾਂ ਨੇ ਜਹਾਜ਼ੀ ਕਪਤਾਨ ਨੂੰ ਮੁਸਾਫਰਾਂ ਵੱਲੋਂ ਸੰਭਾਵੀ ਹਮਲੇ ਤੋਂ ਬਚਾਅ ਲਈ ਹਥਿਆਰਾਂ ਦਾ ਪ੍ਰਬੰਧ ਕਰ ਲੈਣ ਦੀ ਵੀ ਸਲਾਹ ਦਿੱਤੀ ਸੀ।

### ਪੜਾਅ-ਵਾਰ ਵਾਪਸੀ

***(ੳ) ਹਾਂਗਕਾਂਗ***

ਜਿਵੇਂ ਕਿ ਜਾਂਦੀ ਵੇਰ ਜਹਾਜ਼ ਅਖੀਰ ਹਾਂਗ-ਕਾਂਗ ਤੋ ਹੀ ਸਿੱਧਾ ਵੈਨਕੂਵਰ ਗਿਆ ਸੀ, ਵਾਪਸੀ ਤੇ ਵੀ ਇਹਨੇ ਪਹਿਲਾਂ ਹਾਂਗ-ਕਾਂਗ ਹੀ ਰੁਕਣਾ ਸੀ; ਐਨ ਮੁਮਕਿਨ ਹੈ ਕਿ ਜੇ ਜਹਾਜ਼ ਨੂੰ ਇੱਥੇ ਲਗਣ ਦਿੱਤਾ ਜਾਂਦਾ ਤਾਂ ਮੁਸਾਫਰਾਂ ਦੀ ਵੱਡੀ ਗਿਣਤੀ ਇਥੇ ਹੀ ਜਹਾਜ਼ੋ ਲਹਿ ਜਾਂਦੀ, ਕਿਉਂਕਿ ਇਹਨਾਂ 'ਚੋਂ ਕਈ ਤਾਂ ਪਿਛਲੇ ਦੋ-ਤਿੰਨ ਸਾਲਾਂ ਤੋਂ ਰਹਿੰਦੇ ਹੀ ਇਥੇ ਰਹੇ ਸਨ।

ਪਰ ਜਦੋਂ ਹੀ ਹਾਂਗ-ਕਾਂਗ ਦੇ ਗਵਰਨਰ ਨੂੰ ਜਹਾਜ਼ ਦੀ ਵਾਪਸੀ ਦਾ ਪਤਾ ਲੱਗਾ ਤਾਂ ਉਹਨੇ ਦੁਹਾਈ ਪਾ ਦਿੱਤੀ ਤੇ ਉਹਨੇ ਫ਼ੌਰਨ ਕੈਨੇਡਾ ਦੇ ਗਵਰਨਰ ਜਨਰਲ ਨੂੰ ਤਾਰ ਦਿੱਤੀ ਕਿ ਚੂੰਕਿ ਇਥੇ 'ਹਿੰਦੂਆਂ' ਲਈ ਕੋਈ ਰੋਜ਼ਗਾਰ ਦੀ ਗੁੰਜਾਇਸ਼ ਨਹੀਂ, ਇਹਨਾਂ ਨੂੰ ਸਿੱਧਾ ਭਾਰਤ ਹੀ ਲੈ ਜਾਇਆ ਜਾਏ।



ਤਾਰ ਦਾ ਫ਼ੌਰੀ ਜਵਾਬ ਤਾਂ ਇਹੀ ਮਿਲਿਆ ਸੀ ਕਿ ਚੂੰਕਿ ਜਹਾਜ਼ ਤੁਹਾਡੀ ਡਾਕ ਮਿਲਣੋ ਪਹਿਲਾਂ ਇਥੋਂ ਜਾ ਚੁਕਾ ਸੀ, ਇਸ ਲਈ ਇਹਨਾਂ ਵਿਅਕਤੀਆਂ ਨੂੰ ਕਿਸੇ ਹੋਰ ਠਿਕਾਨੇ ਤੇ ਭੇਜੇ ਜਾਣ (deportation) ਦਾ ਆਦੇਸ਼ ਜਾਰੀ ਕਰਨਾ ਸਾਡੇ ਅਧਿਕਾਰ ਖੇਤਰ 'ਚ ਨਹੀਂ ਰਿਹਾ, ਜਿਸ ਤਹਿਤ ਅਸੀਂ ਜਹਾਜ਼ ਨੂੰ ਕਿਸੇ ਹੋਰ ਠਿਕਾਣੇ ਤੇ ਜਾਣ ਦਾ ਹੁਕਮ ਜਾਰੀ ਕਰ ਸਕੀਏ।

ਘਾਬਰੇ ਹੋਏ ਹਾਂਗ-ਕਾਂਗ ਦੇ ਗਵਰਨਰ ਨੇ ਲੰਡਨ ਸਰਕਾਰ ਵੱਲ 25 ਜੁਲਾਈ ਨੂੰ ਤਾਰ ਭੇਜੀ ਕਿ:—

"ਸਾਨੂੰ ਪਿਛੇ ਜਹੇ ਕੈਨੇਡਾ ਤੋਂ ਜੋ ਖਬਰਾਂ ਮਿਲਦੀਆਂ ਰਹੀਆਂ ਨੇ, ਉਹਨਾਂ ਮੁਤਾਬਕ ਸਿੱਖ ਯਾਤਰੀ ਉਥੋਂ ਵਾਪਸ ਭੇਜੇ ਜਾਣ (deportation) ਦਾ ਹਿੰਸਕ ਵਿਰੋਧ ਕਰਨ ਲਈ ਤੁਲੇ ਹੋਏ ਸਨ, ਤੇ ਕੈਨੇਡੀਅਨ ਸਰਕਾਰ ਉਹਨਾਂ ਨੂੰ ਵਾਪਸੀ ਸਫ਼ਰ ਖਰਚ, ਰਾਸ਼ਨ-ਪਾਣੀ ਮੁਹਈਆਂ ਕਰਾਉਣ ਦਾ ਵਾਅਦਾ ਕਰਕੇ ਮੁਸ਼ਕਿਲ ਨਾਲ ਇਹਨਾਂ ਨੂੰ ਮਗਰੋ ਲਾਹੁਣ 'ਚ ਸਫਲ ਹੋ ਸਕੀ ਸੀ। ਨਾ ਸਿਰਫ ਇਹੀ ਕਿ ਇਹਨਾਂ 'ਚੋਂ ਬਹੁ ਗਿਣਤੀ ਨੂੰ ਇਥੇ ਰੋਜ਼ਗਾਰ ਹੀ ਨਹੀਂ ਮਿਲ ਸਕਣਗੇ, ਪਰ ਉਹ ਐਸ ਵੇਲੇ ਸਿਰੇ ਦੀ ਭੜਕਾਹਟ ਦੇ ਸ਼ਿਕਾਰ ਨੇ ਤੇ ਇਹਨਾਂ ਦਾ ਇੱਥੇ ਵਿਚਰਨਾ ਇਸ ਲਈ ਵੀ ਘਾਤਕ ਸਿੱਧ ਹੋ ਸਕਦੈ ਕਿਉਂਕਿ ਉਹ ਭਾਰਤੀ ਫੌਜੀਆਂ ਨੂੰ ਜੋ ਇੱਥੇ ਵੱਡੀ ਨਫ਼ਰੀ 'ਚ ਨੇ, ਵਿਗਾੜ (Contaminate) ਸਕਦੇ ਹਨ ਤੇ ਵਸੋ ਦੇ ਖਿਲਰੇ-ਪੁਲਰੇ ਪੰਜਾਬੀ ਚੌਕਾਦਾਰ ਭਾਈਚਾਰੇ ਤੇ ਵੀ ਇਹਨਾਂ ਦਾ ਖਤਰਨਾਕ ਅਸਰ ਪੈ ਸਕਦੈ।"

ਸਚਮੁਚ ਹੀ ਮੁਸਾਫਰਾਂ ਦਾ ਰੋਮ-ਰੋਮ ਗੋਰੇ ਹਾਕਮਾਂ ਨੂੰ ਆਪਣੀ ਦੁਰਦਸ਼ਾ ਦਾ ਜ਼ਿੰਮੇਂਵਾਰ ਸਮਝ ਕੇ ਲਾਅਨਤਾਂ ਪਾ ਰਿਹਾ ਸੀ ਤੇ ਵਾਕਈ ਉਹ ਐਨੇ ਭਰੇ-ਭੀਤੇ ਸਨ ਕਿ ਉਹਨਾਂ ਸਰਕਾਰ ਵਿਰੁੱਧ ਆਪਣੀ ਭੜਾਸ ਕੱਢਣ ਦਾ ਕੋਈ ਵੀ ਮੌਕਾ ਹੱਥੋਂ ਜਾਣ ਨਹੀਂ ਸੀ ਦੇਣਾ ਤੇ ਸਰਕਾਰ ਦਾ ਉਹਨਾਂ ਪ੍ਰਤੀ ਇਹ ਤੌਖਲਾ ਬੇ-ਬੁਨਿਆਦ ਨਹੀਂ ਸੀ; ਪਰ ਕੁਲ ਮਿਲਾਕੇ ਇਹਨਾਂ ਅਭਾਗਿਆਂ ਲਈ ਤਾ ਇਹ ਤੌਖਲਾ ਹੋਣੀ ਦਾ ਰੂਪ ਧਾਰਕੇ ਕਦਮ-ਕਦਮ ਤੇ ਪਿਛਾ ਕਰੀ ਜਾਂਦਾ ਹੀ ਰਿਹਾ ਸੀ।

ਇਸ ਸ਼ੰਕੇ ਦੀ ਪੁਸ਼ਟੀ ਲੰਡਨ ਸਰਕਾਰ ਵੱਲੋਂ ਕੈਨੇਡਾ ਸਰਕਾਰ ਤੋਂ ਪੁਛ-ਪੜਤਾਲ ਕਰਨ ਤੇ ਹੋ ਗਈ, ਜਦੋਂ ਕੈਨੇਡੀਅਨ ਹਾਕਮਾਂ ਨੇ 'ਭਰੋਸੋਯੋਗ' ਵਸੀਲਿਆਂ ਦਾ ਹਵਾਲਾ ਦੇਂਦਿਆਂ ਦੱਸਿਆ ਕਿ ਵਾਕਈ ਜਹਾਜ਼ ਦੇ ਇਸ ਸਫ਼ਰ ਲਈ ਪੈਸਾ ਖੁਫ਼ੀਆ ਇਨਕਲਾਬੀ ਸੂਤਰਾਂ ਵੱਲੋਂ ਉਪਲਬਦ ਕਰਾਇਆ ਗਿਆ ਸੀ ਤਾਂ ਜੋ ਭਾਰਤੀਆਂ ਨਾਲ ਕੀਤੇ ਜਾਂਦੇ ਘੋਰ ਅਨਿਆਂ ਨੂੰ ਦਰਸਾਕੇ ਸਰਕਾਰ ਵਿਰੁੱਧ ਬਗਾਵਤ ਖੜੀ ਕਰਨ ਲਈ ਆਪਣੇ ਮਕਸਦ ਲਈ ਰਾਹ ਪਧਰਾ ਕੀਤਾ ਜਾ ਸਕੇ।

**ਪਰ ਕੀ ਸੱਚਮੁੱਚ ਗ਼ਦਰੀਆਂ ਦੀ ਬਾਬਾ ਗੁਰਦਿੱਤ ਸਿੰਘ ਵਿਚਾਲੇ ਕੋਈ 'ਗਿਟਮਿਟ' ਸੀ? ਕੀ ਵਾਕਈ ਇਸ ਪਿਛੇ ਕੋਈ ਗਿਣੀ ਮਿਥੀ 'ਸਾਜਿਸ਼' ਸੀ?**

ਜੇ ਬਹੁਤ ਵਿਸਥਾਰ ਵਿੱਚ ਨਾ ਜਾਈਏ ਤਾਂ ਉਪਰਲੇ ਸੁਆਲ ਦਾ ਸਿੱਧਾ-ਸਰਲ ਜਵਾਬ ਇਹੀ ਹੋਵੇਗਾ ਕਿ ਇਹਨਾਂ ਵਿਚਾਲੇ ਇਕਸੁਰਤਾ ਜਾਂ ਤਾਲਮੇਲ ਤਾਂ ਸੀ, ਪਰ ਇਸ ਸਮੁੱਚੇ ਵਰਤਾਰੇ ਨੂੰ ਹੀ 'ਸਾਜਿਸ਼' ਕਹਿਣਾ ਅਤਿਕਥਨੀ ਹੋਵੇਗੀ।

ਇੱਕ ਹੋਰ ਪੱਖੋਂ ਵਿਚਾਰਿਆ ਜਾਏ ਤਾਂ ਗ਼ਦਰ ਲਹਿਰ ਅਤੇ ਕੋਮਾਗਾਟਾ ਮਾਰੂ ਦਾ ਸਾਕਾ, ਦੋਵੇਂ ਹੀ ਭਾਰਤ ਦੀ ਗੁਲਾਮੀ ਤੋਂ ਉਪਜੀ ਆਰਥਕ ਤੰਗੀ ਤੋਂ ਨਿਜਾਤ ਪਾਉਣ ਖਾਤਰ ਵੱਡੇ ਪੈਮਾਨੇ ਦੇ ਭਾਰਤੀਆਂ ਦੇ ਕੈਨੇਡਾ-ਅਮਰੀਕਾ ਪਰਿਵਾਸ ਤੋਂ ਉਪਜੀਆਂ ਘਟਨਾਵਾਂ ਸਨ — ਵੱਡਾ ਫ਼ਰਕ ਇਹ ਸੀ ਕਿ ਗ਼ਦਰ ਲਹਿਰ ਵਾਲੇ ਭਾਰਤੀ ਪਰਵਾਸੀ ਮਾਇਕ ਪੱਖੋਂ ਖੁਸ਼ਹਾਲ ਹੋਕੇ ਵੀ ਵਿਦੇਸ਼ੀ ਗੁਲਾਮੀ ਦੇ ਕਲੰਕ ਨੂੰ ਧੋਣ ਲਈ ਆਪਣੇ ਖ਼ੂਨ-ਪਸੀਨੇ ਦੀ ਕਮਾਈ ਨੂੰ, ਜੀਹਦੇ ਲਈ ਉਹਨਾਂ ਨੇ ਜਾਨਾਂ ਹਲੂਣੀਆਂ ਸਨ, ਲਤ ਮਾਰਕੇ, ਸ਼ਹੀਦੀ ਜਾਮੇ ਪਾਕੇ 'ਤਖਤ ਜਾਂ ਤਖਤਾ' ਵਾਲੀ ਰਵਾਇਤ ਨੂੰ ਪੁਗਾਉਣ ਭਾਰਤ ਨੂੰ ਪਰਤੇ ਸਨ, ਜਿਥੇ ਕਿ ਦੂਜੇ ਹੱਥ ਇਹ ਕਾਮਾਗਾਟਾ ਵਾਲੇ ਜੋ ਪਹਿਲਾਂ ਪਰਵਾਸ ਕਰ ਚੁਕੇ ਹਿੰਦੀ ਵੀਰਾਂ ਦੀ ਰੀਸੇ, ਓਧਰ ਜਾਣ ਦੀ ਤਾਂਘ ਵਿੱਚ ਸਨ ਤੇ ਜਦੋਂ ਉਹਨਾਂ ਨੂੰ ਵਿਦੇਸ਼ੀ ਹਾਕਮਾਂ ਨੇ ਹਰ ਹੀਲੇ ਪਰਵਾਸ ਤੋਂ ਰੋਕਣ ਤੋਂ ਗੁਰੇਜ਼ ਨਹੀਂ ਕੀਤਾ ਤਾਂ ਉਹ ਇਸੇ ਕਸ਼ਮਕਸ਼ ਵਿੱਚ ਵਿਦੇਸ਼ੀਂ ਪਰਵਾਸ ਕੀਤੇ ਬਿਨਾ ਹੀ ਇਸ ਨਤੀਜੇ 'ਤੇ ਪਹੁੰਚ ਗਏ ਕਿ ਸਾਰੀ ਕਲਾ ਦਾ ਮੂਲ ਸਾਡੀ ਗੁਲਾਮੀ ਹੀ ਹੈ।

ਸੋ ਕੋਮਾਗਾਟਾ ਮਾਰੂ ਗਾਥਾ ਦੇ ਸਾਰੇ 'ਪਾਤਰ' ਵੱਖੋ-ਵੱਖ ਹਾਲਾਤ 'ਚ ਆਪਣੇ-ਆਪਣੇ ਉਦੇਸ਼ਾਂ ਦੀ ਪੂਰਤੀ ਲਈ ਇਸ ਉਪਰਾਲੇ 'ਚ ਸ਼ਾਮਲ ਹੋਏ ਤੇ ਜਿਸ-ਜਿਸ ਤਰ੍ਹਾਂ ਹਾਲਾਤ ਕਰਵਟ ਲੈਂਦੇ ਗਏ, ਉਸ ਅਨੁਸਾਰ ਹੀ ਉਹਨਾਂ ਦੀਆਂ ਭੂਮਿਕਾਵਾਂ ਵਿੱਚ ਫੇਰ ਬਦਲ ਹੁੰਦਾ ਗਿਆ।




ਹੁਣ ਜਿਵੇਂ ਕਿ ਅਸੀਂ ਜਾਣਦੇ ਹਾਂ, ਕਿ ਉਧਰੋਂ ਕੋਮਾਗਾਟਾ ਮਾਰੂ ਜਹਾਜ਼ ਵੈਨਕੂਵਰੋਂ ਚਲਿਆ ਤੇ ਨਾਲ ਹੀ ਵੱਡੀ ਜੰਗ ਛਿੜ ਪਈ ਤੇ ਗ਼ਦਰ ਪਾਰਟੀ ਨੇ ਜੰਗ ਦਾ ਲਾਹਾ ਲੈਣ ਲਈ ਲੋੜੀਂਦੀ ਤਿਆਰੀ ਨਾ ਹੋਣ ਦੇ ਬਾਵਜੂਦ ਵੀ 4 ਅਗਸਤ 1914 ਨੂੰ 'ਐਲਾਨੇ ਜੰਗ' ਕਰ ਦਿੱਤਾ, ਭਾਵ ਗ਼ਦਰ ਦਾ ਬਿਗਲ ਵਜਾ ਦਿੱਤਾ।


ਗ਼ਦਰ ਪਾਰਟੀ ਦਾ ਝੰਡਾ



## ਗਦਰ ਪਾਰਟੀ ਦਾ ਪ੍ਰਤੀਕਰਮ


ਬਾਬਾ ਸੋਹਨ ਸਿੰਘ ਭਕਨਾ, ਗ਼ਦਰ ਪਾਰਟੀ ਦੇ ਬਾਨੀ ਪ੍ਰਧਾਨ

ਗਦਰ ਪਾਰਟੀ ਦੇ ਜ਼ਿੰਮੇਵਾਰਾਂ ਨੇ ਫੈਸਲਾ ਕੀਤਾ ਕਿ ਪਾਰਟੀ ਦਾ ਇਕ ਆਗੂ ਕਾਮਾਗਾਟਾ ਮਾਰੂ ਜਹਾਜ਼ ਦੇ ਨਾਲ-ਨਾਲ ਜਾਏ ਤੇ ਯੋਕੋਹਾਮਾ (ਜਾਪਾਨ) ਪਹੁੰਚ ਕੇ ਜਹਾਜ਼ ਦੇ ਮੁਸਾਫਰਾਂ ਨੂੰ ਮਿਲੇ ਤੇ ਉਹਨਾਂ ਨੂੰ ਇਨਕਲਾਬੀ ਲਾਈਨ ਸਮਝਾਏ। ਇਸ ਸਬੰਧੀ ਬਾਬਾ ਸੋਹਨ ਸਿੰਘ ਭਕਨਾ ਆਪਣੀ ਆਤਮ ਕਥਾ ਦੇ ਸਫ਼ਿਆਂ 44-45 'ਤੇ ਲਿਖਦੇ ਹਨ:

"...ਇਸ ਕੰਮ ਲਈ ਮੇਰੀ ਡਿਊਟੀ ਲੱਗੀ, 200 ਪਿਸਤੌਲ ਅਤੇ 2000 ਕਾਰਤੂਸ ਦੀਆਂ ਦੋ ਪੇਟੀਆਂ ਵਿੱਚ ਬੰਦ ਕਰਕੇ ਜਹਾਜ਼ 'ਤੇ ਪਹੁੰਚਾਉਣ ਲਈ ਲਿਜਾਣੀਆਂ ਸਨ। ਇਸ ਦਾ ਬੰਦੋਬਸਤ ਭਾਈ ਭਗਵਾਨ ਸਿੰਘ ਅਤੇ ਮਲਵਈ ਨੌਜਵਾਨ ਕਰਤਾਰ ਸਿੰਘ ਸਰਾਭੇ 'ਤੇ ਸੁੱਟਿਆ ਗਿਆ। ਉਹਨਾਂ ਨੇ ਜਹਾਜ਼ 'ਤੇ ਇਕ ਕਮਰਾ ਰਿਜ਼ਰਵ ਕਰਕੇ ਜਹਾਜ਼ ਦੇ ਰਵਾਨਾ ਹੋਣ ਤੋਂ ਕੋਈ ਇਕ ਘੰਟਾ ਪਹਿਲਾਂ ਇਹ ਪੇਟੀਆਂ ਕਰਤਾਰ ਸਿੰਘ ਦੇ ਹੱਥੀਂ ਉਸ ਕਮਰੇ ਵਿੱਚ ਰਖਵਾ ਦਿੱਤੀਆਂ। ਮੈਂ ਬੜੀ ਸਾਵਧਾਨੀ ਨਾਲ ਯੁਗਾਂਤਰ ਆਸ਼ਰਮ ਵਿਚੋਂ ਨਿਕਲਿਆ ਤੇ ਰਸਤੇ ਵਿੱਚ ਦੂਜੀ ਕਾਰ ਬਦਲ ਕੇ ਜਹਾਜ਼ ਦੇ ਚੱਲਣ ਤੋਂ ਸਿਰਫ 15 ਮਿੰਟ ਪਹਿਲਾਂ ਪਹੁੰਚਿਆ ਅਤੇ ਕਰਤਾਰ ਸਿੰਘ ਨੂੰ ਚਲੇ ਜਾਣ ਦਾ ਇਸ਼ਾਰਾ ਕਰਕੇ ਕਮਰੇ ਵਿੱਚ ਜਾ ਬੈਠਾ। ਅਜੇ ਮੇਰੇ ਵਾਲਾ ਜਹਾਜ਼ ਅਮਰੀਕਾ ਤੇ ਜਾਪਾਨ ਦੇ ਵਿਚਾਲੇ ਹੀ ਸੀ ਕਿ ਜਹਾਜ਼ ਵਾਲਿਆਂ ਨੇ ਜੰਗ ਛਿੜਣ ਦੀ ਖਬਰ ਸੁਣਾ ਦਿੱਤੀ।


ਕਰਤਾਰ ਸਿੰਘ ਸਰਾਭਾ


ਮੌਲਵੀ ਬਰਕਤ ਉੱਲਾ

"ਅੱਗੋਂ ਮੇਰੇ ਸਾਹਮਣੇ ਪੇਟੀਆਂ ਉਤਾਰਨ ਤੇ ਕਿਸੇ ਮਹਿਫੂਸ ਥਾਂ 'ਤੇ ਰੱਖਣ ਦਾ ਮਸਲਾ ਸੀ। ਪਰ ਮੇਰੇ ਅਮਰੀਕਾ ਤੋਂ ਚੱਲਣ ਵੇਲੇ ਮੌਲਵੀ-ਬਰਕਤ-ਉਲਾ ਨੇ ਜਾਪਾਨ ਵਿਚਲੀ ਪਾਰਟੀ ਦੀ ਸ਼ਾਖ਼ ਦੇ ਮੈਂਬਰਾਂ ਨੂੰ ਮੇਰੇ ਆਉਣ ਦੀ ਖਬਰ ਤਾਰ ਰਾਹੀਂ ਭੇਜ ਦਿੱਤੀ ਸੀ। ਸੋ ਜਦੋਂ ਜਹਾਜ਼ ਯੋਕੋਹਾਮਾ ਪਹੁੰਚਿਆ ਤਾਂ ਪਾਰਟੀ ਮੈਂਬਰ ਮੈਨੂੰ ਲੈਣ ਲਈ ਜਹਾਜ਼ 'ਤੇ ਪਹੁੰਚੇ ਹੋਏ ਸੀ। ਮੈਂ

ਪੇਟੀਆਂ ਉਹਨਾਂ ਦੇ ਸਪੁਰਦ ਕਰ ਦਿੱਤੀਆਂ ਤੇ ਉਹ ਮੈਨੂੰ ਕਾਰ ਵਿੱਚ ਬੈਠਾ ਕੇ ਇੱਕ ਹੋਟਲ ਵਿੱਚ ਲੈ ਗਏ। ਮੈਂ ਕਾਮਾਗਾਟਾ ਮਾਰੂ ਦੇ ਆਉਣ ਤੇ ਪੇਟੀਆਂ ਵਗੈਰਾ ਜਹਾਜ਼ ਉੱਤੇ ਪਹੁੰਚਾਉਣ ਤੇ ਹੋਰ ਕੰਮ ਨਬੇੜਨ ਤੱਕ ਹੋਟਲ ਵਿੱਚ ਹੀ ਠਹਿਰਿਆ। ਇੱਕ ਹੋਰ ਕੰਮ ਵੀ ਮੇਰੇ ਜ਼ਿੰਮੇ ਸੀ, ਜੰਗ ਛਿੜ ਚੁੱਕੀ ਸੀ ਤੇ ਡਰ ਸੀ ਕਿ ਐਡਮਨ ਨਾਮੀ ਜਰਮਨ ਡੁਬਕਨੀ ਜੋ ਉਸ ਵੇਲੇ ਸਮੁੰਦਰਾਂ ਵਿੱਚੋਂ ਗਸ਼ਤ ਕਰ ਰਹੀ ਸੀ ਕਿਤੇ ਕੋਮਾਗਾਟਾ ਮਾਰੂ ਨੂੰ ਡਬੋ ਨਾ ਦੇਵੇ। ਇਸ ਦੇ ਪ੍ਰਬੰਧ ਲਈ ਮੈਂ ਜਰਮਨ ਸ਼ਫ਼ੀਰ ਦੇ ਇਕ ਜਾਪਾਨੀ ਨੌਕਰ ਨੂੰ ਗੰਢ ਕੇ, ਭੇਸ ਬਦਲਕੇ, ਚੋਰ ਦਰਵਾਜ਼ਿਉਂ ਜਰਮਨ ਸਫੀਰ ਨੂੰ ਜਾ ਮਿਲਿਆ ਅਤੇ ਕੋਡ (ਗੁਪਤ ਬੋਲੀ) ਮੁਕਰਰ ਕੀਤੇ, ਜਿਹੜੇ ਲੋੜ ਪੈਣ 'ਤੇ ਵਰਤੇ ਜਾ ਸਕਣ ਤੇ ਜਹਾਜ਼ ਨੂੰ ਬਚਾ ਕੇ ਕੱਢਿਆ ਜਾ ਸਕੇ।

"ਹਰ ਰੋਜ਼ ਕੋਈ ਨਾ ਕੋਈ ਪਾਰਟੀ ਮੈਂਬਰ ਆ ਕੇ ਮਿਲ ਜਾਂਦਾ, ਜਦ ਕਾਮਾਗਾਟਾ ਮਾਰੂ ਪਹੁੰਚਿਆ ਤਾਂ ਮੈਂਬਰਾਂ ਨੇ ਇਤਲਾਹ ਦਿੱਤੀ ਤੇ ਜਹਾਜ਼ ਵਾਲਿਆਂ ਨੂੰ ਵੀ ਮੇਰੇ ਬਾਰੇ ਦੱਸ ਦਿੱਤਾ। (ਮਾਲਵੇ ਦੇ) ਗੁਜਰਵਾਲ-ਲੁਧਿਆਣਾ ਤੋਂ ਹਾਕਮ ਸਿੰਘ ਅਤੇ (ਮਾਲਵੇ ਦੇ ਹੀ) ਕਾਉਣੀ-ਮੁਕਤਸਰ ਤੋਂ ਭਾਈ ਰਾਏ ਸਿੰਘ ਉਰਫ ਦਲਜੀਤ ਸਿੰਘ ਸੈਕਟਰੀ ਜਹਾਜ਼ ਕਮੇਟੀ ਮੈਨੂੰ ਆ ਕੇ ਮਿਲੇ। ਮੈਂ ਸਾਰੀ ਗੱਲ ਉਹਨਾਂ ਨੂੰ ਸਮਝਾ ਦਿੱਤੀ ਤੇ ਅਗਲੇ ਦਿਨ ਪੇਟੀਆਂ ਜਹਾਜ਼ 'ਤੇ ਪਹੁੰਚਾਉਣ ਵਾਲਿਆਂ ਨਾਲ ਮੁਲਾਕਾਤ ਬਾਰੇ ਵੀ ਗੱਲ ਮਿੱਥ ਲਈ ਗਈ। ਅਗਲੇ ਦਿਨ ਉਹਨਾਂ ਮੈਂਬਰਾਂ ਨੇ ਸਾਰਾ ਕੰਮ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਿਆ।

"ਅਜੇ ਕੋਮਾਗਾਟਾ ਮਾਰੂ ਨਾਲ ਸਬੰਧਤ ਕੰਮ ਤੋਂ ਕੁਝ ਵਿਹਲ ਮਿਲੀ ਸੀ ਕਿ ਕਰਤਾਰ ਸਿੰਘ ਸਰਾਭਾ ਇਕ ਹੋਰ ਸਾਥੀ ਸਮੇਤ ਹੋਟਲ ਵਿੱਚ ਆ ਕੇ ਮੈਨੂੰ ਮਿਲੇ ਤੇ ਪਾਰਟੀ ਦੇ ਓਸ ਫੈਸਲੇ ਦੀ ਇਤਲਾਹ ਦਿੱਤੀ, ਜਿਸ ਅਨੁਸਾਰ ਪਾਰਟੀ ਨੇ ਮੌਕੇ ਦੇ ਹਾਲਾਤ ਸਾਹਮਣੇ ਰੱਖਦਿਆਂ ਹੋਇਆਂ ਅੰਗ੍ਰੇਜ਼ ਦੇ ਵਿਰੁੱਧ ਹਿੰਦੋਸਤਾਨ ਜਾ ਕੇ ਇਨਕਲਾਬ ਕਰਨ ਦਾ ਐਲਾਨ ਕਰ ਦਿੱਤਾ।"

ਬੜੀ ਅਹਿਮ ਗੱਲ ਹੈ ਕਿ ਬਾਬਾ ਸੋਹਨ ਸਿੰਘ ਭਕਨਾ ਵਿਰੁੱਧ ਪੁਲਿਸ ਜਾਂ ਸਰਕਾਰ ਕੋਲ ਕੋਈ ਹੋਰ ਠੋਸ ਸਬੂਤ ਉਪਲਬਦ ਨਹੀਂ ਸਨ ਜਿਨ੍ਹਾਂ ਦੇ ਆਧਾਰ ਤੇ ਉਹਨਾਂ ਨੂੰ ਫਾਂਸੀ ਦੀ ਸਜ਼ਾ ਦਿੱਤੀ ਜਾ ਸਕੇ, ਕਿਉਂਕਿ ਉਹਨਾਂ ਨੂੰ 25 ਅਕਤੂਬਰ 1914 ਨੂੰ ਕਲਕੱਤੇ ਜਹਾਜ਼ੋ ਉਤਰਦਿਆਂ ਹੀ ਗ੍ਰਿਫਤਾਰ ਕਰ ਲਿਆ ਗਿਆ ਸੀ, ਤੇ ਸਮਝਿਆ ਜਾਂਦਾ ਹੈ ਕਿ ਉਹਨਾਂ ਨੂੰ ਫਾਂਸੀ ਦੀ ਸਜ਼ਾ ਮੂਲ ਰੂਪ ਵਿੱਚ ਇਸ ਕਾਰਵਾਈ ਦੇ ਕਾਰਨ ਦਿੱਤੀ ਗਈ ਸੀ; ਇਸ ਭੇਤ ਦਾ ਖੁਲਾਸਾ ਅਦਾਲਤ ਵਿੱਚ (ਵਾਦਾ ਮਾਫ਼) ਨਵਾਬ ਖਾਂ ਨੇ ਕੀਤਾ ਸੀ ਕਿ "ਦਸੰਬਰ 1914 ਦੀ ਕਿਸੇ ਤਾਰੀਖ਼ ਨੂੰ ਜਦੋਂ ਮੈਂ ਕਰਤਾਰ ਸਿੰਘ (ਸਰਾਭਾ) ਨਾਲ ਜੰਡਿਆਲੇ ਤੋਂ ਲਾਹੌਰ ਵੱਲ ਨੂੰ ਜਾ ਰਿਹਾ ਸਾਂ ਤਾਂ ਉਹਨੇ ਦੱਸਿਆ ਕਿ ਉਸ ਨੂੰ ਯੁਗਾਂਤਰ ਆਸ਼ਰਮ ਤੋਂ 100 ਪਿਸਤੌਲ ਅਤੇ ਕਾਰਤੂਸ ਦੇ ਕੇ (ਸੋਹਨ ਸਿੰਘ ਰਾਹੀਂ) ਗੁਰਦਿੱਤ ਸਿੰਘ ਨੂੰ ਪੁਚਾਉਣ ਲਈ ਦਿੱਤੇ ਗਏ ਸਨ, ਜੋ ਤਦ ਅਨੁਸਾਰ ਪੁਚਾ ਦਿੱਤੇ ਗਏ ਸੀ।"

## ਵਾਪਸੀ ਸ਼ਫ਼ਰ ਦੇ ਕੁੱਝ ਹੋਰ ਵੇਰਵੇ

ਇਹਨਾਂ ਮੁਸਾਫਰਾਂ ਨੂੰ ਵੈਨਕੂਵਰ ਤੋਂ ਰਵਾਨਾ ਹੋਣ ਤੋਂ ਲੈ ਕੇ ਕਲਕੱਤੇ ਪਹੁੰਚਣ ਤੱਕ ਦੋ



ਮਹੀਨੇ ਦੇ ਲਗ ਭਗ ਲੰਮੇ ਸਫ਼ਰ ਦੌਰਾਨ ਅਮਲੀ ਤੌਰ ਤੇ ਹਿਰਾਸਤ ਵਿੱਚ ਹੀ ਰੱਖਿਆ ਗਿਆ ਸੀ: ਹਰੇਕ ਬੰਦਰਗਾਹ ਤੇ ਜਹਾਜ਼ ਨੂੰ ਸਾਹਿਲ ਤੋਂ ਦੂਰ ਸਮੁੰਦਰ ਵਿੱਚ ਹੀ ਖੜ੍ਹਾ ਕੀਤਾ ਜਾਂਦਾ ਰਿਹਾ, ਤੇ ਜਹਾਜ਼ੋ ਉਤਰਨ ਅਤੇ ਚੜ੍ਹਣ ਵਾਲਿਆਂ 'ਤੇ ਕਈ ਤਰ੍ਹਾਂ ਦੀਆਂ ਪਾਬੰਦੀਆਂ ਸਨ ਤੇ ਇਹ ਸਾਰੇ ਕਿਸ਼ਤੀਆਂ ਰਾਹੀਂ ਹੀ ਜਹਾਜ਼ ਤੇ ਆਉਂਦੇ-ਜਾਂਦੇ ਸੀ; ਨਾਲ ਹੀ ਕਿਸੇ ਹੋਰ ਨਵੇਂ ਮੁਸਾਫਰ ਦੇ ਜਹਾਜ਼ 'ਤੇ ਚੜ੍ਹਣ ਦੀ ਵੀ ਸਖ਼ਤ ਮਨਾਹੀ ਸੀ।

## ਜਰਮਨ ਜੰਗੀ ਜਹਾਜ਼ 'ਐਡਮਨ' ਦੀ ਦਹਿਸ਼ਤ

ਹੁਣ ਚੂੰਕਿ ਵੱਡੀ ਜੰਗ ਸ਼ੁਰੂ ਹੋ ਚੁਕੀ ਸੀ, ਜਿਵੇਂ ਕਿ ਉਹਨੀਂ ਦਿਨੀਂ ਜਰਮਨੀ ਦਾ ਜੰਗੀ ਜਹਾਜ਼ ਖੁਲ੍ਹੇ ਸਮੁੰਦਰ ਅੰਦਰ ਹਰ ਉਸ ਜਹਾਜ਼ ਨੂੰ ਨਸ਼ਟ ਕਰ ਰਿਹਾ ਸੀ, ਜੀਹਦੇ ਤੇ ਕਿਸੇ ਭਾਈਭਾਲ ਦੇਸ਼ ਦਾ ਝੰਡਾ ਨਾ ਹੋਵੇ; ਹੁਣ ਚੂੰਕਿ ਜਾਪਾਨ ਅੰਗ੍ਰੇਜ਼ ਪੱਖੀ ਸੀ ਅਤੇ ਕੋਮਾਗਾਟਾ ਮਾਰੂ ਜਾਪਾਨੀ ਜਹਾਜ਼ ਹੋਣ ਕਰਕੇ ਜਾਪਾਨੀ ਝੰਡੇ ਹੇਠਾਂ ਹੀ ਵਿਚਰ ਰਿਹਾ ਸੀ, ਸੋ ਇਸ ਨੂੰ ਵੀ ਤਬਾਹ ਕੀਤਾ ਜਾ ਸਕਦਾ ਸੀ।

ਪ੍ਰੋਫ਼ੈਸਰ ਜਗਜੀਤ ਸਿੰਘ ਜੀ ਦੀ ਅਨਮੋਲ ਰਚਨਾ 'ਗ਼ਦਰ ਪਾਰਟੀ ਲਹਿਰ' ਦੇ ਪੰਨਾ 72 'ਤੇ ਦਰਜ ਹੈ:

> "ਉਨ੍ਹੀਂ ਦਿਨੀਂ ਜਰਮਨੀ ਦਾ 'ਐਡਮਨ' ਨਾਮੀ ਗਸ਼ਤੀ ਜੰਗੀ ਜਹਾਜ਼ (Cruiser) ਧੁਰ ਪੂਰਬ ਦੇ ਸਮੁੰਦਰਾਂ ਵਿੱਚ ਇੰਗਲੈਂਡ ਪੱਖੀ ਮੁਲਕਾਂ ਦੇ ਤਜਾਰਤੀ ਜਹਾਜ਼ ਡੋਬ ਰਿਹਾ ਸੀ। ਜਾਪਾਨ ਵੀ ਇੰਗਲੈਂਡ ਦਾ ਹਮਾਇਤੀ ਸੀ ਅਤੇ ਕੋਮਾਗਾਟਾ ਮਾਰੂ ਜਾਪਾਨੀ ਜਹਾਜ਼ ਹੋਣ ਕਰਕੇ, ਜਾਪਾਨੀ ਝੰਡੇ ਹੇਠਾਂ ਹੀ ਵਿਚਰ ਰਿਹਾ ਸੀ, ਇਸ ਲਈ ਉਹ ਵੀ ਖਤਰੇ ਵਿੱਚ ਸੀ। ਯੋਕੋਹਾਮਾ ਵਿੱਚ ਜਰਮਨ ਕੌਂਸਲ ਕੜੀ ਨਿਗਰਾਨੀ ਹੇਠ ਸੀ, ਪਰ ਜਾਪਾਨ ਦੀ ਗ਼ਦਰ ਪਾਰਟੀ ਦੇ ਮੈਂਬਰਾਂ ਦੀ ਸੂਝ ਬੂਝ ਅਤੇ ਹੋਸ਼ਿਆਰੀ ਦੇ ਸਦਕਾ, ਸ਼੍ਰੀ ਸੋਹਨ ਸਿੰਘ ਜਰਮਨ ਕੌਂਸਲ ਨੂੰ ਮਿਲਣ 'ਚ ਕਾਮਯਾਬ ਹੋ ਗਏ। ਜਮਰਨ ਕੌਂਸਲ ਨੇ ਇਸ ਗੱਲ ਦਾ ਜ਼ਿਮਾ ਲਿਆ ਕਿ ਕੋਮਾਗਾਟਾ ਮਾਰੂ ਨੂੰ ਆਂਚ ਨਹੀਂ ਆਵੇਗੀ, ਅਤੇ ਉਸ ਨੇ ਇਹ ਵੀ ਪੇਸ਼ਕਸ ਕੀਤੀ ਕਿ 'ਐਡਮਨ' ਜਹਾਜ਼ ਕੋਮਾਗਾਟਾ ਮਾਰੂ ਦੇ ਮੁਸਾਫਰਾਂ ਨੂੰ ਸਮੁੰਦਰ ਵਿੱਚ ਹਥਿਆਰ ਵੀ ਪੁਚਾ ਦੇਵੇਗਾ, ਪਰ ਕੋਮਾਗਾਟਾ ਮਾਰੂ ਜਹਾਜ਼ ਦੇ ਸਾਰੇ ਅਫਸਰ ਜਾਪਾਨੀ ਹੋਣ ਕਰਕੇ ਇਸ ਪੇਸ਼ਕਸ਼ ਤੋਂ ਫਾਇਦਾ ਉਠਾਉਣਾ ਮੁਮਕਨ ਨਹੀਂ ਸੀ। ਕਿਹਾ ਜਾਂਦਾ ਹੈ ਕਿ ਸਮੁੰਦਰ ਵਿੱਚ ਐਡਮਨ ਗਸ਼ਤੀ ਜਹਾਜ਼ ਕੋਮਾਗਾਟਾ ਮਾਰੂ ਨੂੰ ਟਕਰਿਆ ਪਰ 'ਝੰਡੀ ਸ਼ੀਸ਼ੇ' ਵਾਲੇ ਉਸ ਵੇਲੇ ਦੀ ਪ੍ਰਚਲਤ ਸੰਚਾਰ ਵਿਵਸਥਾ ਦੁਆਰਾ ਜੀਹਦਾ ਫੌਜ ਵਿੱਚ ਇਸਤੇਮਾਲ ਕੀਤਾ ਜਾਂਦਾ ਸੀ; ਹਿੰਦੀ ਜਹਾਜ਼ੀਆਂ (ਸਾਬਕਾ ਫ਼ੌਜੀਆਂ) ਨੇ ਜਦੋਂ ਆਪਣੀ ਨਿਯਤ ਨਿਸ਼ਾਨੀ ਦੱਸੀ ਤਾਂ ਉਹ ਚੁਪਚਾਪ ਚਲਾ ਗਿਆ।
>
> "ਸ਼੍ਰੀ ਸੋਹਨ ਸਿੰਘ ਦੀ ਦੱਸੀ ਉਪਰੋਕਤ ਵਾਰਤਾ ਦੀ ਪਹਿਲੇ ਕੇਸ ਵਿੱਚ ਹੋਈਆਂ ਸ਼ਹਾਦਤਾਂ ਤੋਂ ਵੀ ਇਸ ਹੱਦ ਤੱਕ ਪੁਸ਼ਟੀ ਹੁੰਦੀ ਹੈ ਕਿ ਸ਼੍ਰੀ ਸੋਹਨ ਸਿੰਘ ਦੇ ਅਮਰੀਕਾ ਤੋਂ ਰਵਾਨਾ ਹੋਣ ਦੇ ਕੀ ਮਕਸਦ ਸਨ, ਅਤੇ ਉਹਨਾਂ ਕੋਮਾਗਾਟਾ ਮਾਰੂ ਦੇ ਲੀਡਰਾਂ ਨੂੰ ਯੋਕੋਹਾਮਾ, ਮਿਲਕੇ 100 ਪਿਸਤੌਲ ਅਤੇ

ਗੋਲੀ-ਗੱਠਾ ਪੁਚਾਏ ਸਨ।"

[ਨੋਟ: ਲੇਖਕ ਦੇ ਪਿਤਾ ਜੀ ਜੋ ਉਨ੍ਹੀਂ ਦਿਨੀਂ ਅੰਗ੍ਰੇਜ਼ੀ ਫ਼ੌਜ ਵਿੱਚ ਨੌਕਰੀ ਕਰ ਰਹੇ ਸਨ, ਉਹ ਵੀ 'ਝੰਡੀ ਸ਼ੀਸ਼ੇ' ਦੀ ਡਿਊਟੀ ਨਿਭਾਉਂਦੇ ਰਹੇ ਸੀ — ਲੇਖਕ]

ਇਸ 'ਗ਼ਦਰੀ ਬਾਬਿਆਂ ਦੇ ਮੁਨਸ਼ੀ' ਨੂੰ ਬਾਬਾ ਸੋਹਨ ਸਿੰਘ ਭਕਨਾ ਨਾਲ ਉਹਨਾਂ ਦੀ ਜੀਵਨ ਯਾਤਰਾ ਦੇ ਅਖੀਰਲੇ ਢਾਈ ਸਾਲਾਂ ਭਾਵ 1966-68 ਦੌਰਾਨ ਅਤੀ ਨੇੜਲੀ ਸੰਗਤ ਦਾ ਸੁਭਾਗ ਮਿਲਿਆ ਹੈ; ਬਾਬਾ ਜੀ ਦਾ ਸੁਭਾਅ ਐਨਾ ਸਰਲ ਸੀ ਕਿ ਅਸੀਂ ਆਪਸ ਵਿੱਚ ਨੋਕ-ਝੋਂਕ ਵੀ ਕਰ ਲਿਆ ਕਰਦੇ ਸੀ; ਇਸ ਖ਼ੁਫ਼ੀਆ ਮਿਸ਼ਨ ਬਾਰੇ ਮੇਰਾ ਪਹਿਲਾ ਸੁਆਲ ਸੀ ਕਿ:

*ਤੁਸੀਂ ਲਿਬਾਸ ਕੀ ਪਹਿਨ ਰੱਖਿਆ ਸੀ,* ਤਾਂ ਉਹਨਾਂ ਦੱਸਿਆ ਕਿ ਹੇਠਾਂ ਪੱਛਮੀ ਤਰਜ਼ ਦਾ ਕੋਟ ਪੈਂਟ ਤੇ ਸਿਰ ਤੇ ਹੈਟ; ਦੂਸਰਾ ਸੁਆਲ ਸੀ ਤੁਸੀਂ ਜਰਮਨ ਕੌਂਸਲ ਨਾਲ ਕਿਹੜੀ ਜੁਬਾਨ 'ਚ ਗਿਟ-ਮਿਟ ਕੀਤੀ, ਤਾਂ ਉਹਨਾਂ ਦਾ ਜਵਾਬ ਸੀ 'ਅੰਗ੍ਰੇਜ਼ੀ' 'ਚ; *ਮੈਂ ਹੈਰਾਨੀ ਜਿਤਾਉਂਦਿਆਂ ਕਿਹਾ ਕਿ ਵਾਕਈ?* ਉਹਨਾਂ ਦੱਸਿਆ ਕਿ ਅਸੀਂ ਐਨੇ ਸਾਲ ਅਮਰੀਕਾ ਰਹਿਕੇ 'ਗੁਜ਼ਾਰੇ ਜੋਗੀ' ਅੰਗ੍ਰੇਜ਼ੀ ਸਮਝ ਬੋਲ ਲੈਂਦੇ ਸਾਂ।

*ਮੇਰਾ ਆਖਰੀ ਸੁਆਲ ਸੀ ਕਿ ਐਨੀ ਕੜੀ ਨਿਗਰਾਨੀ ਦੇ ਬਾਵਜੂਦ ਤੁਸੀਂ ਕਿਵੇਂ ਚੋਰੀ ਛਿਪੇ ਜਰਮਨ ਕੌਂਸਲ ਦੇ ਬੰਗਲੇ ਅੰਦਰ ਜਾਣ-ਆਉਣ ਵਿੱਚ ਕਾਮਯਾਬ ਹੋਏ ਸੀ?* ਉਹਨਾਂ ਦੱਸਿਆ ਕਿ ਅਸੀਂ ਅੱਧੀ ਰਾਤੀ ਬੰਗਲੇ ਦੇ ਪਿਛਵਾੜੇ ਵੱਲੋਂ ਹਨੇਰੇ ਵਿੱਚ ਰਸੋਈ ਵਿਚਲੇ ਰਾਹ ਤੋਂ ਗਏ ਤੇ ਆਏ ਸਾਂ। ਇਹ ਸਭ ਕੁੱਝ ਸਾਡੇ ਯੋਕੋਹਾਮਾ ਵਾਲੇ ਗ਼ਦਰੀ ਸਾਥੀਆਂ ਦੀ ਲਗਣ, ਦੂਰ-ਦ੍ਰਿਸ਼ਟੀ ਅਤੇ ਸਿਆਣਪ ਸਦਕਾ ਹੀ ਸੰਭਵ ਹੋ ਸਕਿਆ ਸੀ।

**(ਅ) ਯੋਕੋਹਾਮਾ**

**ਜਹਾਜ਼ ਦੇ ਕਪਤਾਨ ਅਨੁਸਾਰ**, "ਅਸੀਂ 15 ਅਗਸਤ ਨੂੰ ਯੋਕੋਹਾਮਾ ਪਹੁੰਚੇ, ਜਿਥੇ 4-5 ਭਾਰਤੀ ਗੁਰਦਿੱਤ ਸਿੰਘ ਕੋਲ ਆਏ ਅਤੇ ਉਹਨਾਂ ਨੇ ਕੁਝ ਸਾਂਝੇ ਫ਼ੈਸਲੇ ਲਏ। ਮੈਨੂੰ ਗੁਰਦਿੱਤ ਸਿੰਘ ਦੇ ਇੱਕ ਵਿਰੋਧੀ ਭਾਨ ਸਿੰਘ (ਡਾ. ਰਘੁਨਾਥ ਸਿੰਘ ਚਾਟੜਾ ਜਿਸ ਨੂੰ ਡਾਕਟਰ ਵੈਨਕੂਵਰ ਆਪਣੇ ਨਾਲ ਉਤਾਰਨਾ ਚਾਹੁੰਦਾ ਸੀ, ਪਰ ਕਥਿਤ ਤੌਰ ਤੇ ਦੂਜੇ ਮੁਸਾਫ਼ਰਾਂ ਨੇ ਉਹਨੂੰ ਉਤਰਨ ਨਹੀਂ ਦਿੱਤਾ) ਤੋਂ ਪਤਾ ਲੱਗਾ ਕਿ ਦੋ-ਤਿੰਨ ਪੇਟੀਆਂ ਜਿਨ੍ਹਾਂ 'ਚ ਆਟੋਮੈਟਿਕ ਪਿਸਟਲ ਸਨ ਰਾਤੋਂ-ਰਾਤ ਜਹਾਜ਼ ਵਿੱਚ ਪੁਚਾਈਆਂ ਗਈਆਂ ਹਨ (ਸੰਕੇਤ ਬਾਬਾ ਭਕਨਾ ਦੁਆਰਾ ਲਿਆਦੀਆਂ ਗਈਆਂ ਪੇਟੀਆਂ ਵੱਲ ਹੈ — ਲੇਖਕ)। ਹਾਲਾਂਕਿ ਮੈਂ ਆਪ ਤਾਂ ਉਹ ਪੇਟੀਆਂ ਨਹੀਂ ਦੇਖੀਆਂ, ਕਿਉਂਕਿ ਗੁਰਦਿੱਤ ਸਿੰਘ ਪਿਸਤੌਲਾਂ ਆਦਿ ਦੀ ਜਾਣਕਾਰੀ ਮੈਥੋਂ ਲੁਕੋ ਕੇ ਰਖਦੈ। ਯੋਕੋਹਾਮਾ 'ਚ ਕੋਈ 4-5 ਮੁਸਾਫਰ ਜਹਾਜ਼ੋ ਉਤਰ ਵੀ ਗਏ ਸਨ।

"18 ਅਗਸਤ ਨੂੰ ਅਸੀਂ ਯੋਕੋਹਾਮਾ ਤੋਂ ਚਲ ਕੇ 20 ਅਗਸਤ ਨੂੰ ਸਵੇਰੇ ਕੋਬੇ (Kobe) ਪਹੁੰਚ ਗਏ। ਉਥੇ ਗੁਰਦਿੱਤ ਸਿੰਘ ਨੇ ਮੇਰੇ ਤੇ ਮੇਰੀ ਕੰਪਨੀ ਵਿਰੁੱਧ ਅਲਜ਼ਾਮ ਲਾਏ ਅਤੇ ਕਿਹਾ ਕਿ ਜੇ ਜਹਾਜ਼ ਦਾ ਕਪਤਾਨ ਰਿਸ਼ਵਤ ਨਾ ਲੈਂਦਾ ਤਾ ਅਸਾਂ ਵੈਨਕੂਵਰ ਉਤਰ ਜਾਣਾ ਸੀ।



**(ੲ) ਕੋਬੇ**

"ਜਹਾਜ਼ 13 ਦਿਨ ਕੋਬੇ ਰਿਹਾ। ਇਸ ਦੌਰਾਨ ਮੁਸਾਫਰਾਂ ਨੇ ਅੰਗ੍ਰੇਜ਼ੀ ਕੌਂਸਲਖਾਨੇ ਦਾ ਮੁਹਾਸਰਾ ਕਰੀ ਰੱਖਿਆ ਅਤੇ ਅਖੀਰ ਰਾਸ਼ਨ ਪਾਣੀ ਲਈ 9000 ਯੈਨ ਹਾਸਲ ਕਰਨ ਵਿੱਚ ਕਾਮਯੋਬ ਹੋ ਗਏ, ਹਾਲਾਂਕਿ ਉਹਨਾਂ ਕੋਲ ਰਾਸ਼ਨ ਦੀ ਕੋਈ ਕਮੀ ਨਹੀਂ ਸੀ।"

ਪਤਾ ਨਹੀਂ ਕਿ ਜਾਪਾਨੀ ਕਪਤਾਨ ਦਾ ਇਹ ਕਥਨ ਕਿ ਮੁਸਾਫਰਾਂ ਕੋਲ ਅੰਨ-ਪਾਣੀ ਦੀ ਕੋਈ ਥੁੜ੍ਹ ਨਹੀਂ ਸੀ ਸੱਚ ਸੀ ਕਿ ਝੂਠ, ਜਾਂ ਫਿਰ ਵਿਚ-ਵਿਚਾਲੇ, ਪਰ ਹਿੰਦ ਸਰਕਾਰ ਨੇ ਕੋਬੇ ਦੇ ਕੌਂਸਲਰ ਦੀ ਇਸ 'ਫਰਾਗ਼ ਦਿਲੀ' ਬਦਲੇ ਬਹੁਤ ਖਿਚਾਈ ਕੀਤੀ।

ਦਰਅਸਲ ਕੌਂਸਲਰ ਨੇ 27 ਅਗਸਤ ਨੂੰ ਇੱਕ ਤਾਰ ਰਾਹੀਂ ਹਿੰਦ ਸਰਕਾਰ ਨੂੰ ਸੂਚਿਤ ਕੀਤਾ ਸੀ ਕਿ "ਉਹਨੂੰ ਭੁਖੇ-ਭਾਣੇ ਹਿੰਦੀ ਮੁਸਾਫਰਾਂ ਲਈ, ਜਿਹੜੇ ਇੱਕ ਹਫ਼ਤੇ ਤੋਂ ਇੱਥੇ ਅਟਕੇ ਹੋਏ ਹਨ, ਖੁਰਾਕ ਆਦਿ ਮੁਹਈਆ ਕਰਾਉਣ ਲਈ ਲੋੜੀਂਦੀ ਰਕਮ ਖਰਚਣ ਦੀ ਆਗਿਆ ਦਿੱਤੀ ਜਾਏ।

"ਮੇਰੀ ਇਸ ਯਾਚਨਾ ਦਾ ਕਾਰਨ ਇਹ ਸੀ ਕਿ ਮੁਸਾਫਰ ਇਥੇ ਲੰਮਾ ਅਰਸਾ ਰੋਕੇ ਜਾਣ ਤੇ ਤਰਲੋਂ ਮੱਛੀ ਹੋ ਰਹੇ ਸਨ ਤੇ ਉਹ ਇਹ ਮੰਨਣ ਨੂੰ ਕਤਈ ਤਿਆਰ ਨਹੀਂ ਸਨ ਕਿ ਇਸ ਵਿੱਚ ਮੇਰਾ ਕੋਈ ਕਸੂਰ ਨਹੀਂ। ਮੇਰੇ ਕੋਲ ਗੁਰਦਿੱਤ ਸਿੰਘ ਨੇ ਅਜੇਹੀਆਂ ਟਿਪਣੀਆਂ ਕੀਤੀਆਂ ਕਿ ਬਰਤਾਨੀਆਂ ਭਾਰਤ 'ਚੋਂ ਕਰੋੜਾਂ ਰੁਪੈ ਕੱਢ ਕੇ ਲੈ ਜਾਣ ਦੇ ਬਾਵਜੂਦ ਗਰੀਬ ਭਾਰਤੀਆਂ ਲਈ ਕੁਝ ਵੀ ਨਹੀਂ ਕਰ ਰਿਹਾ। ਹਰ ਰੋਜ਼ ਕੌਂਸਲਖਾਨੇ ਦੁਆਲੇ ਇਹ ਲੋਕ ਇਕੱਠੇ ਹੋਕੇ ਵਾਵੇਲਾ ਮਚਾਉਂਦੇ ਤੇ ਸਾਡੇ ਨਕ ਵਿੱਚ ਦਮ ਕਰੀ ਜਾ ਰਹੇ ਸਨ, ਤੇ ਨਾਲੇ ਜਾਪਾਨੀ ਪੁਲਿਸ ਨੂੰ ਵੀ ਵਖ਼ਤ ਪਾਈ ਰੱਖਦੇ ਸਨ, ਜੀਹਦੀ ਡਿਊਟੀ ਸਾਡੀ ਸੁਰਖਿਆ ਸੁਨਿਸ਼ਚਿਤ ਕਰਨਾ ਸੀ। **ਮੈਨੂੰ ਇਹ ਕਹਿਣ ਵਿੱਚ ਕੋਈ ਸੰਕੋਚ ਨਹੀਂ ਕਿ ਉਸ ਦਸ਼ਾ ਵਿੱਚ ਫਸੇ ਹੋਏ ਭਾਰਤੀਆਂ ਦਾ ਵਤੀਰਾ ਕਾਬਲੇ ਤਾਰੀਫ਼ ਸੀ।** ਪਰ ਉਹ ਲਗਾਤਾਰ ਪਾਣੀ ਦੀ ਥੁੜ੍ਹ, ਘੁਪ ਹਨੇਰੇ ਅਤੇ ਬੰਦਰਗਾਹ ਤੇ ਕਿਸੇ ਨਾਲ ਵੀ ਸੰਪਰਕ ਕਰਨ ਦੀ ਮਨਾਹੀ ਤੋਂ ਬੇਜ਼ਾਰ ਸਨ। ਇਹਨਾਂ ਦੇ ਆਉਣ-ਜਾਣ, ਇਹਨਾਂ ਨਾਲ ਗੱਲਬਾਤ ਕਰਨ ਵਿੱਚ ਹੀ ਮੇਰਾ ਸਾਰਾ ਸਮਾਂ ਬਰਬਾਦ ਹੋ ਰਿਹਾ ਸੀ, ਤੇ ਕੌਂਸਲਖਾਨੇ ਦਾ ਬਾਕੀ ਕੰਮ ਕਾਜ ਠੱਪ ਪਿਆ ਹੋਇਆ ਸੀ।"

***ਸਿੰਧੀ ਭਰਾ:***

**ਜਹਾਜ਼ੀ ਕਪਤਾਨ ਨੇ** ਅਗਲੇਰੇ ਸਫ਼ਰ ਬਾਰੇ ਦਸਿਐ, "ਜਿਉਂ ਹੀ ਅਸੀਂ ਕੋਬੇ ਪਹੁੰਚੇ ਜਵਾਹਰ ਮਲ ਅਤੇ ਉਹਦਾ ਛੋਟਾ ਭਰਾ ਨਾਰਾਇਨ ਜਹਾਜ਼ ਤੇ ਆ ਚੜ੍ਹੇ, ਜਿਨ੍ਹਾਂ ਚੋਂ ਵੱਡਾ ਬਹੁਤ ਖਤਰਨਾਕ ਸੀ, ਐਨਾ ਖਤਰਨਾਕ ਕਿ ਜਿੰਨਾ ਗੁਰਦਿੱਤ ਸਿੰਘ ਵੀ ਨਹੀਂ ਸੀ। ਅੰਗ੍ਰੇਜ਼ੀ ਕੌਂਸਲਰ ਨੇ ਮੈਨੂੰ ਕਿਹਾ ਕਿ ਇਹ ਦੋਵੇਂ ਤਾਂ ਜਹਾਜ਼ 'ਚ ਸਫ਼ਰ ਨਹੀਂ ਕਰ ਸਕਦੇ ਅਤੇ ਜੇ ਉਹਨਾਂ ਨੇ ਅਜੇਹਾ ਕੀਤਾ ਤਾਂ ਜ਼ਰੂਰ ਹੀ ਗੜਬੜ ਹੋਵੇਗੀ ਕਿਉਂਕਿ ਇਹ ਦੋਵੇਂ ਖਤਰਨਾਕ ਮੁੰਡੇ ਨੇ, ਅਤੇ ਜੇ ਇਹ ਜਹਾਜ਼ 'ਤੇ ਸਵਾਰ ਹੋਣ ਤਾਂ ਮੈਨੂੰ ਇਤਲਾਹ ਦੇਣੀ ਹੋਵੇਗੀ ਤਾਂ ਜੋ ਜਾਪਾਨੀ ਪੁਲਿਸ ਦੀ ਮਦਦ ਨਾਲ ਇਹਨਾਂ ਨੂੰ ਜਹਾਜ਼ੋ ਉਤਾਰ ਸਕਾਂ। ਮੈਂ ਗੁਰਦਿੱਤ ਸਿੰਘ ਨੂੰ ਦੱਸਿਆ ਕਿ ਮੈਨੂੰ ਕਿਹਾ ਗਿਆ ਹੈ ਕਿ ਇਹਨਾਂ ਦੋਹਾਂ ਨੂੰ ਜਹਾਜ਼ ਤੇ ਸਫ਼ਰ ਨਾ ਕਰਨ ਦਿਆਂ; ਤਦ ਗੁਰਦਿੱਤ ਸਿੰਘ ਨੇ ਮੈਨੂੰ ਦੱਸਿਆ ਕਿ ਉਹ ਤਾਂ ਲਾਜ਼ਮੀ ਸਾਡੇ ਨਾਲ ਚਲਣਗੇ ਕਿਉਂਕਿ ਮੈਂ ਉਹਨਾਂ ਨੂੰ ਆਪਣੀ

ਅੰਗ੍ਰੇਜ਼ੀ ਅਤੇ ਕਾਨੂੰਨੀ ਪੜ੍ਹਾਈ ਖਾਤਰ 200 ਰੁਪੈ ਮਹੀਨੇ ਤੇ ਮੁਲਾਜ਼ਮ ਰੱਖਿਆ ਹੈ, ਤਾਂ ਜੋ ਮੈਂ ਆਉਂਦੇ ਸਮੇਂ ਦੌਰਾਨ ਸਰਕਾਰ ਵੱਲੋਂ ਮੈਨੂੰ ਪੁਚਾਏ ਗਏ ਨੁਕਸਾਨ ਦੇ ਹਰਜਾਨੇ ਲਈ ਅਦਾਲਤੀ ਲੜਾਈ ਲੜ ਸਕਾਂ, ਤੇ ਜੇ ਉਹਨਾਂ ਨੂੰ ਜਹਾਜ਼ 'ਤੇ ਸਵਾਰ ਨਾ ਹੋਣ ਦਿੱਤਾ ਗਿਆ ਤਾਂ ਉਹ ਜਹਾਜ਼ ਨੂੰ ਇੱਥੋਂ ਚਲਣ ਹੀ ਨਹੀਂ ਦੇਵੇਗਾ।

[ਨੋਟ: ਮੇਰੇ ਸਹਿਯੋਗੀ ਲੇਖਕ ਡਾ. ਗੁਰਦੇਵ ਸਿੰਘ ਸਿੱਧੂ ਜੀ ਦੀ ਖੋਜ ਮੁਤਾਬਕ ਇਹ ਦੋਵੇਂ ਭਰਾ, ਹੈਦਰਾਵਾਦ (ਸਿੰਧ), ਦੀ ਮਨਸੁਖਾਨੀ ਗਲੀ ਦੇ ਵਾਸੀ ਸ਼੍ਰੀ ਤੋਤੀ ਰਾਮ ਦੇ ਬੇਟੇ ਸਨ। ਵੱਡੇ ਭਰਾ ਦੀ ਉਮਰ ਉਸ ਵੇਲੇ 23 ਸਾਲ ਦੀ ਸੀ ਤੇ ਉਹ ਪੂਨਾ ਦੇ ਫਰਗੁਸਨ ਕਾਲੇਜ ਵਿੱਚ ਪ੍ਰੋਫੈਸਰ ਸੀ, ਜਿਥੇ ਉਹ ਪ੍ਰੋ: ਜੇ.ਟੀ.ਮਨਸੁਖਾਣੀ ਵਜੋਂ ਜਾਣਿਆ ਜਾਂਦਾ ਸੀ ਤੇ ਜੋ ਬਾਲ ਗੰਗਾਧਰ ਤਿਲਕ ਦਾ ਸ਼ਰਧਾਲੂ ਹੋਣ ਕਰਕੇ ਗ਼ਦਰ ਪਾਰਟੀ ਤੋਂ ਵੀ ਪ੍ਰਭਾਵਿਤ ਸੀ; ਛੋਟਾ ਭਰਾ ਨਰਾਇਨ ਉਸ ਵੇਲੇ ਅਜੇ 17 ਸਾਲ ਦਾ ਹੀ ਸੀ: ਦਰਅਸਲ ਵੱਡਾ ਭਰਾ ਆਪਣੇ ਛੋਟੇ ਭਰਾ ਨੂੰ ਅਮਰੀਕਾ ਨਾਲ ਲਿਜਾਕੇ ਉਸਨੂੰ ਉਥੇ ਵਸਾਉਣ ਲਈ ਉਧਰ ਵੱਲ ਨੂੰ ਜਾ ਰਿਹਾ ਸੀ ਕਿ ਰਸਤੇ ਵਿੱਚ ਕੋਬੇ ਬੰਦਰਗਾਹ ਤੇ ਉਹਦਾ ਮੇਲ ਬਾਬਾ ਗੁਰਦਿੱਤ ਸਿੰਘ ਨਾਲ ਹੋ ਗਿਆ ਤਾਂ ਉਸਨੇ ਆਪਣਾ ਅਮਰੀਕਾ ਵਾਲਾ ਮਿਸ਼ਨ ਤਿਆਗ ਦਿੱਤਾ ਅਤੇ ਕੋਮਾਗਾਟਾ ਮਾਰੂ ਦੇ ਜਹਾਜ਼ੀਆਂ ਨਾਲ ਜੁੜ ਗਿਆ ਸੀ। ਚੂੰਕਿ ਸਿੰਧ ਉਨ੍ਹੀਂ ਦਿਨੀਂ ਬੰਬਈ (ਪ੍ਰੈਜ਼ੀਡੈਂਸੀ) ਸੂਬੇ ਵਿੱਚ ਸੀ, ਇਸ ਲਈ ਇਹਨਾਂ ਦੋਹਾਂ ਨੂੰ ਨਵੰਬਰ-ਦਸੰਬਰ 1914 ਵਿੱਚ ਪੁਲਿਸ ਪਹਿਰੇ ਵਿੱਚ ਬੰਬਈ ਪ੍ਰੈਜ਼ੀਡੈਂਸੀ ਦੀ ਸੀ.ਆਈ.ਡੀ. ਦੇ ਸਪੁਰਦ ਦਰ ਦਿੱਤਾ ਸੀ; ਪਿਛੋਂ ਜਵਾਹਰ ਮਲ ਨੂੰ ਤਿੰਨ ਸਾਲ ਪੂਨੇ ਦੀ ਜੇਲ੍ਹ ਵਿੱਚ ਬੰਦ ਰੱਖਿਆ ਗਿਆ ਸੀ। ਸਿਹਤ ਖਰਾਬ ਹੋ ਜਾਣ ਤੇ 1917 ਵਿੱਚ ਰਿਹਾਅ ਕਰ ਦਿੱਤਾ ਗਿਆ। ਜੇਲ੍ਹੋਂ ਰਿਹਾਅ ਹੋਕੇ ਉਹ ਘਰ ਨਹੀਂ ਗਿਆ ਬਲਕਿ ਉਹਨੇ ਸਨਿਆਸ ਲੈ ਲਿਆ ਤੇ ਸਵਾਮੀ ਗੋਵਿੰਦ ਨੰਦ ਦੇ ਨਾਂਅ ਨਾਲ ਜਾਣਿਆ ਜਾਣ ਲੱਗਾ, ਪਰ ਉਹ ਲਗਾਤਾਰ ਕੋਮਾਗਾਟਾ ਮਾਰੂ ਦੇ ਮੁਸਾਫਰਾਂ ਦੇ ਹੱਕ ਵਿੱਚ ਲਿਖਦਾ-ਬੋਲਦਾ ਹੀ ਰਿਹਾ; ਸਰਕਾਰ ਨੇ 1921 ਵਿੱਚ ਗ੍ਰਿਫਤਾਰ ਕਰਕੇ ਪੰਜ ਸਾਲ ਦੀ ਕੈਦ ਸੁਣਾ ਦਿੱਤੀ — ਲੇਖਕ]

"ਮੈਂ ਬ੍ਰਿਟਿਸ਼ ਕੌਂਸਲਰ ਨੂੰ ਰਿਪੋਰਟ ਕੀਤੀ ਜੀਹਨੇ ਹੋਰ ਕਿਸੇ ਪੁਆੜੇ ਤੋਂ ਬਚਣ ਲਈ ਉਹਨਾਂ ਨੂੰ ਲੈ ਜਾਣ ਦੀ ਹੀ ਸਲਾਹ ਦਿੱਤੀ।

"ਤਾਂ ਫਿਰ ਅਸੀਂ ਸਿੰਗਾਪੁਰ ਵੱਲ ਨੂੰ ਚਲ ਪਏ ਜਿਥੇ ਜਹਾਜ 16 ਸਤੰਬਰ ਨੂੰ ਪੁਜਾ ਸੀ। ਕੋਬੇ ਤੋਂ ਸਿੰਗਾਪੁਰ ਵਾਲੇ ਸਫ਼ਰ ਵਿਚਾਲੇ ਦਿਨ 'ਚ ਦੋ ਵਾਰੀ ਲੈਕਚਰ ਹੁੰਦੇ ਰਹੇ ਅਤੇ ਮੁਸਾਫਰਾਂ ਨੂੰ ਇਸ ਬਾਰੇ ਬਿਗਲ ਵਜਾ ਕੇ ਸੂਚਿਤ ਕੀਤਾ ਜਾਂਦਾ ਸੀ।

"ਗੁਰਦਿੱਤ ਸਿੰਘ ਵਿਰੋਧੀ ਭਾਨ ਸਿੰਘ ਜੁੰਡਲੀ ਇਹਨਾਂ ਭਾਸ਼ਨਾਂ 'ਚ ਹਾਜ਼ਰ ਨਹੀਂ ਸੀ ਹੁੰਦੀ (ਨੋਟ: ਭਾਨ ਸਿੰਘ ਨਾਂਅ ਦਾ ਇੱਕੋ ਇੱਕ ਮੁਸਾਫਰ ਰਿਕਾਰਡ ਮੁਤਾਬਿਕ ਪਿੰਡ ਲੋਹਾਰਵਾਲਾ, ਥਾਨਾ ਸਰਹਾਲੀ, ਅੰਮ੍ਰਿਤਸਰ ਦਾ ਸੀ — ਲੇਖਕ )। ਇਹਨਾਂ ਦੋਹਾਂ ਨੌਜਵਾਨ ਮੁਸਾਫਰਾਂ ਚੋਂ ਵੱਡਾ ਭਰਾ ਜਵਾਹਰ ਮੱਲ ਹੀ ਮੁੱਖ ਬੁਲਾਰਾ ਹੁੰਦਾ, ਪਰ ਵਿਚ-ਵਿਚਾਲੇ ਗੁਰਦਿੱਤ



ਸਿੰਘ ਅਤੇ ਉਹਦਾ ਸੈਕਟਰੀ ਵੀ ਮੁਸਾਫਰਾਂ ਨੂੰ ਭਾਸ਼ਨ ਦੇਂਦੇ ਸੀ; ਮੇਰੀ ਜਾਣਕਾਰੀ ਮੁਤਾਬਕ ਹੋਰ ਕੋਈ ਲੈਕਚਰ ਨਹੀਂ ਸੀ ਦੇਂਦਾ।

**(ਸ) ਸਿੰਘਾਪੁਰ**

"ਜਦੋਂ ਅਸੀਂ ਸਿੰਗਾਪੁਰ ਪਹੁੰਚੇ ਤਾ ਬੰਦਰਗਾਹ ਅਧਿਕਾਰੀ (Harbour Master) ਮੈਨੂੰ ਆਪਣੇ ਨਾਲ ਸਾਹਿਲ 'ਤੇ ਲੈ ਗਿਆ ਜਿਥੇ ਮੈਨੂੰ ਬਿਨਾ ਕਿਸੇ ਢਿਲ ਦੇ ਕਲਕੱਤੇ ਲਈ ਰਵਾਨਾ ਹੋਣ ਦੇ ਆਦੇਸ਼ ਦੇ ਦਿੱਤੇ ਗਏ; ਪਤਾ ਲੱਗਣ ਤੇ ਗੁਰਦਿੱਤ ਸਿੰਘ ਅਤੇ ਦੋਵੇਂ ਸਿੰਧੀ ਨੌਜਵਾਨ ਮੇਰੇ ਪਾਸ ਆਏ ਤੇ ਮੇਰੇ ਤੇ ਜ਼ੋਰ ਪਾਇਆ ਕਿ ਅਸੀਂ ਸਾਹਿਲ ਤੇ ਜਾਣਾ ਹੀ ਹੈ, ਕਿਉਂਕਿ ਅਸਾਂ ਰਾਸ਼ਨ ਪਾਣੀ ਤੇ ਦਵਾਈਆਂ ਲਿਆਉਣ ਤੋਂ ਇਲਾਵਾ ਜਾਪਾਨੀ ਕਰੰਸੀ (currency) ਨੂੰ ਰੁਪਇਆਂ 'ਚ ਬਦਲਣਾ ਹੈ; ਉਹਨਾਂ ਮੈਨੂੰ ਕਿਹਾ ਕਿ ਜਿੰਨਾ ਚਿਰ ਉਹ ਇਹ ਤਿੰਨੇ ਕੰਮ ਨਿਪਟਾ ਨਾ ਲੈਣ, ਜਹਾਜ਼ ਏਥੋਂ ਨਹੀਂ ਚਲਣਾ ਚਾਹੀਦਾ।

"ਮੈਂ ਉਹਨਾਂ ਨੂੰ ਲੋੜੀਂਦੀ ਆਗਿਆ ਲੈਣ ਖਾਤਰ ਦਰਖਾਸਤ ਲਿਖਵਾਈ, ਜੋ ਮੈਂ ਬੰਦਰਗਾਹ ਅਧਿਕਾਰੀ ਰਾਹੀਂ ਗਵਰਨਰ ਨੂੰ ਭੇਜ ਦਿੱਤੀ: ਗਵਰਨਰ ਨੇ ਮੈਨੂੰ ਬੁਲਾ ਭੇਜਿਆ, ਪਰ ਮੁਸਾਫਰ ਮੈਨੂੰ ਇਕੱਲੇ ਨੂੰ ਸਾਹਿਲ ਤੇ ਜਾਣ ਹੀ ਨਾ ਦੇਣ; ਇਹ ਸ਼ਰਾਰਤ ਵੀ ਜਵਾਹਰ ਮਲ ਦੀ ਹੀ ਸੀ। 18 ਸਤੰਬਰ ਨੂੰ ਜਾਪਾਨੀ ਕੌਂਸਲਰ 50-60 ਪੁਲਿਸ ਫੋਰਸ ਨਾਲ ਕਿਸ਼ਤੀ ਤੇ ਆਇਆ। ਗੁਰਦਿੱਤ ਸਿੰਘ ਨੇ ਪੁਲਿਸ ਨਾਲ ਮਲਾਈ ਭਾਸ਼ਾ 'ਚ ਲੰਮੀ-ਚੌੜੀ ਗੱਲਬਾਤ ਕੀਤੀ। ਪੁਲਿਸ ਵਾਲੀ ਕਿਸ਼ਤੀ ਜਹਾਜ਼ ਦੇ ਕੋਲ ਆ ਗਈ ਤੇ ਜਹਾਜ਼ ਤੇ ਛਾਪੇ ਲਈ ਤਿਆਰ ਹੋ ਗਈ।

"ਮੁਸਾਫਰਾਂ ਨੇ ਵੀ ਟਾਕਰੇ ਲਈ ਪਾਣੀ ਸੁਟਣ ਵਾਲੀਆਂ ਪਾਈਪਾਂ, ਪਿਸਤੌਲ, ਤਲਵਾਰਾਂ ਸੂਤ ਲਈਆਂ ਤਾਂ ਮੇਰੇ ਚੀਫ ਇਨਜੀਨੀਅਰ ਨੇ ਜਾਪਾਨੀ ਕੌਂਸਲਰ ਨੂੰ ਜਾਪਾਨੀ 'ਚ ਕਿਹਾ ਕਿ ਮੁਸਾਫਰ ਟਾਕਰੇ ਲਈ ਪੂਰੀ ਤਿਆਰੀ ਕਰੀ ਖਲੋਤੇ ਹਨ। ਪਰ ਉਸੇ ਪਲ ਗੁਰਦਿੱਤ ਸਿੰਘ ਸਰਪੱਟ ਦੌੜ ਕੇ ਮੇਰੇ ਕੋਲ ਆਇਆ ਤੇ ਮੈਨੂੰ ਸੁਲਾਹ-ਸਫਾਈ ਦੀ ਪੇਸ਼ਕਸ ਕਰਦਿਆਂ ਕਿਹਾ ਕਿ ਉਹ ਏਥੋਂ ਚਲ ਪੈਣਗੇ ਜੇ ਗਵਰਨਰ ਉਹਨਾਂ ਨੂੰ ਚਿੱਠੀ ਲਿਖ ਦੇਵੇ ਕਿ ਅਸੀਂ ਇਥੇ ਨਹੀਂ ਉਤਰ ਸਕਦੇ, ਪਰ ਨਾਲ ਹੀ ਇਹ ਸ਼ਰਤ ਵੀ ਰੱਖ ਦਿੱਤੀ ਕਿ ਸਾਨੂੰ ਲੋੜੀਂਦੀ ਸਮਗਰੀ ਮੁਹਈਆ ਕਰਾਈ ਜਾਵੇ, ਤਾਂ ਫਿਰ ਪੁਲਿਸ ਨੇ ਚੇਤਾਵਨੀ ਦਿੱਤੀ ਕਿ ਜੇ ਉਹ ਅਮਨ-ਅਮਾਨ ਨਾਲ ਇੱਥੋਂ ਨਹੀਂ ਜਾਣਗੇ ਤਾਂ ਉਹਨਾਂ ਖਿਲਾਫ਼ ਸਖ਼ਤ ਕਾਵਾਈ ਕੀਤੀ ਜਾਏਗੀ।

"ਪੁਲਿਸ ਦੇ ਉਥੋਂ ਚਲੇ ਜਾਣ ਪਿਛੋਂ ਗੁਰਦਿੱਤ ਸਿੰਘ ਨੇ ਜਵਾਹਰ ਮਲ ਨਾਲ ਲੰਮਾ ਵਿਚਾਰ-ਵਟਾਂਦਰਾ ਕਰਨ ਪਿਛੋਂ ਮੈਨੂੰ ਉਥੋਂ ਚਲ ਪੈਣ ਦਾ ਇਸ਼ਾਰਾ ਕਰ ਦਿੱਤਾ। ਪਰ ਜਦੋਂ ਅਸੀਂ ਰਸਤੇ ਵਿੱਚ ਇੱਕ ਸੋੜੇ ਰਾਹ 'ਚੋਂ ਲੰਘ ਰਹੇ ਸਾਂ ਤਾਂ ਗੁਰਦਿੱਤ ਸਿੰਘ ਨੇ ਕਿਹਾ ਕਿ ਉਹ ਮੈਨੂੰ ਛੋਟੀ ਕਿਸ਼ਤੀ ਰਾਹੀਂ ਨੇੜਲੇ ਸਾਹਿਲ ਤੋਂ ਦਵਾਈ ਲਿਆਉਣ ਦੇਵੇ। ਮੈਨੂੰ ਲਗਦੈ ਕਿ ਉਹ ਭਾਰਤ ਪੁਜਣੋਂ ਪਹਿਲਾਂ ਆਪਣੀਆਂ ਪਿਸਤੌਲਾਂ ਵਾਲੀਆਂ ਪੇਟੀਆਂ ਉਤਾਰ ਦੇਣਾ ਚਾਹੁੰਦੇ, ਪਰ ਮੈਂ ਅਜੇਹਾ ਕਰਨ ਤੋਂ ਇਹ ਕਹਿਕੇ ਇਨਕਾਰ ਕਰ ਦਿੱਤਾ ਕਿ ਹੁਣ ਚੂੰਕਿ ਉਹ ਜਹਾਜ਼ ਦਾ ਸੰਚਾਲਕ (charterer) ਨਹੀਂ ਰਿਹਾ ਇਸ ਲਈ ਮੈਂ ਸਰਕਾਰੀ ਆਦੇਸ਼ ਦੀ ਹੀ ਪਾਲਣਾ ਕਰਾਂਗਾ।

"ਇਸ ਤੋਂ ਪਿਛੋਂ ਅਸੀਂ ਕਲਕੱਤੇ ਨੇੜੇ ਡਾਇਮੰਡ ਹਾਰਬਰ (Diamond Harbour) ਹੀ ਜਾ ਰੁਕੇ ਸਾਂ।"






## 'ਸੁਆਗਤ': ਦੇਸ਼ ਹੋਇਆ ਪਰਦੇਸ਼ !




ਕਾਮਾਗਾਟਾ ਮਾਰੂ ਦੇ ਯਾਤਰੀ ਬਜ ਬਜ ਘਾਟ ਵਿਖੇ ਜਹਾਜ 'ਚੋਂ ਬਾਹਰ ਆਉਂਦੇ ਹੋਏ

ਹੁਣ ਇੱਕ ਪਾਸੇ ਤਾਂ ਹਜ਼ਾਰਾਂ ਗ਼ਦਰੀ ਸੀਸ ਤਲੀ ਤੇ ਧਰਕੇ ਗ਼ਦਰ ਮਚਾਉਣ ਲਈ ਦੇਸ਼ ਪਰਤ ਰਹੇ ਸਨ, ਤੇ ਨਾਲ ਦੇ ਨਾਲ ਹੀ ਇਹ ਮੁਸਾਫਰ ਜ਼ਬਰਦਸਤੀ ਭਾਰਤ ਲਿਆਂਦੇ ਜਾ ਰਹੇ ਸਨ। ਪਰ ਸਰਕਾਰੇ ਆਲ੍ਹਾ ਨੇ ਦੋਹਾਂ ਨੂੰ ਹੀ ਘਰੀ ਪਰਤਣ ਦੇ 'ਅਯੋਗ' ਕਰਾਰ ਦੇ ਦਿੱਤਾ। ਇਸ ਮਕਸਦ ਦਾ ਇੱਕ ਆਰਡੀਨੈਂਸ ਭਾਰਤ ਸਰਕਾਰ ਨੇ 5 ਸਤੰਬਰ ਨੂੰ ਜਾਰੀ ਕੀਤਾ ਜਿਸ ਤਹਿਤ ਕਿਸੇ ਵੀ ਵਿਅਕਤੀ ਦੇ ਬਰਤਾਨਵੀ ਭਾਰਤ ਵਿੱਚ ਦਾਖਲੇ ਤੇ ਪਾਬੰਦੀ ਲਾ ਦਿੱਤੀ, ਕਿਉਂਕਿ ਉਹਨਾਂ ਦੇ ਬੇ-ਰੋਕਟੋਕ ਆਗਮਣ ਨਾਲ ਅਮਨ ਸ਼ਾਂਤੀ ਭੰਗ ਹੋਣ ਦਾ ਖ਼ਦਸ਼ਾ ਸੀ।

### ਆਰਡੀਨੈਂਸ ਨੰ. V 1914

"ਅਜੋਕੇ ਸੰਕਟਮਈ ਹਾਲਾਤ ਦੇ ਮੱਦੇਨਜ਼ਰ ਬਰਤਾਨਵੀ ਭਾਰਤੀ ਇਲਾਕੇ ਵਿੱਚ ਸਮੁੰਦਰੀ ਜਾਂ ਜ਼ਮੀਨੀ ਰਸਤਿਆਂ ਰਾਹੀਂ ਹਰ ਪ੍ਰਕਾਰ ਦੇ ਦਾਖਲੇ ਨੂੰ ਕਾਬੂ ਵਿੱਚ ਰੱਖਣਾ ਲਾਜ਼ਮੀ ਹੋ ਗਿਆ ਹੈ, ਤਾਕਿ ਸਰਕਾਰੀ ਨਜ਼ਾਮ ਨੂੰ ਕਿਸੇ ਤਰ੍ਹਾਂ ਦੀ ਹਾਨੀ ਨਾ ਪੁਜੇ।"

ਇਹਦੇ ਤਹਿਤ ਹਰੇਕ ਬਾਹਰੋਂ ਆਉਣ ਵਾਲੇ ਨੂੰ ਵਿਦੇਸ਼ੀ (foreigner) ਸਮਝਕੇ ਉਹਨੂੰ ਬ਼ਗੈਰ ਮੁਕਦਮਾ ਚਲਾਏ ਹਿਰਾਸਤ ਵਿੱਚ ਰੱਖੇ ਜਾਣ ਦੀ ਵਿਵਸਥਾ ਕਰ ਦਿੱਤੀ ਗਈ ਸੀ।

ਅਗੋਂ ਬੰਗਾਲ ਸਰਕਾਰ ਵੱਲੋਂ, ਜਿਸਨੇ ਇਸ ਜਾਬਰ ਆਰਡੀਨੈਂਸ ਨੂੰ ਲਾਗੂ ਕਰਨਾ ਸੀ, ਹਰੇਕ ਉੱਚ ਅਧਿਕਾਰੀ ਨੂੰ ਹੇਠ ਲਿਖੇ ਅਧਿਕਾਰ ਦੇ ਦਿੱਤੇ ਗਏ:—

1. ਉਹ ਕਿਸੇ ਅਜੇਹੇ ਵਿਅਕਤੀ ਨੂੰ ਉਨੀ ਦੇਰ ਹਿਰਾਸਤ ਵਿੱਚ ਰੱਖ ਸਕੇਗਾ ਜਿੰਨੀ ਦੇਰ ਉਹਦੀ ਸਹੀ ਸ਼ਨਾਖਤ (Identity establish) ਨਾ ਹੋ ਜਾਏ।
2. ਉਹਦੇ ਸਾਮਾਨ ਦੀ ਅਤੇ ਉਹਦੀ ਨਿੱਜੀ ਤਲਾਸ਼ੀ ਲੈਣ।

3. ਉਹਦੀ ਸ਼ਨਾਖ਼ਤ ਦੇ ਰਿਕਾਰਡ ਖਾਤਰ ਉਹਦੇ ਅੰਗੂਠਿਆਂ ਦੇ ਨਿਸ਼ਾਨ ਲੈਣ।
4. ਉਹਦੀ ਫੋਟੋ ਲੈਣ।
5. ਉਹਨੂੰ ਬਰਤਾਨਵੀ ਭਾਰਤ ਦੀ ਕਿਸੇ ਥਾਂ ਤੇ ਲੈ ਜਾਣ ਤੇ, ਉਥੇ ਹੀ ਰੱਖਣ ਅਤੇ ਅਜਿਹੀ ਥਾਂ ਤੇ ਲੈ ਜਾਣ ਲਈ ਗਾਰਦ ਤਾਈਨਾਤ ਕਰਨਾ।
6. ਕਿਸੇ ਇੱਕ ਥਾਂ ਤੇ ਜੂਹਬੰਦ ਕਰਨਾ ਤੇ ਇਹਦੀ ਪਾਲਨਾ ਹਿਤ ਜ਼ਮਾਨਤ ਲੈਣੀ।
7. ਉਹਨੂੰ ਸਮੇਂ ਸਮੇਂ ਉੱਚ ਅਧਿਕਾਰੀ ਕੋਲ ਹਾਜ਼ਰੀ ਭਰਦੇ ਰਹਿਣ ਦਾ ਹੁਕਮ ਜਾਰੀ ਕਰਨਾ।
8. ਉਹਦੀ ਜਨਤਕ ਗਤੀਵਿਧੀਆਂ ਦੀ ਮਨਾਹੀ ਦਾ ਹੁਕਮ ਜਾਰੀ ਕਰਨਾ।

ਜੇ ਉੱਚ ਅਧਿਕਾਰੀ ਆਪਣੀ ਤਹਿਕੀਕਾਤ ਦੇ ਆਧਾਰ ਤੇ ਕਿਸੇ ਵਿਅਕਤੀ ਨੂੰ ਬਾਕਾਇਦਾ ਹਿਰਾਸਤ ਵਿੱਚ ਲੈਣ, ਤੇ ਉਹਨੂੰ ਨਜ਼ਰਬੰਦ ਕਰਨ ਦੀ ਲੋੜ ਸਮਝੇ ਤਾਂ ਉਹ ਅਜੇਹੀ ਕਾਰਵਾਈ ਦੀ ਸਿਫਾਰਸ਼ ਸੰਬੰਧਤ ਸੂਬੇ ਦੀ ਸਰਕਾਰ ਕੋਲ ਕਰ ਸਕਦਾ ਹੈ।

**29 ਸਤੰਬਰ 1914 ਨੂੰ ਬੱਜ-ਬੱਜ ’ਚ ਹੋਏ ਖ਼ੂਨੀ ਕਾਂਡ ਦਾ ਬ੍ਰਿਤਾਂਤ:**

***(1) ਉੱਚ ਪੁਲਿਸ ਅਫਸਰ ਪੈਟਰੀ ਦੀ ਖੁਫ਼ੀਆ ਰਿਪੋਰਟ: ਮਿਤੀ 8.10.1914***

ਮੈਂ ਸਭ ਤੋਂ ਪਹਿਲਾਂ ਜ਼ਰੂਰੀ ਸਮਝਦਾ ਹਾਂ ਕਿ ਉਹਨਾਂ ਉਦੇਸ਼ਾਂ ਦੀ ਨਿਸ਼ਾਨਦੇਹੀ ਕੀਤੀ ਜਾਏ, ਜਿਨ੍ਹਾਂ ਨੂੰ ਮੁੱਖ ਰੱਖ ਕੇ ਸਰਕਾਰੀ ਅਮਲੇ ਦੀ ਬਾਹਰੋ ਪਰਤੇ ਮੁਸਾਫਰਾਂ ਨਾਲ ਸਿਝਣ ਦੀ ਡਿਊਟੀ ਲਾਈ ਸੀ; ਇਹਦੇ ਬਗ਼ੈਰ ਇਹਨਾਂ ਘਟਨਾਵਾਂ ਨੂੰ ਠੀਕ ਤੌਰ ਤੇ ਸਮਝਿਆ ਨਹੀਂ ਜਾ ਸਕੇਗਾ। ਮੈਂ ਕਲਕੱਤੇ ਆਉਣੋਂ ਪਹਿਲਾ ਪੰਦਰਾਂ ਦਿਨ ਸ਼ਿਮਲੇ ਲਾਏ ਸੀ, ਜਿਥੇ ਡਾਇਰੈਕਟਰ ਕ੍ਰਿਮੀਨਲ ਇੰਟੈਲੀਜੈਂਸ ਅਤੇ ਪੰਜਾਬ, ਬੰਗਾਲ ਸੂਬਿਆਂ ਦੇ ਉਚ ਅਧਿਕਾਰੀ ਵੀ ਮੌਜੂਦ ਸਨ, ਜਿਸ ਦੌਰਾਨ ਇਸ ਮਸਲੇ ਦੀ ਪੁਣਛਾਣ ਕੀਤੀ ਗਈ ਸੀ।

ਇਸ ਸਾਰੀ ਬਹਿਸ ਦਾ ਤੱਤ ਸਾਰ ਇਹ ਸੀ ਕਿ ਕੋਮਾਗਾਟਾ ਮਾਰੂ ਜਹਾਜ਼ ਦੇ ਮੁਸਾਫਰ, ਆਪਣੇ ਆਗੂ ਗੁਰਦਿੱਤ ਸਿੰਘ ਦੀ ਅਗਵਾਈ ਹੇਠ ਲਾਜ਼ਮੀ ਤੌਰ ਤੇ ਕਲਕੱਤੇ ਜਾਂ ਪੰਜਾਬ ਵਿੱਚ ਗੜਬੜ ਫੈਲਾਉਣਗੇ ਹੀ, ਇਸ ਲਈ ਇਹਨਾਂ ਨਾਲ, ਆਰਡੀਨੈਂਸ ਨੰ: 5, 1914 ਦੁਆਰਾ ਨਿਬੜਨਾ ਹੀ ਹੋਵੇਗਾ। ਦੂਜੇ ਸਬਦਾਂ ’ਚ ਗੁਰਦਿੱਤ ਸਿੰਘ ਤੇ ਹੋਰ ਅਜੇਹੇ ਸ਼ਰਾਰਤੀ ਵਿਅਕਤੀਆਂ ਨੂੰ ਕਾਬੂ ਕਰਕੇ, ਬਾਕੀ ਦੇ ਪੀੜਤ ਮੁਸਾਫਰਾਂ ਨੂੰ ਗੱਡੀ ਚੜ੍ਹਾਕੇ ਸਰਕਾਰੀ ਖਰਚ ਤੇ ਸਿੱਧੇ ਓਹਨਾਂ ਦੇ ਘਰੋਂ ਘਰੀਂ ਪੁਚਾ ਦਿੱਤਾ ਜਾਏਗਾ; ਇਹਨਾਂ ਲਈ ਪੰਜਾਬ ਵਿੱਚ ਪਹਿਲਾ ਆਰਜ਼ੀ ਠਿਕਾਣੇ ਦੇ ਤੌਰ ਤੇ ਲੁਧਿਆਣੇ ਦੇ ਕਿਲ੍ਹੇ ਦੀ ਚੋਣ ਵੀ ਕਰ ਲਈ ਗਈ ਸੀ। ਉਧਰ ਬੰਗਾਲ ਸਰਕਾਰ ਵੀ ਕਿਸੇ ਕੀਮਤ ਤੇ ਇਹਨਾਂ ਦੇ ਕਲਕੱਤੇ ’ਚ ਵਿਚਰਣ ਦੀ ਕਟਰ ਵਿਰੋਧੀ ਸੀ: ਬੰਗਾਲ ਸਰਕਾਰ ਬਾਜ਼ਿਦ ਸੀ ਕਿ ਕਿਸੇ ਕੀਮਤ ਤੇ ਵੀ ਮੁਸਾਫਰ ਦਰਿਆ ਰਾਹੀਂ ਕਲਕੱਤੇ ਤੱਕ ਨਾ ਪਹੁੰਚ ਸਕਣ, ਜਿਥੇ ਕਿ ਲਾਜ਼ਮੀ ਤੌਰ ਤੇ ਭੀੜ ਜੁੜੇਗੀ ਤੇ ਭੜਕਾਹਟ ਵਿੱਚ ਵੀ ਆ ਜਾਏਗੀ, ਜਿਸ ਨੂੰ ਰੋਕਣਾ ਸਾਡੀ ਸਾਰੀ ਸਕੀਮ ਦਾ ਮੁੱਖ ਮੁੱਦਾ ਵੀ ਸੀ।

ਲੰਮੀ ਸੋਚ-ਵਿਚਾਰ ਪਿੱਛੋਂ ਇਹ ਫੈਸਲਾ ਹੋਇਆ ਕਿ ਕੋਮਾਗਾਟਾ ਮਾਰੂ ਨੂੰ ਬੱਜ ਬੱਜ ਦੇ ਘਾਟ ਤੇ ਲੈ ਆਂਦਾ ਜਾਏ, ਜਿੱਥੇ ਥੋੜ੍ਹੇ ਫਾਸਲੇ ਤੇ ਪੈਂਦੇ ਰੇਲਵੇ ਸਟੇਸ਼ਨ ਤੇ ਸਪੈਸ਼ਲ ਗੱਡੀ ਤਿਆਰ ਰੱਖੀ ਜਾਏ, ਜਿਸ ਦੁਆਰਾ ਮੁਸਾਫਰਾਂ ਨੂੰ ਸਿੱਧਾ ਪੰਜਾਬ ਭੇਜ ਦਿੱਤਾ ਜਾਏ। ਪ੍ਰਾਪਤ



ਜਾਣਕਾਰੀ ਦੇ ਮੱਦੇਨਜਰ 27 ਸਤੰਬਰ ਸਵੇਰੇ ਅਧਿਕਾਰੀਆਂ ਨੂੰ ਮੁਸਾਫਰਾਂ ਨਾਲ ਸਿਝਣ ਲਈ ਭੇਜ ਦਿੱਤਾ ਗਿਆ। ਇੱਥੇ ਇਹ ਦੱਸਣਾ ਜ਼ਰੂਰੀ ਹੈ ਕਿ ਇਸ ਪੜਾਅ ਤੇ ਅਜੇ ਇਸ ਬਾਰੇ ਕੋਈ ਫੈਸਲਾ ਨਹੀਂ ਲਿਆ ਗਿਆ ਸੀ, ਕਿ ਗੁਰਦਿੱਤ ਸਿੰਘ ਤੇ ਅਜੇਹੇ ਹੋਰ ਨਜ਼ਰਬੰਦਾਂ ਨੂੰ ਵੀ ਇਸੇ ਗੱਡੀ ਵਿੱਚ ਹੀ ਪੰਜਾਬ ਵੱਲ ਨੂੰ ਭੇਜਿਆ ਜਾਏਗਾ, ਜਾਂ ਕਿ ਨਹੀਂ । ਇਸ ਬਾਰੇ ਫੈਸਲਾ ਇਸ ਕਰਕੇ ਟਾਲ ਦਿੱਤਾ ਗਿਆ ਕਿ ਜੇ ਤਾਂ ਇਹ ਜਾਪੇ ਕਿ ਮੁਸਾਫਰ ਗੁਰਦਿੱਤ ਸਿੰਘ ਜਿਹਾਂ ਦੀ ਪਿੱਠ ਤੇ ਨਹੀਂ ਹਨ, ਤਾਂ ਉਹਨਾਂ ਨੂੰ ਇਸੇ ਗੱਡੀ ’ਚ ਹੀ ਭੇਜ ਦਿੱਤਾ ਜਾਏ, ਤੇ ਜੇ ਮੁਸਾਫਰਾਂ ਵਿੱਚ ਉਹਨਾਂ ਪ੍ਰਤੀ ਆਦਰ-ਸਤਿਕਾਰ ਨਜ਼ਰ ਆਏ ਤਾਂ ਫਿਰ ਇਹਨਾਂ ਆਗੂਆਂ ਨੂੰ ਆਰਜ਼ੀ ਤੌਰ ਤੇ ਹਿਰਾਸਤ ਵਿੱਚ ਲੈਕੇ ਕਲਕੱਤੇ ਹੀ ਰੱਖਿਆ ਜਾਏ, ਤੇ ਪਿਛੋਂ ਮੌਕਾ ਦੇਖ ਕੇ ਪੰਜਾਬ ਭੇਜ ਦਿੱਤਾ ਜਾਏ।

(2) ਹੁਣ ਮੁਸਾਫਰਾਂ ਦੀਆਂ ਮਨੋ-ਦਸ਼ਾ ਬਾਰੇ ਸਾਡੇ ਕੋਲ ਪਹੁੰਚੀ ਜਾਣਕਾਰੀ ਦਾ ਖੁਲਾਸਾ ਕਰਨਾ ਚਾਹਾਂਗਾ, ਜਿੱਥੋਂ ਤੀਕ ਮੁਸਾਫਰਾਂ ਦੇ ਪਿਛੋਕੜ ਦਾ ਸੁਆਲ ਹੈ ਸਾਨੂੰ ਕੁੱਝ ਵੀ ਪਤਾ ਨਹੀਂ ਸੀ, ਤੇ ਲੈ ਦੇ ਕੇ ਸਾਡੇ ਕੋਲ ਤਾਂ ਡਾ. ਰਘੂਨਾਥ (ਸਾਬਕਾ ਅਸਿਸਟੈਂਟ ਸਰਜਨ 8 ਰਾਜਪੂਤ ਪਲਟਣ ਜੋ ਜਹਾਜ਼ ਦਾ ਮੈਡੀਕਲ ਅਫ਼ਸਰ ਸੀ) ਵੱਲੋਂ ਭੇਜੀ ਵੇਰਵਿਆ-ਭਰਪੂਰ ਚਿੱਠੀ ਹੀ ਸੀ, ਜਿਸ ਅੰਦਰ ਗੁਰਦਿੱਤ ਸਿੰਘ ਤੋਂ ਇਲਾਵਾ ਦਲਜੀਤ ਸਿੰਘ ਅਤੇ ਵੀਰ ਸਿੰਘ ਨੂੰ ਮੁੱਖ ਨਿਸ਼ਾਨਾ ਬਣਾਇਆ ਗਿਆ ਹੋਈਆ ਸੀ; ਚਿੱਠੀ ਵਿੱਚ ਜਹਾਜ਼ ’ਤੇ ‘ਗ਼ਦਰ’ ਅਖ਼ਬਾਰ ਵੰਡੇ ਜਾਣ ਤੇ ਇਤਰਾਜ਼ਯੋਗ ਤਕਰੀਰਾਂ ਕੀਤੇ ਜਾਣ ਦਾ ਵੀ ਜ਼ਿਕਰ ਸੀ। ਬੇਸ਼ਕ ਵੈਨਕੂਵਰ ਦੀਆਂ ਘਟਨਾਵਾਂ ਬਾਰੇ ਅਖ਼ਬਾਰੀ ਖ਼ਬਰਾਂ ਵਿੱਚ ਇੱਕ ਕਮੇਟੀ ਦੇ ਮੈਂਬਰਾਂ ਦੇ ਨਾਵਾਂ ਦਾ ਵੀ ਜ਼ਿਕਰ ਹੈ ਜੋ ਮੁਸਾਫਰਾਂ ਦੇ ਹਿੱਤਾਂ ਦੀ ਰੱਖਵਾਲੀ ਦੀ ਦਾਅਵੇਦਾਰ ਦਰਸਾਈ ਜਾਂਦੀ ਰਹੀ ਹੈ। ਉਹਨਾਂ ਨਾਵਾਂ ਨੂੰ ਧਿਆਨ ਵਿੱਚ ਰੱਖਦਿਆਂ ਅਸਾਂ ਜਹਾਜ਼ ਦੀ ਤਲਾਸ਼ੀ ਦੌਰਾਨ ਵੀ ਗੁਰਦਿੱਤ ਸਿੰਘ ਦੀ ਵੱਖੋ-ਵੱਖ ਯਾਤਰੀਆਂ ਨਾਲ ਨੇੜਤਾ ਦੀ ਥਾਹ ਲਾਉਣ ਦੀ ਕੋਸ਼ਿਸ਼ ਜਾਰੀ ਰੱਖੀ। ਜਿੱਥੋਂ ਤੱਕ ਰਾਜਸੀ ਭਾਵਨਾਵਾਂ ਦਾ ਸੰਬੰਧ ਹੈ, ਉਹ ਮੌਜੂਦ ਹੈ ਸਨ ਜ਼ਰੂਰ, ਪਰ ਸਾਨੂੰ ਇਹ ਨਹੀਂ ਸੀ ਪਤਾ ਕਿ ਕੌਣ-ਕੌਣ ਇਹਦੇ ਡੂੰਘੇ ਪ੍ਰਭਾਵ ਹੇਠਾਂ ਵਿਚਰ ਰਿਹਾ ਸੀ। **ਅਸੀਂ ਇਸ ਹਕੀਕਤ ਬਾਰੇ ਵੀ ਸੁਚੇਤ ਸਾਂ ਕਿ ਵੈਨਕੂਵਰ ਵਾਲੇ ਦੌਰ ਵਿੱਚ ਕਿਸੇ ਸ਼ਖ਼ਸ ਵੱਲੋਂ ਗੁਰਦਿੱਤ ਸਿੰਘ ਦੀਆਂ ਗੈਰ ਕਾਨੂੰਨੀ ਸਰਗਰਮੀਆਂ ਦੀ ਹਮਾਇਤ ਆਪਣੇ ਆਪ ਵਿੱਚ ਹੀ ਹਿੰਦ ਸਰਕਾਰ ਵਿਰੋਧੀ ਭਾਵਨਾ ਨਹੀਂ ਸਮਝੀ ਜਾ ਸਕਦੀ।**

*ਇੱਕ ਮੁੱਦੇ ਤੇ ਸਾਨੂੰ ਡਾ. ਰਘੂਨਾਥ ਸਿੰਘ ਨੇ ਕੁਰਾਹੇ ਜ਼ਰੂਰ ਪਾ ਦਿੱਤਾ ਸੀ ਕਿ ਮੁਸਾਫਰਾਂ ਦੀ ਬਹੁਗਿਣਤੀ ਗੁਰਦਿੱਤ ਸਿੰਘ ਹੱਥੋਂ ਐਨੀ ਸਤੀ ਹੋਈ ਮਹਿਸੂਸ ਕਰਦੀ ਹੈ ਉਹ ਸਰਕਾਰ ਦੇ ਉਪਰਾਲਿਆਂ ਵਿੱਚ ਰੁਕਾਵਟ ਨਹੀਂ ਬਣੇਗੀ: ਇਹ ਧਾਰਨਾ, ਜਿਵੇਂ ਕਿ ਅਸਾਂ ਪਿਛੋਂ ਜਾ ਕੇ ਵੇਖਿਆ ਨਿਰੋਲ ਮਨਘੜਤ ਸੀ ਤੇ ਗੁਰਦਿੱਤ ਸਿੰਘ ਦੀ ਮੁਸਾਫਰਾਂ ਉਪਰ ਪਕੜ ਅਤੇ ਜਕੜ ਕਿਸੇ ਅਜੇਹੇ ਕਿਆਫ਼ੇ ਨਾਲੋਂ ਕਿਤੇ ਵਧੇਰੇ ਬਲਵਾਨ ਸੀ।*

(3) 27 ਸਤੰਬਰ ਸਵੇਰੇ ਅੱਠ ਵੱਜੇ ਅਸੀਂ (ਉੱਚ ਅਧਿਕਾਰੀ) ਜਹਾਜ਼ ਦੀ ਤਲਾਸ਼ੀ ਲੈਣ ਲਈ ਕਲਪੀ ਪਹੁੰਚੇ, ਜੋ ਡਾਇਮੰਡ ਹਾਰਬਰ ਤੋਂ ਛੇ ਮੀਲ ਹੇਠਾਂ ਨੂੰ ਸੀ। ਅਸੀਂ ਗੁਰਦਿੱਤ ਸਿੰਘ ਨੂੰ ਮਿਲੇ ਤੇ ਉਹਨੂੰ ਦੱਸਿਆ ਕਿ ਨਵੇਂ ਆਰਡੀਨੈਂਸ ਤਹਿਤ ਅਸੀਂ ਜਹਾਜ਼ ਦੀ ਤਲਾਸ਼ੀ ਲੈਣ ਆਏ ਹਾਂ, ਤੇ ਸਰਕਾਰ ਮੁਸਾਫਰਾਂ ਨੂੰ ਉਨ੍ਹਾਂ ਦੇ ਘਰੀਂ (ਲੁਧਿਆਣਾ ਕਿਲ੍ਹੇ) ਪੁਚਾਏ ਜਾਣ

ਦਾ ਬੰਦੋਬਸਤ ਕਰਨ ਦੇ ਆਹਰ ਵਿੱਚ ਹੈ। ਤਲਾਸ਼ੀ ਦੇ ਮਾਮਲੇ 'ਚ ਕਿਸੇ ਨੇ ਉਜ਼ਰ ਨਹੀਂ ਕੀਤਾ। ਅਸਾਂ ਗੁਰਦਿੱਤ ਸਿੰਘ ਦੇ ਕੈਬਿਨ (Cabin) ਦੀ ਵੀ ਚੰਗੀ ਤਰ੍ਹਾਂ ਤਲਾਸ਼ੀ ਲਈ ਜਿੱਥੋਂ ਸਾਨੂੰ ਕੋਈ ਇਤਰਾਜ਼ਯੋਗ ਚੀਜ਼ ਨਹੀਂ ਮਿਲੀ; ਉਹਦੀ ਪੇਟੀ ਵਿੱਚ ਵੱਡੀ ਮਾਤਰਾ ਵਿੱਚ ਵੱਖੋ-ਵੱਖ ਦੇਸ਼ਾਂ ਦੇ ਨੋਟ ਆਦਿ ਮਿਲੇ ਜੋ ਅਸਾਂ ਵਾਪਸ ਰੱਖ ਕੇ ਪੇਟੀ ਨੂੰ ਮੁਹਰ-ਬੰਦ ਕਰ ਦਿੱਤਾ। ਹਨੇਰਾ ਪੈਣ ਤੱਕ ਸਾਡੀ ਤਲਾਸ਼ੀ ਸਿਰੇ ਨਹੀਂ ਸੀ ਚੜ੍ਹ ਸਕੀ, ਪਰ ਚੂੰਕਿ ਅਸੀਂ ਅਚਾਨਕ ਹੀ ਇਹ ਕਾਰਜ ਹੱਥ ਵਿਚ ਲਿਆ ਸੀ, ਤੇ ਸਾਨੂੰ ਤਲਾਸ਼ੀ ਦੌਰਾਨ ਕਿਸੇ ਸੰਦੂਕ ਆਦਿ ਨਾਲ ਬੇਲੋੜੀ ਛੇੜ-ਛਾੜ ਕੀਤੀ ਹੋਈ ਨਜ਼ਰ ਨਹੀਂ ਆਈ, ਇਸ ਲਈ ਅਸਾਂ ਅੰਦਾਜ਼ਾ ਲਾ ਲਿਆ ਕਿ ਇਸ ਮਾਮਲੇ 'ਚ ਅਗੋਂ ਜਾ ਕੇ ਵੀ ਅੱਜ ਦੀ ਤਲਾਸ਼ੀ ਦੇ ਸਿੱਟਿਆਂ ਦੀ ਹੀ ਪਰੋੜਤਾ ਹੋਵੇਗੀ। ਸਾਨੂੰ ਨਾ ਤਾਂ ਕੋਈ ਇਤਰਾਜ਼ਯੋਗ ਚੀਜ਼ ਹੀ ਮਿਲੀ ਅਤੇ ਨਾ ਹੀ ਕੋਈ ਹਥਿਆਰ, ਜਿਸਤੋਂ ਸਾਨੂੰ ਆਸ ਬਝ ਗਈ ਕਿ ਮੁਸਾਫਰਾਂ ਦੇ ਮਨਾਂ ਵਿੱਚ ਸਰਕਾਰ ਵਿਰੋਧੀ ਕੋਈ ਜਜ਼ਬਾ ਨਹੀਂ ਹੈ।

ਤਲਾਸ਼ੀ 28 **ਸਤੰਬਰ ਸਵੇਰੇ** ਫਿਰ ਚਾਲੂ ਹੋਈ, ਜੋ ਦੁਪਹਿਰ ਤੀਕ ਨੇਪਰੇ ਚੜ੍ਹ ਗਈ। ਕੁਲ ਮਿਲਾਕੇ ਸਾਨੂੰ ਮੁਸਾਫਰਾਂ ਦੇ ਸਾਮਾਨ ਵਿੱਚ ਕੋਈ ਵੀ ਇਤਰਾਜ਼ਯੋਗ ਚੀਜ਼ ਨਹੀਂ ਮਿਲੀ, ਉਹੋ ਜਿਹੀ ਵੀ ਨਹੀਂ ਜਿਹੜੀ ਕਿ ਬਾਹਰੋਂ ਪਰਤਦੇ ਸਾਧਾਰਨ ਪਰਵਾਸੀ ਅਕਸਰ ਲਿਆਉਂਦੇ ਫੜੇ ਜਾਂਦੇ ਨੇ। ਇਸਤੋਂ ਇਲਾਵਾ ਮੁਸਾਫਰਾਂ ਦਾ ਰਵਈਆ ਸਾਡੇ ਪ੍ਰਤੀ ਪਹਿਲੇ ਦਿਨ ਵਾਂਗ ਹੀ ਦੋਸਤਾਨਾ ਅਤੇ ਮਿਲਵਰਤਣੀਆਂ ਸੀ, ਹਾਲਾਂਕਿ ਜਿਹੜੇ ਸਾਡੇ ਪੰਜਾਬੀ ਪੁਲਸੀਏ ਰਾਤੀਂ ਜਹਾਜ਼ 'ਤੇ ਰੁਕੇ ਸਨ ਉਹਨਾਂ ਤੋਂ ਪਤਾ ਲੱਗਾ ਕਿ ਕੋਈ ਵੀ ਮੁਸਾਫਰ ਗੁਰਦਿੱਤ ਸਿੰਘ ਦੀ ਨੁਕਤਾਚੀਨੀ ਕਰਨ ਦੀ ਰੌਂ ਵਿੱਚ ਨਹੀਂ ਪਾਇਆ ਗਿਆ, ਜੋ ਸਾਡੇ ਲਈ ਪਹਿਲਾਂ ਅਣਸੁਖਾਵਾਂ ਸੰਕੇਤ ਸੀ।

ਜਹਾਜ਼ ਦੇ ਕਪਤਾਨ ਨੇ ਸਾਨੂੰ ਦੱਸਿਆ ਕਿ ਯਾਤਰੀਆਂ ਕੋਲ ਪੰਜ ਪਿਸਤੌਲ ਸਨ, ਜੋ ਉਹਨਾਂ ਜਹਾਜ਼ ਦੇ ਸਿੰਗਾਪੁਰੋਂ ਚਲਣ ਵੇਲੇ ਸਮੁੰਦਰ 'ਚ ਸੁਟ ਦਿੱਤੇ ਸਨ।

ਏਸ ਸਾਰੀ ਕਾਰਵਾਈ ਦੇ ਆਧਾਰ ਤੇ ਅਸੀਂ ਇਸ ਨਤੀਜੇ ਤੇ ਪਹੁੰਚੇ ਕਿ ਹੇਠ ਲਿਖੇ ਅੱਠ ਮੁਸਾਫਰਾਂ — (1) ਗੁਰਦਿੱਤ ਸਿੰਘ, (2) ਦਲਜੀਤ ਸਿੰਘ, (3) ਮੀਰ ਮੁਹੰਮਦ ਖਾਂ, (4) ਪੋਹਲਾ ਰਾਮ, (5) ਜਵਾਹਰ ਮੱਲ, (6) ਨਰਾਇਣ, (7) ਕਿਹਰ ਸਿੰਘ ਅਤੇ (8) ਹਰਨਾਮ ਸਿੰਘ ਨੂੰ ਨਜ਼ਰਬੰਦ ਕਰਨਾ ਯੋਗ ਹੋਵੇਗਾ।

ਪੰਜਾਬੀ ਸਿਪਾਹੀਆਂ ਨੂੰ ਜਹਾਜ਼ ਵਿੱਚ ਹੀ ਰਾਤ ਠਹਿਰਣ ਲਈ ਕਹਿ ਦਿੱਤਾ ਗਿਆ ਤਾਂਕਿ ਉਹ ਮੁਸਾਫਰਾਂ ਨਾਲ ਘੁਲ-ਮਿਲ ਕੇ ਸਾਡੇ ਮਤਲਬ ਦੀ ਕੋਈ ਜਾਣਕਾਰੀ ਹਾਸਲ ਕਰ ਸਕਣ।

(4) **29 ਸਤੰਬਰ** ਸਵੇਰੇ ਪੰਜ ਵਜੇ ਸਾਨੂੰ ਜਹਾਜ਼ 'ਤੇ ਪਹੁੰਚਣ ਤੇ ਪੰਜਾਬੀ ਪੁਲਸੀਆਂ ਤੋਂ (ਜਿਹੜੇ ਰਾਤੀ ਜਹਾਜ਼ ਤੇ ਹੀ ਰਹੇ ਸਨ) ਪਤਾ ਚਲਿਆ ਕਿ ਗੁਰਦਿੱਤ ਸਿੰਘ ਪ੍ਰਤੀ ਮੁਸਾਫਰਾਂ ਦੀ ਕੋਈ ਸ਼ਿਕਾਇਤ ਨਹੀਂ ਹੈ; ਬਲਕਿ ਉਹਦਾ ਪ੍ਰਭਾਵ ਤਾਂ ਸਰਵਸ਼ਕਤੀਮਾਨ (Paramount) ਹੈ ਅਤੇ ਕਈ ਤਾਂ ਉਹਨੂੰ ਆਪਣਾ ਗੁਰੂ ਅਤੇ ਹੱਕਾਂ ਦਾ ਰੱਖਵਾਲਾ ਮੰਨਦੇ ਹਨ।

ਜਹਾਜ਼ ਨੂੰ ਬੱਜ ਬੱਜ ਪਹੁੰਚਦਿਆਂ 9 ਵੱਜ ਗਏ ਜਿਸ ਦੌਰਾਨ ਮਿ. ਡੋਨਲਡ (ਡੀ.ਸੀ.) ਨੇ ਆਰਡੀਨੈਂਸ ਤਹਿਤ ਰਸਮੀ-ਕਾਗਜ਼ੀ ਕਾਰਵਾਈ ਪੂਰੀ ਕਰ ਲਈ ਸੀ, ਤੇ ਨਾਲੇ ਕਸਟਮ



(custom) ਅਧਿਕਾਰੀਆਂ ਨੇ ਆਟੇ ਦੀਆਂ ਬੋਰੀਆਂ ਦੀ ਤਲਾਸ਼ੀ ਲੈ ਲਈ, ਜੋ ਅਸੀਂ ਲੈ ਨਹੀਂ ਸੀ ਸਕੇ ਤੇ ਉਹਨਾਂ 'ਚ ਵੀ ਕੁੱਝ ਇਤਰਾਜ਼ਯੋਗ ਚੀਜ਼ ਨਹੀਂ ਮਿਲੀ।

ਜਿੱਥੋਂ ਤੱਕ ਨਜ਼ਰਬੰਦ ਕੀਤੇ ਜਾਣ ਵਾਲੇ (ਅੱਠ) ਵਿਅਕਤੀਆਂ ਦਾ ਸਵਾਲ ਸੀ, ਅਸਾਂ ਸੋਚਿਆ ਕਿ ਅਸੀਂ ਉਹਨਾਂ ਦੇ ਕੰਨੀ ਪਾ ਦਿਆਂਗੇ ਕਿ ਉਹ ਬਾਕੀ ਦੇ ਮੁਸਾਫਰਾਂ ਦੇ ਰਵਾਨਾ ਹੋਣ ਤੱਕ ਪਿੱਛੇ ਹੀ ਅਟਕੇ ਰਹਿਣ। ਓਧਰ ਚੂੰਕਿ ਜਹਾਜ਼ ਕਿਸੇ ਕਾਰਨ 10.30 ਵਜੇ ਤੋਂ ਪਹਿਲਾਂ ਚਲ ਨਹੀਂ ਸੀ ਸਕਦਾ, ਅਸੀਂ ਬੱਜ ਬੱਜ ਸਟੇਸ਼ਨ ਤੇ ਸਪੈਸ਼ਲ ਗੱਡੀ ਬਾਰੇ ਜਾਇਜ਼ਾ ਲੈਣ ਲਈ ਉੱਥੇ ਜਾ ਪਹੁੰਚੇ। ਗੱਡੀ ਤਿਆਰ-ਬਰ-ਤਿਆਰ ਸੀ ਤੇ ਕਲਕੱਤਿਉਂ ਲੁਧਿਆਣਾ ਪੁਲਿਸ ਦੇ 23 ਸਿਪਾਹੀਆਂ ਦੀ ਟੋਲੀ ਜੋ ਹੁਣੇ ਹੀ ਪਹੁੰਚੀ ਸੀ, ਉਹ ਵੀ ਸਾਡੀ ਸਹਾਇਤਾ ਲਈ ਉਥੇ ਮੌਜੂਦ ਸੀ।

ਨਾਸ਼ਤੇ ਪਿਛੋਂ ਅਸੀਂ ਜਹਾਜ਼ ਤੇ ਪਰਤੇ ਤੇ ਅਸਾਂ ਗੁਰਦਿੱਤ ਸਿੰਘ ਨੂੰ ਉਹਦੇ ਕੈਬਿਨ ਵਿੱਚ ਬੁਲਾਕੇ ਉਹਨੂੰ ਜਹਾਜ਼ੋਂ ਉਤਰ ਕੇ ਸਾਹਮਣੇ ਸਟੇਸ਼ਨ ਤੇ ਖੜੀ ਗੱਡੀ ਵਿੱਚ ਜਾਣ ਲਈ ਕਿਹਾ ਤਾਂ ਉਹਦਾ ਦੋ ਟੂਕ ਜਵਾਬ ਸੀ ਕਿ "ਅਸੀਂ ਬੱਜ ਬੱਜ (ਸਟੇਸ਼ਨ) ਤੇ ਨਹੀਂ ਜਾਵਾਂਗੇ ਤੇ ਨਾਲ ਹੀ ਕਿਹਾ ਕਿ ਜੇ ਅਸਾਂ ਕੋਈ ਗ਼ਲਤੀ ਕੀਤੀ ਹੈ ਤਾਂ ਕਿਸੇ ਜੱਜ ਨੂੰ ਸਾਡੇ ਬਿਆਨ ਲੈਣ ਲਈ ਭੇਜਿਆ ਜਾਏ ਤੇ ਫਿਰ ਜੇ ਸਰਕਾਰ ਚਾਹੇ ਤਾਂ ਸਾਨੂੰ ਗੋਲੀ ਨਾਲ ਉਡਾ ਦੇਵੇ ਤੇ ਜੇ ਉਹਨਾਂ ਨੂੰ ਮਰਨਾ ਵੀ ਪਵੇਗਾ ਤਾਂ ਉਹ ਇਕੱਠੇ ਹੀ ਮਰਨਗੇ।"




ਬਜ ਬਜ ਘਾਟ ਦੇ ਰੇਲਵੇ ਸਟੇਸ਼ਨ ਦਾ ਦ੍ਰਿਸ਼

ਇਸ ਰਿਪੋਰਟ ਦਾ ਅਗਲੇਰਾ ਭਾਗ ਪੁਲਿਸ, ਫੌਜ ਅਤੇ ਮੁਸਾਫਰਾਂ ਵਿੱਚ ਖਿਚੋਤਾਣ ਦਾ ਹੈ, ਜਿਸ ਦਾ ਅੰਤ 7.30 ਵਜੇ ਸ਼ਾਮੀਂ ਇੱਕ ਖ਼ੂਨੀ ਝੜਪ ਵਿੱਚ ਹੋਇਆ ਅਤੇ ਜਿਸ ਘੜਮਸ ਵਿੱਚ 19-20 ਮੁਸਾਫਰ ਮਾਰੇ ਗਏ, ਕਿੰਨੇ ਸਾਰੇ ਜ਼ਖਮੀ ਹੋਏ, ਤਿੰਨ ਪੁਲਸੀਏ ਵੀ ਹਲਾਕ ਹੋਏ ਅਤੇ ਕੁੱਝ ਕੁ ਨੂੰ ਸੱਟਾਂ ਵੀ ਲੱਗੀਆਂ।

*ਇੱਕ ਜਾਇਜ਼ਾ*

ਜਿਵੇਂ ਕਿ ਉਪਰਲੀ ਰਿਪੋਰਟ ਵਿੱਚ ਸਪਸ਼ਟ ਰੂਪ ਵਿੱਚ ਮੰਨਿਆ ਗਿਐ ਕਿ ਜਹਾਜ਼ ਦੀ ਡੇਢ ਦਿਨ ਲਗਾਤਾਰ ਤਲਾਸ਼ੀ ਦੌਰਾਨ ਕਿਸੇ ਦੇ ਸਾਮਾਨ 'ਚੋਂ ਜਾਂ ਮੁਸਾਫਰ ਕੋਲੋਂ ਕੋਈ ਨਾਜਾਇਜ਼/ਇਤਰਾਜ਼ਯੋਗ ਚੀਜ਼ ਬਰਾਮਦ ਨਹੀਂ ਹੋਈ, ਲਹਿਜ਼ਾ ਜਿਹੜੇ ਵੀ ਪੁਲਸੀਏ ਗੋਲੀ ਨਾਲ ਮਰੇ ਨੇ ਉਹ ਵੀ ਉਹਨਾਂ ਵਿੱਚੋਂ ਹੀ ਕਿਸੇ ਦੀ ਗੋਲੀ ਨਾਲ ਹੀ ਮਰੇ ਹੋਣਗੇ ਤੇ ਬਾਕੀ ਜਿਨ੍ਹਾਂ ਨੂੰ ਡਾਂਗਾ-ਸੋਟੇ ਵੱਜੇ ਹੋਏ ਨੇ ਉਹਨਾਂ ਨੂੰ ਕਿਸੇ ਨਾ ਕਿਸੇ ਮੁਸਾਫਰ ਨੇ ਭੜਕਾਹਟ ਵਿੱਚ ਜਾ ਬਚਾਅ ਖਾਤਰ ਕਿਸੇ ਪੁਲਸੀਏ ਦੀ ਡਾਂਗ ਖੋਹ ਕੇ ਉਹਦੇ ਮਾਰੀ ਹੋਵੇਗੀ।

ਪਰ ਜੇ ਉਪਰਲੀ ਰਿਪੋਰਟ ਦੇ ਪਹਿਲੇ ਦੋ ਪੈਰ੍ਹਿਆਂ ਨੂੰ ਪੜ੍ਹੀਏ ਤਾਂ ਇਸ ਝੜਪ ਦਾ ਮੂਲ ਕਾਰਨ ਇਹ ਸੀ ਕਿ ਸਰਕਾਰ ਲੁਕਵੇ ਢੰਗ ਨਾਲ ਮੁਸਾਫਰਾਂ ਨੂੰ ਗੁਰਦਿੱਤ ਸਿੰਘ ਸਮੇਤ ਜਹਾਜ਼ੀ ਆਗੂਆਂ ਤੋਂ ਨਖੇੜ ਕੇ ਉਹਨਾਂ ਸਾਰਿਆਂ ਨੂੰ 'ਸਬਕ ਸਿਖਾਣਾ' ਚਾਹੁੰਦੀ ਸੀ ਅਤੇ ਸਰਕਾਰ ਨੂੰ ਇਹ ਗੱਲ ਹਜ਼ਮ ਨਹੀਂ ਸੀ ਹੋ ਰਹੀ ਕਿ ਮੁਸਾਫਰਾਂ ਦੀ ਇਹ ਬਗ਼ਾਵਤ ਪੂਰੇ ਸਮੂਹ ਦੀ ਬਗ਼ਾਵਤ ਸੀ, ਨਾ ਕਿ ਕੁੱਝ 'ਸ਼ਰਾਰਤੀ ਅਨਸਰਾਂ' ਦੀ ਖੁਫ਼ੀਆ ਸਾਜਿਸ਼। ਦੱਸਣਯੋਗ ਹੈ ਕਿ ਲੰਮੀਆਂ ਚੌੜੀਆਂ ਸਰਕਾਰੀ ਰਿਪੋਰਟਾਂ ਸਾਰੀਆਂ ਇਸ ਮੁੱਦੇ ਤੇ ਇੱਕ ਮੱਤ ਹਨ ਕਿ ਕਿਸੇ ਵੀ ਪੜਾਅ ਤੇ ਮੁਸਾਫਰਾਂ ਨੂੰ ਇਹ ਸਪਸ਼ਟ ਨਹੀਂ ਕੀਤਾ ਗਿਆ ਕਿ ਉਹ ਆਰਡੀਨੈਂਸ 5 ਦੇ ਅਧੀਨ ਨਜ਼ਰਬੰਦ ਕੀਤੇ ਜਾ ਰਹੇ ਹਨ। ਫੌਜਦਾਰੀ ਨਿਯਮਾਵਲੀ ਅਨੁਸਾਰ, ਜਦੋਂ ਦਫ਼ਾ 144 ਵੀ ਲਾਗੂ ਕੀਤੀ ਜਾਂਦੀ ਹੈ ਤਾਂ ਜ਼ਰੂਰੀ ਹੈ ਕਿ ਪਹਿਲਾ ਜਨਤਾ ਨੂੰ ਸ਼ਰੇਆਮ ਸੂਚਿਤ ਕੀਤਾ ਜਾਏ, ਤੇ ਇਹਦੇ ਲਾਗੂ ਹੋਣ ਪਿੱਛੋਂ ਜੇ ਕਿਤੇ ਭੀੜ ਨੂੰ ਖਿੰਡਾਉਣ ਲਈ ਤਾਕਤ ਦਾ ਇਸਤੇਮਾਲ ਕਰਨਾ ਹੋਵੇ ਵੀ ਤਾਂ ਪਹਿਲਾਂ ਉਸ ਭੀੜ ਨੂੰ ਚੇਤਾਵਨੀ ਦੇਣੀ ਜ਼ਰੂਰੀ ਹੁੰਦੀ ਹੈ ਕਿ "ਇਹ ਇਕੱਠ ਗੈਰ-ਕਾਨੂੰਨੀ ਹੈ।" ਸੋ ਜੇ ਦਫ਼ਾ 144 ਵਰਗੀ ਮਾਮੂਲੀ ਧਾਰਾ ਲਾਗੂ ਕਰਨ ਲਈ ਅਜੇਹੀ ਵਿਵਸਥਾ ਹੈ ਤਾਂ ਐਨੇ ਜਾਬਰ ਆਰਡੀਨੈਂਸ ਨੂੰ ਲਾਗੂ ਕਰਨ ਵੇਲੇ ਯੋਗ ਕਾਨੂੰਨੀ ਪ੍ਰਕ੍ਰਿਆ ਦਾ ਪਾਲਣ ਕਿਉਂ ਨਹੀਂ ਸੀ ਕੀਤਾ ਗਿਆ, ਇਸਦਾ ਜਵਾਬ ਕਿਸੇ ਵੀ ਸਰਕਾਰੀ ਅਧਿਕਾਰੀ ਵੱਲੋਂ ਨਹੀਂ ਦਿੱਤਾ ਜਾ ਸਕਿਆ।

**ਰੋਲਟ ਕਮੇਟੀ (1917-18) ਦਾ 29 ਸਤੰਬਰ ਕਾਂਡ ਬਾਰੇ ਖੁਲਾਸਾ:—**

"ਕਾਮਾਗਾਟਾ ਮਾਰੂ, ਹੁਗਲੀ ਦਰਿਆ ਦੇ ਦਹਾਨੇ ਤੇ 26 ਸਤੰਬਰ ਨੂੰ ਪੁਜਾ ਸੀ ਤੇ 29 ਸਤੰਬਰ 11 ਵਜੇ ਸਵੇਰੇ ਬੱਜ ਬੱਜ ਕੋਲ ਠਹਿਰਾ ਦਿੱਤਾ ਗਿਆ, ਜਿੱਥੇ ਇੱਕ ਸਪੈਸ਼ਲ ਗੱਡੀ ਮੁਸਾਫਰਾਂ ਨੂੰ ਬਿਨਾ ਕਿਰਾਏ ਦੇ ਪੰਜਾਬ ਲੈ ਜਾਣ ਲਈ ਤਿਆਰ ਖੜ੍ਹੀ ਸੀ। ਸਰਕਾਰ ਉਸ ਮੌਕੇ ਆਰਡੀਨੈਂਸ 5 ਅਧੀਨ ਕਾਰਵਾਈ ਕਰ ਰਹੀ ਸੀ, ਜਿਸ ਮੁਤਾਬਕ ਉਹਦੇ ਕੋਲ 5 ਸਤੰਬਰ 1914 ਤੋਂ ਪਿਛੋਂ, ਕਿਸੇ ਨੂੰ ਵੀ ਹਿੰਦੁਸਤਾਨ ਅੰਦਰ ਬਾਹਰੋਂ ਦਾਖਲ ਹੋ ਰਹੇ ਵਿਅਕਤੀ (ਜੇ ਅਜੇਹਾ ਕਰਨਾ ਸਰਕਾਰ ਦੀ ਸਲਾਮਤੀ ਲਈ ਜ਼ਰੂਰੀ ਸਮਝਿਆ ਜਾਏ ਤਾਂ) ਇਧਰ-ਉਧਰ ਜਾਣ ਤੇ ਲੋੜੀਂਦੀ ਪਾਬੰਦੀ ਲਾ ਸਕਦੀ ਸੀ। ਸਰਕਾਰ ਪਾਸ ਗੁਰਦਿੱਤ ਸਿੰਘ ਅਤੇ ਉਹਦੇ ਹਮਾਇਤੀਆਂ ਦੇ ਇਰਾਦਿਆਂ ਬਾਰੇ ਜਾਣਕਾਰੀ ਉਪਲਬਦ ਸੀ, ਜਿਸਦੀ ਪੁਸ਼ਟੀ ਅੱਗੋਂ ਜਾਕੇ ਵਾਪਰੀਆਂ ਘਟਨਾਵਾਂ ਨੇ ਕਰ ਦਿੱਤੀ ਸੀ। ਸਿੱਖਾਂ ਨੇ ਗੱਡੀ 'ਚ ਬੈਠਣ ਤੋਂ ਇਨਕਾਰ ਕਰ ਦਿੱਤਾ ਤੇ ਇਕੱਠੇ ਕਲਕੱਤੇ ਵੱਲ ਨੂੰ ਚਲ ਪਏ, ਤਾਂ ਫਿਰ ਉਹਨਾਂ ਨੂੰ ਜਬਰਦਸਤੀ ਪਿੱਛਾਂ ਵੱਲ ਮੋੜਣ ਦੀ ਕੋਸ਼ਿਸ਼ ਕੀਤੀ ਗਈ, ਜਿਸ ਤੇ ਫ਼ਸਾਦ ਹੋਇਆ ਤੇ ਦੋਹੀਂ ਪਾਸੀ ਮੌਤਾਂ ਹੋਈਆਂ; ਕਈ ਸਿੱਖਾਂ ਕੋਲ ਅਮਰੀਕਨ ਰਿਵਾਲਵਰ ਸਨ। ਕੇਵਲ 60 ਮੁਸਾਫਰ ਜਿਨ੍ਹਾਂ 'ਚੋਂ 17 ਮੁਸਲਮਾਨ ਸਨ ਗੱਡੀ ਵਿੱਚ ਸਵਾਰ ਹੋਏ। ਅਠਾਰਾਂ ਸਿੱਖ ਮਾਰੇ ਗਏ। ਕਈ ਫੜ ਲਏ ਗਏ ਤੇ 29 ਭਗੌੜੇ ਹੋ ਗਏ।

"ਜਿਹੜੇ ਗ੍ਰਿਫਤਾਰ ਕੀਤੇ ਗਏ ਸੀ, ਉਹਨਾਂ 'ਚੋਂ ਬਹੁਤਿਆਂ ਨੂੰ ਜਨਵਰੀ 1915 ਵਿੱਚ ਰਿਹਾਅ ਕਰ ਦਿੱਤਾ ਗਿਆ ਸੀ, ਜਦ ਕਿ 31 ਨੂੰ ਕੈਦ ਵਿੱਚ ਰੱਖਿਆ ਗਿਆ ਸੀ।

"ਕਮੇਟੀ ਇਸ ਸਿੱਟੇ ਤੇ ਪਹੁੰਚੀ ਹੈ ਕਿ ਲੱਗਭੱਗ ਸਾਰੇ ਹੀ ਮੁਸਾਫਰ ਆਪਣੀ ਬਦਕਿਸਮਤੀ ਲਈ ਹਿੰਦ ਸਰਕਾਰ ਨੂੰ ਹੀ ਜ਼ਿੰਮੇਵਾਰ ਠਹਿਰਾ ਰਹੇ ਸਨ। ਦਰਅਸਲ ਸਾਧਾਰਨ ਹਿੰਦੋਸਤਾਨੀ ਬਰਤਾਨਵੀ ਸਰਕਾਰ, ਕੈਨੇਡੀਅਨ ਸਰਕਾਰ ਅਤੇ ਹਿੰਦ ਸਰਕਾਰ ਵਿਚਾਲੇ ਕੋਈ ਨਖੇੜਾ ਨਹੀਂ ਕਰਦਾ; ਉਹਦੀਆਂ ਨਜ਼ਰਾਂ ਵਿੱਚ ਇਹ ਸਾਰੇ ਹਾਕਮ ਆਪੋ 'ਚ ਘਿਉ-ਖਿਚੜੀ ਹੀ ਹਨ: ਵੈਸੇ, ਸਰਕਾਰ ਬਾਰੇ ਇਹ ਧਾਰਨਾ ਕੇਵਲ ਕੋਮਾਗਾਟਾ ਮਾਰੂ ਦੇ ਯਾਤਰੀਆਂ ਤੱਕ ਹੀ ਸੀਮਿਤ ਨਹੀਂ ਸੀ: ਇਸ ਘਟਨਾ ਨੇ ਪੰਜਾਬ ਦੇ ਕੁੱਝ ਸਿੱਖਾਂ ਨੂੰ ਮਹਿਸੂਸ ਕਰਾਇਆ ਕਿ ਸਰਕਾਰ ਉਹਨਾਂ ਦੇ ਵਿਰੁੱਧ ਸੀ, ਜਿਸ ਕਰਕੇ ਗ਼ਦਰ ਲਹਿਰ ਨੂੰ ਵੀ ਹੁਲਾਰਾ ਮਿਲਿਆ ਸੀ। ਗ਼ਦਰ ਪਾਰਟੀ ਦੇ ਸੱਦੇ ਤੇ ਦੁਨੀਆਂ ਭਰ ਤੋਂ ਭਾਰਤੀ ਪਰਵਾਸੀਆਂ ਦੀਆਂ ਹੇੜਾਂ ਭਾਰਤ ਪਰਤ ਆਈਆਂ ਸੀ।"

**ਡਾਇਰੈਕਟਰ ਕ੍ਰਿਮੀਨਲ ਇੰਟੈਲੀਜੈਂਸ ਦੀ ਹਫ਼ਤਾਵਰੀ ਖੁਫ਼ੀਆ ਰਿਪੋਰਟ** (13 **ਅਕਤੂਬਰ 1914)।**

(ਨੋਟ: "ਤਾਕੀਦ ਕੀਤੀ ਜਾਂਦੀ ਹੈ ਕਿ ਇਸ ਰਿਪੋਰਟ ਨੂੰ ਸਾੜ ਦਿੱਤਾ ਜਾਏ, ਤੇ ਰਿਕਾਰਡ ਤੇ ਨਾ ਰੱਖਿਆ ਜਾਏ।")

***(ਦੇਸ਼ ਭਗਤ) ਸਿੱਖ ਰਾਜਨੀਤੀ***

400 ਸਿੱਖਾਂ ਦੀ ਮੀਟਿੰਗ 4 ਅਕਤੂਬਰ ਨੂੰ ਲਾਹੌਰ ਵਿੱਚ ਹੋਈ, ਜਿਸ ਅੰਦਰ ਲਾਇਲ ਗਜ਼ੇਟ (Layal Gazzette) ਦੇ ਸੰਪਾਦਕ ਅਮਰ ਸਿੰਘ ਨੇ ਬੱਜ ਬੱਜ ਬਾਰੇ ਸਿਰੇ ਦੀ ਇਤਰਾਜ਼ਯੋਗ ਤਕਰੀਰ ਕੀਤੀ, ਜਿਸ ਵਿੱਚ ਉਸਨੇ ਜਹਾਜ਼ ਦੇ ਹਾਂਗਕਾਂਗ ਤੋਂ ਰਵਾਨਾ ਹੋਣ ਤੋਂ ਲੈ ਕੇ ਕਲਕੱਤੇ ਪਹੁੰਚਣ ਤੱਕ ਦੀਆਂ ਦੁਖਦਾਈ ਘਟਨਾਵਾਂ ਦਾ ਉਲੇਖ ਕੀਤਾ ਤੇ ਦਾਅਵਾ ਕੀਤਾ ਕਿ ਮੁਸਾਫਰ ਘਰੋ-ਘਰੀਂ ਜਾਣ ਤੋਂ ਪਹਿਲਾਂ ਕਲਕੱਤੇ ਤੋਂ ਆਪਣੇ ਬੀਵੀ-ਬੱਚਿਆਂ ਲਈ ਕੁੱਝ ਨਿਕ-ਸੁਕ ਸੁਗਾਤ ਵੱਜੋਂ ਲੈਕੇ ਜਾਣਾ ਚਾਹੁੰਦੇ ਸੀ, ਪਰ ਪੁਲਿਸ ਅਤੇ ਫੌਜ ਨੇ ਉਹਨਾਂ ਨੂੰ ਜ਼ਬਰਦਸਤੀ ਪਿੱਛੇ ਧਕੇਲ ਦਿੱਤਾ; ਜਿਹੜੇ ਸਿੱਖਾਂ ਕੋਲ ਕਿਰਪਾਨਾਂ ਸਨ, ਉਹਨਾਂ ਆਪਣੇ ਬਚਾਅ ਲਈ ਵਰਤੀਆਂ, ਪਰ ਗੋਲੀਆਂ ਦੀ ਬੁਛਾੜ ਨੇ ਦੋਹੀ ਪਾਸੀਂ ਜਾਨੀ ਨੁਕਸਾਨ ਪੁਚਾਇਆ ਸੀ। ਅਮਰ ਸਿੰਘ ਨੇ ਇਹ ਵੀ ਪੂਰੇ ਵਿਸ਼ਵਾਸ ਨਾਲ ਕਿਹਾ ਕਿ ਮੌਕੇ ਤੇ ਸ਼ਹੀਦ ਹੋਏ ਸਿੱਖਾਂ ਦੀ ਗਿਣਤੀ ਸਰਕਾਰ ਵੱਲੋਂ ਦੱਸੀ ਜਾ ਰਹੀ ਗਿਣਤੀ ਨਾਲੋਂ ਕਿਤੇ ਵਧੇਰੇ ਹੈ ਤੇ ਉਹਨੇ ਸਿੰਘ ਸਭਾ ਨੂੰ ਸੁਝਾਅ ਵੀ ਦਿੱਤਾ ਕਿ ਉਹ ਸਾਰੇ ਕਾਂਡ ਦੀ ਪੜਤਾਲ ਕਰੇ ਤੇ ਦੋਸ਼ੀ ਅਧਿਕਾਰੀਆਂ ਲਈ ਸਜ਼ਾ ਲਈ ਜ਼ੋਰ ਦੇਵੇ।

(ਰਾਜ ਭਗਤ) 6 ਅਕਤੂਬਰ ਦੀ ਹਫ਼ਤਾਵਾਰੀ ਖੁਫ਼ੀਆ ਰਿਪੋਰਟ ਅਨੁਸਾਰ:—

'ਕੋਮਾਗਾਟਾ ਮਾਰੂ ਦੀ ਵਾਪਸੀ' ਦੇ ਸਿਰਲੇਖ ਤਹਿਤ ਅੰਮ੍ਰਿਤਸਰ ਵਿੱਚ ਹੋਈ ਮੀਟਿੰਗ ਦੇ ਸੈਕਟਰੀ ਨੇ ਸਰਕਾਰ ਨੂੰ ਤਾਰ ਰਾਹੀਂ ਸੂਚਿਤ ਕੀਤਾ ਹੈ ਕਿ "ਅੰਮ੍ਰਿਤਸਰ ਹਰਮੰਦਰ ਸਾਹਿਬ ਵਿਖੇ ਸਰਦਾਰ ਬਹਾਦਰ ਅਰੂੜ ਸਿੰਘ (ਸਰਬਰਾਹ ਅਕਾਲ ਤੱਖਤ) ਦੀ ਪ੍ਰਧਾਨਗੀ ਹੇਠ ਸਿੱਖਾਂ ਦਾ ਇੱਕ ਭਰਵਾਂ ਇਕੱਠ ਹੋਇਆ ਜਿਸ ਵਿੱਚ ਉਹਨਾਂ ਨੇ ਬਜ ਬਜ ਦੇ ਫਸਾਦੀਆਂ ਨਾਲੋਂ ਆਪਣੇ ਆਪ ਨੂੰ ਨਖੇੜਦਿਆਂ, ਸਰਕਾਰ ਪ੍ਰਤੀ ਆਪਣੀ ਟਕਸਾਲੀ ਵਫ਼ਾਦਾਰੀ ਦਾ ਭਰੋਸਾ ਦ੍ਰਿੜਾਇਆ ਗਿਆ ਹੈ।"

**"ਕੋਮਾਗਾਟਾ ਮਾਰੂ ਦੇ ਫ਼ਸਾਦੀ ਤਾਂ 'ਸਿੱਖ' ਹੀ ਨਹੀਂ ਹਨ"**

ਅਕਾਲ ਤੱਖਤ ਦੇ ਸਰਬਰਾਹ ਸਰਦਾਰ ਬਹਾਦਰ (ਬਦਮਾਸ) ਅਰੂੜ ਸਿੰਘ ਨੇ ਬਜ ਬਜ ਦੇ ਖ਼ੂਨੀ ਕਾਂਡ ਬਾਰੇ ਅਕਾਲ ਤੱਖਤ ਵੱਲੋਂ ਹੁਕਮਨਾਮਾ ਜਾਰੀ ਕਰਦਿਆਂ ਇਹਨਾਂ ਸ਼ਹੀਦਾਂ ਨੂੰ 'ਗ਼ੈਰ ਸਿੱਖ' ਕਰਾਰ ਦੇ ਦਿੱਤਾ ਸੀ।

ਉਕਤ ਹੁਕਮਨਾਮੇ ਦੀ ਪ੍ਰਮਾਣਿਤ ਨਕਲ ਤਾਂ ਲੇਖਕ ਪਾਸ ਨਹੀਂ ਹੈ, ਪਰ ਇਸ ਨੂੰ ਰੱਦ ਕਰਨ ਬਾਰੇ ਸ੍ਰੀ ਅਕਾਲ ਤੱਖਤ ਸਾਹਿਬ ਦੇ 12.10.1920 ਵਾਲੇ ਹੁਕਮਨਾਮੇ ਦਾ ਉਤਾਰਾ ਉਪਲਬਦ ਹੈ, ਜਿਸ ਦੁਆਰਾ ਪਹਿਲੇ ਹੁਕਮਨਾਮੇ ਦੀ ਨਿਖੇਧੀ ਕੀਤੀ ਗਈ ਹੋਈ ਹੈ; ਇਹ ਹੁਕਮਨਾਮਾ ਸ਼੍ਰੀ ਹਰਮੰਦਰ ਸਾਹਿਬ ਦੇ ਪੰਥ ਦੇ ਕਾਬਜ਼ ਹੁੰਦਿਆਂ ਹੀ ਜਾਰੀ ਕੀਤਾ ਗਿਆ ਸੀ:—

"(ਹਵਾਲਾ) ਹੁਕਮਨਾਮੇ ਆਦੇਸ਼ ਸੰਦੇਸ਼:
ਸ਼੍ਰੀ ਅਕਾਲ ਤੱਖਤ ਸਾਹਿਬ
ਰੂਪ ਸਿੰਘ (ਸਿੰਘ ਬਦਰਜ਼, ਜੂਨ 2003, ਪੰਨਾ 64)
ਮਿਤੀ 12.10.1920

"ਅਕਾਲ ਤੱਖਤ ਸਜਿਆ ਖਾਲਸਾ ਜੀ ਦਾ ਇਹ ਦੀਵਾਨ ਪਾਸ ਕਰਦਾ ਹੈ ਕਿ ਜਿਨ੍ਹਾਂ ਨੇ ਬਜ ਬਜ ਘਾਟ ਤੇ ਅੰਗ੍ਰੇਜ਼ਾਂ ਦਾ ਮੁਕਾਬਲਾ ਕੀਤਾ ਸੀ, ਉਹ ਅਨਿੰਨ ਗੁਰੂ ਦੇ ਸਿੱਖ ਸਨ। ਬਲਕਿ ਉਹ ਗੁਰੂ ਦੇ ਸਿੱਖ ਨਹੀਂ ਹਨ, ਜਿਹੜੇ ਆਪਣੇ ਘਰ ਵਿੱਚ ਮਨਮਤ ਕਰਦੇ ਹਨ। ਸ. ਅਰੂੜ ਸਿੰਘ ਜੋ ਗੁਰਮਤ ਪ੍ਰਚਾਰ ਨੂੰ ਬੰਦ ਕਰਕੇ ਘਰ ਵਿੱਚ ਪਾਪ ਲੀਲਾ ਕਰਦਾ ਹੈ, ਗੁਰੂ ਦਾ ਸਿੱਖ ਨਹੀਂ।"



## 6

## ਮੁਸਾਫਰਾਂ ਦੇ ਵੇਰਵੇ

ਭਾਰਤੀ ਦੰਡਾਵਲੀ ਦੀ ਧਾਰਾ 176 ਤਹਿਤ ਮਿ. ਡਬਲਿਉ.ਐਸ. ਹੋਪਕਿਨ, ਆਈ.ਸੀ.ਐਸ., ਤਹਿਕੀਕਾਤੀ ਏ.ਡੀ.ਐਮ. 24 ਪਰਗਨਾ ਵੱਲੋਂ ਕੀਤੀ ਗਈ ਜਾਂਚ (Inquest) ਇਸ ਪ੍ਰਕਾਰ ਹੈ:

**ਫਾਇਰਿੰਗ 'ਚ ਮਰੇ ਵਿਅਕਤੀ**

1. ਰੁਖਨੀ ਕਾਂਤਾ ਮੋਜ਼ਮਦਾਰ, ਦੀਉਪਾਰਾ, ਜ਼ਿਲ੍ਹਾ ਆਪਲੀ, ਬੰਗਾਲ
2. ਸ਼ੀਹਾ ਸਿੰਘ, ਦਦੇਹਰ, ਥਾਣਾ ਸਰਹਾਲੀ, ਅੰਮ੍ਰਿਤਸਰ
3. ਗੁਮਨਾਮ ਸਿੱਖ
4. ਅਰਜਨ ਸਿੰਘ, ਢੱਡੇ, ਜਲੰਧਰ
5. ਗੁਮਨਾਮ ਸਿੱਖ
6. ਗੁਮਨਾਮ ਸਿੱਖ
7. ਇੰਦਰ ਸਿੰਘ, ਸਿਧਵਾਂ, ਥਾਣਾ ਰਾਹੋਂ, ਜਲੰਧਰ
8. ਨਰੈਣ ਸਿੰਘ, ਲੌਂਗੋਦਾਵਾ, ਥਾਣਾ ਜ਼ੀਰਾ, ਫ਼ਿਰੋਜ਼ਪੁਰ
9. ਲੱਛਮਣ ਸਿੰਘ, ਮਾਨੋਚਾਹਲ, ਥਾਣਾ ਤਰਨ ਤਾਰਨ, ਅੰਮ੍ਰਿਤਸਰ
10. ਸ਼ਿਵ ਸਿੰਘ ਨਾਨੂਕੇ, ਥਾਣਾ ਤਰਨ ਤਾਰਨ, ਅੰਮ੍ਰਿਤਸਰ
11. ਭਜਨ ਸਿੰਘ ਰਾਜੇਆਣਾ, ਥਾਣਾ ਧਨੌਲਾ, ਨਾਭਾ ਰਿਆਸਤ
12. ਚੰਨਣ ਸਿੰਘ, ਵਜ਼ੀਦਕੇ, ਬਰਨਾਲਾ
13. ਸ਼ਿਵ ਸਿੰਘ ਮਾਣੂਥੇ ਸਿਧੂ, ਥਾਣਾ ਜਗਰਾਉਂ, ਲੁਧਿਆਣਾ
